@Qpatrika | @qaumipatrika punjabi | instagram.com/qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

**Punjabi National Daily** — **Qaumi Patrika** NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 12 November 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 12 ਨਵੰਬਰ 2025, 28 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– | ਸੰਪਾਦਕ – ਗੁਰਚਰਨ ਸਿੰਘ ਬੱਬਰ – | ਸਾਲ – 44, ਅੰਕ 8, | qpatrika@gmail.com ਫੋਨ : 9971359517 www.qaumipatrika.org


## ਸਾਰੇ ਸਕੂਲਾਂ 'ਚ ਲਾਜ਼ਮੀ ਹੋਵੇਗਾ 'ਵੰਦੇ ਮਾਤਰਮ': ਮੁੱਖ ਮੰਤਰੀ ਯੋਗੀ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਗੋਰਖਪੁਰ 11 ਨਵੰਬਰ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਾਂਗਰਸ ਪਾਰਟੀ 'ਤੇ ਰਾਸ਼ਟਰੀ ਗੀਤ ਵੰਦੇ ਮਾਤਰਮ ਦਾ ਨਿਰਾਦਰ ਕਰਨ ਦਾ ਦੋਸ਼ ਲਾਉਂਦੇ ਹੋਏ ਸੂਬੇ ਦੇ ਸਾਰੇ ਸਕੂਲਾਂ ਵਿਚ ਇਸ ਦਾ ਗਾਉਣਾ ਲਾਜ਼ਮੀ ਕੀਤੇ ਜਾਣ ਦਾ ਐਲਾਨ ਕੀਤਾ। ਉਨ੍ਹਾਂ ਨੇ ਕਾਂਗਰਸ



ਦੇ ਸਾਬਕਾ ਪ੍ਰਧਾਨ ਮੌਲਾਨਾ ਮੁਹੰਮਦ ਅਲੀ ਜੌਹਰ 'ਤੇ ਵੰਦੇ ਮਾਤਰਮ ਦਾ ਵਿਰੋਧ ਕਰਨ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਇਸ ਪਾਰਟੀ ਨੇ ਜੇਕਰ ਵੰਦੇ ਮਾਤਰਮ ਰਾਹੀਂ ਭਾਰਤ ਦੇ ਰਾਸ਼ਟਰਵਾਦ ਦਾ ਸਤਿਕਾਰ ਕੀਤਾ ਹੁੰਦਾ ਤਾਂ ਦੇਸ਼ ਵੰਡਿਆ ਨਾ ਜਾਂਦਾ। ਗੋਰਖਪੁਰ ਵਿੱਚ ਸੋਮਵਾਰ ਨੂੰ 'ਏਕਤਾ ਯਾਤਰਾ' ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ, ਵੰਦੇ ਮਾਤਰਮ ਰਾਸ਼ਟਰੀ ਗੀਤ ਦੇ ਪ੍ਰਤੀ ਸਤਿਕਾਰ ਦੀ ਭਾਵਨਾ ਹੋਣੀ ਚਾਹੀਦੀ ਹੈ। ਉੱਤਰ ਪ੍ਰਦੇਸ਼ ਦੇ ਹਰੇਕ ਸਕੂਲ ਅਤੇ ਵਿਦਿਅਕ ਸੰਸਥਾ ਵਿੱਚ ਅਸੀਂ ਇਸਨੂੰ ਗਾਉਣਾ ਲਾਜ਼ਮੀ ਬਣਾਵਾਂਗੇ। ਉਨ੍ਹਾਂ ਕਿਹਾ ਕਿ ਇਸ ਨਾਲ ਉੱਤਰ ਪ੍ਰਦੇਸ਼ ਦੇ ਹਰ ਨਾਗਰਿਕ ਵਿੱਚ ਭਾਰਤ ਮਾਤਾ ਪ੍ਰਤੀ ਸ਼ਰਧਾ ਅਤੇ ਸਤਿਕਾਰ ਦੀ ਭਾਵਨਾ ਜਾਗ ਪਵੇਗੀ। 3$ ਯੋਗੀ ਆਦਿੱਤਿਆਨਾਥ ਨੇ ਕਿਸੇ ਦਾ ਨਾਮ ਲਏ ਬਿਨਾਂ ਕਿਹਾ, ਕੁਝ ਲੋਕਾਂ ਲਈ ਅੱਜ ਵੀ ਭਾਰਤ ਦੀ ਏਕਤਾ ਅਤੇ ਅਖੰਡਤਾ ਤੋਂ ਵੱਧ ਕੇ ਉਨ੍ਹਾਂ ਦੀ ਰਾਏ ਅਤੇ ਧਰਮ ਹੋ ਜਾਂਦਾ ਹੈ। ਉਨ੍ਹਾਂ ਦੀ ਨਿੱਜੀ ਵਫ਼ਾਦਾਰੀ ਮਹੱਤਵਪੂਰਨ ਹੋ ਜਾਂਦੀ ਹੈ। ਵੰਦੇ ਮਾਤਰਮ ਦੇ ਵਿਰੋਧ ਦਾ ਕੋਈ ਜਾਇਜ਼ ਨਹੀਂ ਹੈ। ਮੁੱਖ ਮੰਤਰੀ ਨੇ ਦੋਸ਼ ਲਗਾਉਂਦੇ ਹੋਏ ਕਿਹਾ, ਵੰਦੇ ਮਾਤਰਮ ਵਿਰੁੱਧ ਜ਼ਹਿਰ ਫੈਲਾਇਆ ਜਾ ਰਿਹਾ ਹੈ। ਜਿਸ ਕਾਂਗਰਸ ਦੇ ਸੈਸ਼ਨ ਵਿਚ 1896-97 ਵਿਚ ਗੁਰੂਦੇਵ ਰਬਿੰਦਰਨਾਥ ਟੈਗੋਰ ਨੇ ਖ਼ੁਦ ਪੂਰਾ ਵੰਦੇ ਮਾਤਰਮ ਗਾਇਆ ਸੀ ਅਤੇ 1896 ਤੋਂ 1922 ਤੱਕ ਕਾਂਗਰਸ ਦੇ ਹਰ ਸੈਸ਼ਨ ਵਿੱਚ ਵੰਦੇ ਮਾਤਰਮ ਗਾਇਆ ਜਾਂਦਾ ਸੀ। 1923 ਵਿੱਚ ਜਦੋਂ ਮੁਹੰਮਦ ਅਲੀ ਜੌਹਰ ਕਾਂਗਰਸ ਦੇ ਪ੍ਰਧਾਨ ਬਣੇ, ਤਾਂ ਉਹ ਵੰਦੇ ਮਾਤਰਮ ਦਾ ਗਾਇਨ ਸ਼ੁਰੂ ਹੁੰਦੇ ਹੀ ਉੱਠ ਕੇ ਚਲੇ ਗਏ। ਉਨ੍ਹਾਂ ਨੇ ਵੰਦੇ ਮਾਤਰਮ ਗਾਉਣ ਤੋਂ ਇਨਕਾਰ ਕਰ ਦਿੱਤਾ। ਵੰਦੇ ਮਾਤਰਮ ਦਾ ਇਸ ਤਰ੍ਹਾਂ ਦਾ ਵਿਰੋਧ ਭਾਰਤ ਦੀ ਵੰਡ ਦਾ ਮੰਦਭਾਗਾ ਕਾਰਨ ਬਣਿਆ ਸੀ। ਆਦਿੱਤਿਆਨਾਥ ਨੇ ਕਿਹਾ ਕਿ ਜੇਕਰ ਕਾਂਗਰਸ ਉਸ ਸਮੇਂ ਮੁਹੰਮਦ ਅਲੀ ਜੌਹਰ ਨੂੰ ਰਾਸ਼ਟਰਪਤੀ ਦੇ ਅਹੁਦੇ ਤੋਂ ਹਟਾ ਦਿੰਦੀ ਅਤੇ ਵੰਦੇ ਮਾਤਰਮ ਰਾਹੀਂ ਭਾਰਤ ਦੇ ਰਾਸ਼ਟਰਵਾਦ ਦਾ ਸਤਿਕਾਰ ਕਰਦੀ, ਤਾਂ ਭਾਰਤ ਵੰਡਿਆ ਨਾ ਜਾਂਦਾ।

# ਮੁੱਖ ਮੰਤਰੀ ਰੇਖਾ ਨੇ ਲਾਲ ਕਿਲ੍ਹਾ ਧਮਾਕੇ ਦੇ ਪੀੜਤਾਂ ਲਈ ਮੁਆਵਜ਼ੇ ਦਾ ਐਲਾਨ ਕੀਤਾ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ, 11 ਨਵੰਬਰ: ਲਾਲ ਕਿਲ੍ਹਾ ਇਲਾਕੇ ਵਿੱਚ ਹੋਏ ਭਿਆਨਕ ਧਮਾਕੇ ਤੋਂ ਪ੍ਰਭਾਵਿਤ ਪਰਿਵਾਰਾਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕਰਦੇ ਹੋਏ, ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਮ੍ਰਿਤਕਾਂ ਦੇ ਪਰਿਵਾਰਾਂ ਅਤੇ ਜ਼ਖਮੀਆਂ ਲਈ ਮੁਆਵਜ਼ੇ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਘਟਨਾ ਬਹੁਤ ਦੁਖਦਾਈ ਅਤੇ ਦਿਲ ਦਹਿਲਾ ਦੇਣ ਵਾਲੀ ਹੈ। ਮੁੱਖ ਮੰਤਰੀ ਦੇ ਅਨੁਸਾਰ, ਕਿਸੇ ਵੀ ਅਜ਼ੀਜ਼ ਦਾ ਅਚਾਨਕ ਨੁਕਸਾਨ ਪਰਿਵਾਰ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ, ਜਿਸਦੀ ਭਰਪਾਈ ਕੋਈ ਨਹੀਂ ਕਰ ਸਕਦਾ। ਦਿੱਲੀ ਸਰਕਾਰ ਇਸ ਮੁਸ਼ਕਲ ਸਮੇਂ ਵਿੱਚ ਹਰ ਪ੍ਰਭਾਵਿਤ ਪਰਿਵਾਰ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਮੁੱਖ ਮੰਤਰੀ ਨੇ ਧਮਾਕੇ ਵਿੱਚ ਮਾਰੇ ਗਏ ਹਰੇਕ ਵਿਅਕਤੀ ਦੇ ਪਰਿਵਾਰ ਨੂੰ 10 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਦਾ ਐਲਾਨ ਕੀਤਾ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਜ਼ਖਮੀਆਂ ਨੂੰ ਤੁਰੰਤ ਢੁਕਵਾਂ ਇਲਾਜ ਅਤੇ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇ, ਤਾਂ ਜੋ ਕੋਈ ਵੀ ਪੀੜਤ ਬਿਨਾਂ ਇਲਾਜ ਦੇ ਦੁਖੀ ਨਾ ਹੋਵੇ। ਮੁੱਖ ਮੰਤਰੀ ਨੇ ਕਿਹਾ ਕਿ ਧਮਾਕੇ ਕਾਰਨ ਅਸਥਾਈ ਤੌਰ 'ਤੇ ਅਪਾਹਜ ਹੋਏ ਪੀੜਤਾਂ ਨੂੰ 5 ਲੱਖ ਰੁਪਏ ਦਾ ਮੁਆਵਜ਼ਾ ਮਿਲੇਗਾ। ਇਸ ਤੋਂ ਇਲਾਵਾ, ਗੰਭੀਰ ਜ਼ਖਮੀਆਂ ਨੂੰ 2 ਲੱਖ ਰੁਪਏ ਅਤੇ ਮਾਮੂਲੀ ਸੱਟਾਂ ਵਾਲੇ ਲੋਕਾਂ ਨੂੰ 20,000 ਰੁਪਏ ਮਿਲਣਗੇ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਲਾਲ ਕਿਲ੍ਹਾ ਖੇਤਰ ਵਿੱਚ ਵਾਪਰੀ ਇਹ ਤ੍ਰਾਸਦੀ ਨਾ ਸਿਰਫ਼ ਪ੍ਰਭਾਵਿਤ ਪਰਿਵਾਰਾਂ ਲਈ ਸਗੋਂ ਪੂਰੀ ਦਿੱਲੀ ਲਈ ਇੱਕ ਡੂੰਘਾ ਸਦਮਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਸਾਰੇ ਦਿੱਲੀ ਵਾਸੀ ਇੱਕਜੁੱਟ ਹਨ। ਸਰਕਾਰ ਇਹ ਯਕੀਨੀ ਬਣਾਏਗੀ ਕਿ ਕੋਈ ਵੀ ਪਰਿਵਾਰ ਇਕੱਲਾ ਮਹਿਸੂਸ ਨਾ ਕਰੇ। ਮੁੱਖ ਮੰਤਰੀ ਦੇ ਅਨੁਸਾਰ, ਸਬੰਧਤ ਵਿਭਾਗਾਂ ਨੂੰ ਰਾਹਤ ਫੰਡਾਂ ਦੀ ਵੰਡ ਨੂੰ ਤਰਜੀਹ ਦੇਣ ਅਤੇ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਕਿਸੇ ਵੀ ਯੋਗ ਵਿਅਕਤੀ ਨੂੰ ਸਹਾਇਤਾ ਪ੍ਰਾਪਤ ਕਰਨ ਵਿੱਚ ਕੋਈ ਦੇਰੀ ਨਾ ਹੋਵੇ।




### ਸ਼ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਬਾਦਲ ਨੇ ਦਿੱਲੀ ਬਲਾਸਟ ਘਟਨਾ 'ਤੇ ਪ੍ਰਗਟਾਇਆ ਦੁੱਖ

ਵੈੱਬ ਡੈਸਕ 10 ਨਵੰਬਰ। ਦਿੱਲੀ ਦੇ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਨੇੜੇ ਹੋਏ ਕਾਰ ਧਮਾਕੇ ਦੀ ਅੱਤਵਾਦੀ ਹਮਲੇ ਪੱਖੋਂ ਜਾਂਚ ਕੀਤੀ ਜਾ ਰਹੀ ਹੈ। ਇਸ ਹਾਈ ਇੰਟੈਂਸਿਟੀ ਬਲਾਸਟ ਵਿੱਚ ਘੱਟੋ-ਘੱਟ 8 ਤੋਂ 9 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਕਈ ਹੋਰ ਜ਼ਖਮੀ ਹੋਏ ਹਨ। ਇਸ ਘਟਨਾ ਤੋਂ ਬਾਅਦ ਸ਼?ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਬਾਦਲ ਨੇ ਇਸ ਘਟਨਾ ਉੱਤੇ ਦੁੱਖ ਪ੍ਰਗਟਾਇਆ ਹੈ। ਉਨ੍ਹਾਂ ਨੇ ਫੇਸਬੁੱਕ ਉੱਤੇ ਪੋਸਟ ਦੌਰਾਨ ਕਿਹਾ ਕਿ ਦਿੱਲੀ ਦੇ ਲਾਲ ਕਿਲ੍ਹੇ ਨੇੜੇ ਹੋਏ ਦੁਖਦਾਈ ਧਮਾਕੇ ਦੀ ਖ਼ਬਰ ਸੁਣਕੇ ਬਹੁਤ ਦੁੱਖ ਹੋਇਆ । ਇਸ ਘਿਨਾਉਣੇ ਕਾਰੇ ਦੇ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ – ਦਹਿਸ਼ਤ ਦੀ ਸਾਜ਼ਿਸ਼ ਰਚਣ ਵਾਲਿਆਂ ਲਈ ਕੋਈ ਰਹਿਮ ਨਹੀਂ ਹੋਣਾ ਚਾਹੀਦਾ।

## ਪੰਜਾਬ ਲੀਚੀ ਦਾ ਨੰਬਰ-1 ਹੱਬ, ਕਿਸਾਨਾਂ ਦੀ ਆਮਦਨ 5 ਗੁਣਾ ਵਧੀ: ਮਾਨ ਸਰਕਾਰ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ 11 ਨਵੰਬਰ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਲੀਚੀ ਉਤਪਾਦਨ ਅਤੇ ਨਿਰਯਾਤ 'ਚ ਇਤਿਹਾਸਕ ਮੀਲ ਪੱਥਰ ਪ੍ਰਾਪਤ ਕੀਤੇ ਹਨ, ਜਿਸ ਨਾਲ ਕਿਸਾਨਾਂ ਦੀ ਆਮਦਨ 'ਚ ਕਾਫ਼ੀ ਵਾਧਾ ਹੋਇਆ ਹੈ। 2023-24 'ਚ ਸੂਬੇ ਨੇ 71,490 ਮੀਟ੍ਰਿਕ ਟਨ ਲੀਚੀ ਦਾ ਉਤਪਾਦਨ ਕੀਤਾ, ਜੋ ਕਿ ਰਾਸ਼ਟਰੀ ਕੁੱਲ ਦਾ 12.39 ਫ਼ੀਸਦੀ ਹੈ। ਇਹ ਅੰਕੜਾ ਮੌਜੂਦਾ ਸਾਲ ਵਿੱਚ ਕਰੀਬ ਇਹੀ ਹੈ। ਪਠਾਨਕੋਟ, ਗੁਰਦਾਸਪੁਰ, ਨਵਾਂਸ਼ਹਿਰ, ਹੁਸ਼ਿਆਰਪੁਰ ਅਤੇ ਰੋਪੜ ਜ਼ਿਲ੍ਹਿਆਂ 'ਚ 3,900 ਹੈਕਟੇਅਰ 'ਚ ਲੀਚੀ ਉਗਾਈ ਜਾ ਰਹੀ ਹੈ, ਜਿਸ 'ਚ ਇਕੱਲੇ ਪਠਾਨਕੋਟ 'ਚ 2,200 ਹੈਕਟੇਅਰ ਸ਼ਾਮਲ ਹੈ। ਮਾਨ ਸਰਕਾਰ ਦੀ ਫ਼ਸਲ ਵਿਭਿੰਨਤਾ ਨੀਤੀ ਨੇ ਕਿਸਾਨਾਂ ਨੂੰ ਕਣਕ-ਝੋਨੇ ਦੇ ਚੱਕਰ ਵਿੱਚੋਂ ਬਾਹਰ ਕੱਢ ਕੇ ਸਾਲ ਭਰ ਦੀ ਸਥਿਰ ਆਮਦਨ ਲਈ ਇੱਕ ਨਵਾਂ ਵਿਕਲਪ ਪ੍ਰਦਾਨ ਕੀਤਾ ਹੈ। 2024 'ਚ ਪੰਜਾਬ ਦੀ ਲੀਚੀ ਪਹਿਲੀ ਵਾਰ ਲੰਡਨ ਪਹੁੰਚੀ। 10 ਕੁਇੰਟਲ ਦੀ ਕੀਮਤ 500 ਫ਼ੀਸਦੀ ਵੱਧ ਸੀ। ਇਸ ਨਾਲ ਕਿਸਾਨਾਂ ਦੀ ਆਮਦਨ 'ਚ ਕਾਫ਼ੀ ਵਾਧਾ ਹੋਇਆ। 2025 'ਚ ਇਹ ਗਤੀ ਹੋਰ ਵਧੀ, ਜਦੋਂ 1.5 ਮੀਟ੍ਰਿਕ ਟਨ ਲੀਚੀ ਕਤਰ ਅਤੇ ਦੁਬਈ ਭੇਜੀ ਗਈ। ਹੁਣ ਤੱਕ 600 ਕੁਇੰਟਲ ਨਿਰਯਾਤ ਆਰਡਰ ਪ੍ਰਾਪਤ ਕੀਤੇ ਗਏ ਹਨ, ਜਿਨ੍ਹਾਂ ਦੀ ਕੀਮਤ 3-5 ਕਰੋੜ (30-50 ਮਿਲੀਅਨ) ਹੋਣ ਦਾ ਅੰਦਾਜ਼ਾ ਹੈ। ਇਹ ਸਫ਼ਲਤਾ ਪੰਜਾਬ ਨੂੰ ਭਾਰਤ ਦੇ ਉੱਭਰ ਰਹੇ ਲੀਚੀ ਨਿਰਯਾਤ ਕੇਂਦਰ ਵਜੋਂ ਸਥਾਪਿਤ ਕਰ ਰਹੀ ਹੈ। ਮਾਨ ਸਰਕਾਰ ਨੇ ਲੀਚੀ ਕਿਸਾਨਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਕਈ ਸਬਸਿਡੀ ਸਕੀਮਾਂ ਸ਼ੁਰੂ ਕੀਤੀਆਂ ਹਨ, ਜਿਵੇਂ ਕਿ ਪੈਕਿੰਗ ਬਾਕਸਾਂ ਅਤੇ ਕਰੇਟਾਂ 'ਤੇ 50 ਫ਼ੀਸਦੀ ਸਬਸਿਡੀ, ਪੋਲੀਹਾਊਸ ਸ਼ੀਟਾਂ ਨੂੰ ਬਦਲਣ ਲਈ ਪ੍ਰਤੀ ਹੈਕਟੇਅਰ 50,000 ਤੱਕ ਦੀ ਸਹਾਇਤਾ ਅਤੇ ਤੁਪਕਾ ਪ੍ਰਣਾਲੀਆਂ ਲਈ 10,000 ਪ੍ਰਤੀ ਏਕੜ। ਕੋਲਡ ਚੇਨ ਬੁਨਿਆਦੀ ਢਾਂਚੇ 'ਤੇ 50 ਕਰੋੜ (500 ਮਿਲੀਅਨ) ਖ਼ਰਚ ਕੀਤੇ ਜਾ ਰਹੇ ਹਨ। ਪਠਾਨਕੋਟ ਅਤੇ ਗੁਰਦਾਸਪੁਰ 'ਚ ਪੈਕਹਾਊਸਾਂ ਨੇ ਕਿਸਾਨਾਂ ਦੇ ਖ਼ਰਚੇ 40-50 ਫ਼ੀਸਦੀ ਘਟਾ ਦਿੱਤੇ ਹਨ। ਨਿਰਯਾਤ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ 5,000 ਕਿਸਾਨਾਂ ਨੂੰ KVKs ਰਾਹੀਂ GlobalGap ਸਿਖਲਾਈ ਦਿੱਤੀ ਗਈ ਹੈ।





ਰਾਸ਼ਟਰੀ ਵੈਕਟਰ ਜਨਿਤ ਰੋਗ ਨਿਯੰਤਰਣ ਪ੍ਰੋਗਰਾਮ ਸਵਾਸਥ ਸੇਵਾਵਾਂ ਨਿਦੇਸ਼ਾਲਾ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

# ਡਾਇਲਸਿਸ ਦੌਰਾਨ ਚਲੀ ਗਈ ਬਿਜਲੀ, ਮਾਂ ਦੇ ਸਾਹਮਣੇ ਬੇਟੇ ਦੀ ਤੜਫ-ਤੜਫ ਨਿਕਲੀ ਜਾਨ

ਕੌਮੀ ਪੱਤ੍ਰਿਕਾ



ਵੈੱਬ ਡੈਸਕ 11 ਨਵੰਬਰ। ਸ਼ੁੱਕਰਵਾਰ ਨੂੰ ਉੱਤਰ ਪ੍ਰਦੇਸ਼ ਦੇ ਬਿਜਨੌਰ ਜ਼ਿਲ੍ਹੇ ਵਿਚ ਜੋ ਵਾਪਰਿਆ ਉਹ ਕਿਸੇ ਵੀ ਮਨੁੱਖ ਨੂੰ ਹਿਲਾ ਦੇਣ ਲਈ ਕਾਫ਼ੀ ਹੈ। ਬਿਜਨੌਰ ਦੇ ਮੈਡੀਕਲ ਹਸਪਤਾਲ ਵਿਚ ਡਾਇਲਸਿਸ ਦੌਰਾਨ ਇਕ ਨੌਜਵਾਨ ਦੀ ਮੌਤ ਹੋ ਗਈ ਪਰ ਇਹ ਮੌਤ ਕਿਸੇ ਬਿਮਾਰੀ ਕਾਰਨ ਨਹੀਂ ਸਗੋਂ ਹਸਪਤਾਲ ਦੀ ਲਾਪਰਵਾਹੀ ਅਤੇ ਕੁਪ੍ਰਬੰਧਨ ਕਾਰਨ ਹੋਈ। 26 ਸਾਲਾ ਸਰਫਰਾਜ਼ ਸ਼ੁੱਕਰਵਾਰ ਸਵੇਰੇ ਲਗਭਗ 10 ਵਜੇ ਬਿਜਨੌਰ ਜ਼ਿਲ੍ਹਾ ਹਸਪਤਾਲ ਦੇ ਡਾਇਲਸਿਸ ਵਿਭਾਗ ਵਿਚ ਆਪਣੇ ਪੈਰਾਂ 'ਤੇ ਖੜ੍ਹਾ ਪਹੁੰਚਿਆ। ਉਸਨੂੰ ਪਹਿਲਾਂ ਹੀ ਗੁਰਦੇ ਦੀ ਬਿਮਾਰੀ ਸੀ ਅਤੇ ਪਿਛਲੇ ਇਕ ਸਾਲ ਵਿਚ ਪੰਜ ਵਾਰ ਡਾਇਲਸਿਸ ਕਰਵਾਇਆ ਜਾ ਚੁੱਕਾ ਹੈ। ਜਿਵੇਂ ਹੀ ਉਸਦਾ ਡਾਇਲਸਿਸ ਸ਼ੁਰੂ ਹੋਇਆ, ਅਚਾਨਕ ਬਿਜਲੀ ਕੱਟ ਲੱਗ ਗਿਆ। ਉਸ ਸਮੇਂ ਸਰਫਰਾਜ਼ ਦਾ ਖੂਨ ਮਸ਼ੀਨ ਵਿਚ ਫਿਲਟਰ ਕੀਤਾ ਗਿਆ ਸੀ ਅਤੇ ਉਸ ਨੂੰ ਵਾਪਸ ਉਸਦੇ ਸਰੀਰ ਵਿਚ ਟ?ਰਾਂਸਫਿਊਜ਼ ਕੀਤਾ ਜਾ ਰਿਹਾ ਸੀ, ਪਰ ਬਿਜਲੀ ਦੀ ਘਾਟ ਕਾਰਨ ਮਸ਼ੀਨ ਬੰਦ ਹੋ ਗਈ। ਸਰਫਰਾਜ਼ ਦੀ ਮਾਂ ਸਲਮਾ ਹਸਪਤਾਲ ਦੇ ਸਟਾਫ਼ ਦੇ ਸਾਹਮਣੇ ਆਪਣੇ ਹੱਥ ਜੋੜਦੀ ਰਹੀ। ਉਸਨੇ ਕਿਹਾ, ਮੇਰਾ ਪੁੱਤਰ ਘਬਰਾ ਰਿਹਾ ਹੈ, ਉਹ ਮਰ ਜਾਵੇਗਾ... ਕਿਰਪਾ ਕਰਕੇ ਜਨਰੇਟਰ ਚਾਲੂ ਕਰੋ! ਪਰ ਹਸਪਤਾਲ ਦੇ ਸਟਾਫ਼ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਜਨਰੇਟਰ ਵਿਚ ਡੀਜ਼ਲ ਨਹੀਂ ਹੈ ਅਤੇ ਉਹ ਕੁਝ ਨਹੀਂ ਕਰ ਸਕਦੇ। ਨਤੀਜਾ ਇਹ ਹੋਇਆ ਕਿ ਸਰਫਰਾਜ਼ ਆਪਣੀ ਮਾਂ ਦੇ ਸਾਹਮਣੇ ਮਰ ਗਿਆ। ਸ਼ੁੱਕਰਵਾਰ ਨੂੰ, ਮੁੱਖ ਵਿਕਾਸ ਅਧਿਕਾਰੀ (ਸੀਡੀਓ) ਪੂਰਨਾ ਬੋਰਾ ਹਸਪਤਾਲ ਦਾ ਨਿਰੀਖਣ ਕਰ ਰਹੀ ਸੀ। ਜਦੋਂ ਸਰਫਰਾਜ਼ ਦੀ ਹਾਲਤ ਵਿਗੜ ਗਈ, ਤਾਂ ਸਲਮਾ ਰੋਂਦੀ ਹੋਈ ਉਸ ਕੋਲ ਭੱਜੀ। ਉਸਨੇ ਡਾਕਟਰਾਂ ਨੂੰ ਤੁਰੰਤ ਉਸ ਨੂੰ ਸੀਪੀਆਰ ਦੇਣ ਲਈ ਕਿਹਾ। ਡਾਕਟਰ ਅਤੇ ਸਟਾਫ ਵੀ ਭੱਜੇ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਸਰਫਰਾਜ਼ ਦੀ ਮੌਤ ਹੋ ਚੁੱਕੀ ਸੀ। ਸੀਡੀਓ ਵੀ ਇਹ ਸਭ ਦੇਖ ਕੇ ਹੈਰਾਨ ਰਹਿ ਗਏ। ਉਸਨੇ ਕਿਹਾ, ਇਹ ਮੌਤ ਬਿਮਾਰੀ ਕਾਰਨ ਨਹੀਂ, ਸਗੋਂ ਹਸਪਤਾਲ ਦੀ ਮਾੜੀ ਹਾਲਤ ਕਾਰਨ ਹੋਈ ਹੈ। ਡਾਇਲਸਿਸ ਵਿਭਾਗ ਵਿਚ ਮੌਜੂਦ ਇਕ ਹੋਰ ਮਰੀਜ਼ ਸ਼ਾਦਾਬ ਨੇ ਦੋਸ਼ ਲਗਾਇਆ, ਇੱਥੇ ਕੋਈ ਨਹੀਂ ਸੁਣਦਾ। ਜਦੋਂ ਵੀ ਬਿਜਲੀ ਕੱਟ ਲੱਗਦੀ ਹੈ, ਤਾਂ ਜਨਰੇਟਰ ਨਹੀਂ ਚੱਲਦਾ। ਸਟਾਫ਼ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਮੈਨੇਜਰ ਡੀਜ਼ਲ ਦਾ ਭੁਗਤਾਨ ਨਹੀਂ ਕਰਦਾ, ਤਾਂ ਜਨਰੇਟਰ ਕਿਵੇਂ ਚੱਲਦਾ ਹੈ? ਇੰਨਾ ਹੀ ਨਹੀਂ, ਸ਼ਾਦਾਬ ਨੇ ਕਿਹਾ ਕਿ ਗਰਮੀਆਂ ਵਿਚ ਨਾ ਤਾਂ ਪੱਖਾ ਕੰਮ ਕਰਦਾ ਹੈ ਅਤੇ ਨਾ ਹੀ ਏਸੀ। ਬੰਦ ਵਾਰਡ ਵਿਚ ਮਰੀਜ਼ ਦਮ ਘੁੱਟਣ ਲੱਗ ਪੈਂਦੇ ਹਨ। ਇਹ ਸਭ ਇੱਕ ਆਮ ਸਮੱਸਿਆ ਬਣ ਗਈ ਹੈ, ਪਰ ਕੋਈ ਹੱਲ ਨਹੀਂ ਲੱਭਿਆ ਜਾ ਰਿਹਾ।

## ਨੌਜਵਾਨ ਕਿਸਾਨ ਨੇ ਕੀਤੀ ਖੁਦਕੁਸ਼ੀ, 3 ਔਰਤਾਂ ਸਮੇਤ 6 ਵਿਰੁੱਧ ਮਾਮਲਾ ਦਰਜ

ਭੀਖੀ 11 ਨਵੰਬਰ। ਨੇੜਲੇ ਪਿੰਡ ਖੀਵਾ ਖੁਰਦ ਦੇ ਇਕ ਨੌਜਵਾਨ ਕਿਸਾਨ ਵਲੋਂ ਜ਼ਹਿਰੀਲੀ ਵਸਤੂ ਨਿਗਲ ਕੇ ਖੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮਾਮਲੇ ਵਿਚ ਥਾਣਾ ਭੀਖੀ ਪੁਲਸ ਨੇ ਤਿੰਨ ਔਰਤਾਂ ਸਮੇਤ 6 ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਭੀਖੀ ਸੁਖਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਕਿਸਾਨ ਜੀਵਨ ਸਿੰਘ ਦੀ ਪਤਨੀ ਅਮਨਦੀਪ ਕੌਰ ਨੇ ਪੁਲਸ ਨੂੰ ਬਿਆਨ ਲਿਖਵਾਏ ਹਨ ਕਿ ਮਲਕੀਤ ਕੌਰ ਵਾਸੀ ਖੀਵਾ ਖੁਰਦ, ਰਣਜੀਤ ਕੌਰ, ਕਿਰਨਦੀਪ ਕੌਰ, ਅਵਤਾਰ ਸਿੰਘ, ਦੇਵਾ ਸਿੰਘ ਵਾਸੀਆਨ ਖੋਖਰ ਅਤੇ ਸੁਰਜੀਤ ਸਿੰਘ ਨੰਬਰਦਾਰ ਵਾਸੀ ਉੱਲਕ ਉਸਦੇ ਪਤੀ ਜੀਵਨ ਸਿੰਘ ਨੂੰ ਜ਼ਮੀਨ ਵੇਚਣ ਲਈ ਮਜਬੂਰ ਕਰਦੇ ਸਨ। ਉਕਤ ਨੇ ਦੱਸਿਆ ਕਿ ਉਸ ਦਾ ਪਤੀ ਜ਼ਮੀਨ ਨਹੀਂ ਵੇਚਣਾ ਚਾਹੁੰਦਾ ਸੀ ਇਸ ਤੋਂ ਤੰਗ ਆ ਕੇ ਉਸ ਵਲੋਂ ਖੁਦਕੁਸ਼ੀ ਕਰ ਲਈ ਗਈ। ਭੀਖੀ ਪੁਲਸ ਨੇ ਕਾਰਵਾਈ ਕਰਦਿਆਂ ਉਕਤ 6 ਵਿਅਕਤੀਆਂ ਖਿਲਾਫ ਬੀ.ਐੱਨ.ਐੱਸ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਸੱਪ ਦੇ ਡੱਸਣ ਨਾਲ ਮਾਸੀ ਦੀ ਮੌਤ, ਭਾਣਜੇ ਦੀ ਹਾਲਤ ਗੰਭੀਰ, ਦੋ ਦਿਨ ਪਹਿਲਾਂ ਵੀ ਘਰ 'ਚੋਂ ਉਠੀ ਸੀ ਅਰਥੀ

ਕੌਮੀ ਪੱਤ੍ਰਿਕਾ

ਮਾਛੀਵਾੜਾ ਸਾਹਿਬ 11 ਨਵੰਬਰ। ਨੇੜਲੇ ਪਿੰਡ ਜੋਧਵਾਲ ਵਿਖੇ ਅੱਜ ਤੜਕੇ ਇਕ ਘਰ ਵਿਚ ਵਾਪਰੇ ਦਰਦਨਾਕ ਹਾਦਸੇ ਵਿਚ ਸੱਪ ਦੇ ਡੰਗਣ ਨਾਲ ਔਰਤ ਅਨੂ ਰਾਣੀ (30) ਦੀ ਮੌਤ ਹੋ ਗਈ ਜਦਕਿ ਉਸਦਾ ਰਿਸ਼ਤੇ ਵਿਚ ਲੱਗਦਾ 5 ਸਾਲਾ ਭਾਣਜਾ ਹਾਰਦਿਕ ਵਾਸੀ ਅੰਬਾਲਾ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਔਰਤ ਅਨੂ ਰਾਣੀ ਮੰਜੇ 'ਤੇ ਸੁੱਤੀ ਪਈ ਸੀ ਜਦਕਿ ਉਸਦਾ ਭਾਣਜਾ ਜੋ ਕਿ ਆਪਣੀ ਮਾਤਾ ਸਮੇਤ ਇੱਥੇ ਰਿਸ਼ਤੇਦਾਰੀ ਵਿਚ ਆਇਆ ਹੋਇਆ ਹੈ, ਉਹ ਥੱਲੇ ਬਿਸਤਰੇ 'ਤੇ ਸੁੱਤਾ ਪਿਆ ਸੀ। ਅਚਨਚੇਤ ਤੜਕੇ ਕਰੀਬ 3 ਵਜੇ ਤੋਂ ਬਾਅਦ ਇਕ ਸੱਪ ਉਨ੍ਹਾਂ ਦੇ ਕਮਰੇ ਵਿਚ ਆ ਵੜਿਆ ਜਿਸ ਨੇ ਸੁੱਤੀ ਪਈ ਅਨੂ ਰਾਣੀ ਅਤੇ ਉਸਦੇ ਭਾਣਜੇ ਨੂੰ ਡੱਸ ਲਿਆ। ਸੱਪ ਦੇ ਡੱਸਣ ਕਾਰਨ ਪਰਿਵਾਰ ਨੂੰ ਭਾਜੜਾਂ ਪੈ ਗਈਆਂ ਅਤੇ ਦੋਵਾਂ ਨੂੰ ਹਸਪਤਾਲ ਲਿਆਂਦਾ ਗਿਆ ਜਿੱਥੇ ਅਨੂ ਰਾਣੀ ਦੀ ਮੌਤ ਹੋ ਗਈ ਜਦਕਿ ਹਾਰਦਿਕ ਇਲਾਜ ਅਧੀਨ ਹੈ ਅਤੇ ਡਾਕਟਰਾਂ ਵਲੋਂ ਉਸ ਨੂੰ ਬਚਾਉਣ ਦੇ ਯਤਨ ਜਾਰੀ ਹਨ। ਅਨੂ ਰਾਣੀ ਜਿਸ ਦੇ ਪਤੀ ਜਨਕ ਰਾਜ ਦੀ ਕੁਝ ਸਾਲ ਪਹਿਲਾਂ ਕੋਰੋਨਾ ਦੌਰਾਨ ਮੌਤ ਹੋ ਗਈ ਅਤੇ ਅੱਜ ਉਹ ਵੀ ਸੱਪ ਦੇ ਡੱਸਣ ਕਾਰਨ ਮੌਤ ਦੇ ਮੂੰਹ ਵਿਚ ਜਾ ਪਈ। ਜੋਧਵਾਲ ਦੇ ਇਸ ਪਰਿਵਾਰ 'ਤੇ ਅਜੇ ਦੋ ਦਿਨਾਂ ਪਹਿਲਾਂ ਹੀ ਕੁਦਰਤ ਦਾ ਕਹਿਰ ਵਾਪਰਿਆ ਸੀ ਜਿਸ ਵਿਚ ਮ੍ਰਿਤਕਾ ਅਨੂ ਰਾਣੀ ਦਾ ਦਿਓਰ ਧੀਰਜ ਰਾਣਾ ਸੜਕ ਹਾਦਸੇ ਵਿਚ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ ਸੀ। ਧੀਰਜ ਰਾਣਾ ਦੀ ਚਿਖਾ ਅਜੇ ਠੰਡੀ ਵੀ ਨਹੀਂ ਹੋਈ ਸੀ ਕਿ ਅੱਜ ਦੋ ਦਿਨਾਂ ਬਾਅਦ ਪਰਿਵਾਰ ਵਿਚ ਅਨੂ ਰਾਣੀ ਦੀ ਮੌਤ ਹੋ ਗਈ। ਪਿੰਡ ਵਿਚ ਇੱਕੋ ਪਰਿਵਾਰ ਵਿਚ ਦੋ ਦਿਨਾਂ 'ਚ 2 ਮੌਤਾਂ ਹੋਣ ਕਾਰਨ ਜਿੱਥੇ ਸਾਰੇ ਪਰਿਵਾਰਕ ਮੈਂਬਰ ਸਦਮੇ ਵਿਚ ਹਨ, ਉੱਥੇ ਪਿੰਡ ਵਿਚ ਵੀ ਸੋਗ ਦੀ ਲਹਿਰ ਹੈ।

## ਰਾਹਗੀਰਾਂ ਨੂੰ ਲੁੱਟਣ ਵਾਲੇ ਗਿਰੋਹ ਦਾ ਪਰਦਾਫਾਸ਼

ਪਾਨੀਪਤ 11 ਨਵੰਬਰ। ਪੁਲਸ ਨੇ ਇਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ ਜੋ ਰਾਹਗੀਰਾਂ 'ਤੇ ਹਮਲਾ ਕਰਕੇ ਉਨ੍ਹਾਂ ਤੋਂ ਮੋਬਾਈਲ ਫੋਨ ਅਤੇ ਨਕਦੀ ਲੁੱਟਦਾ ਸੀ। ਪੁਲਸ ਨੇ ਗਿਰੋਹ ਦੇ 4 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਸ਼ੀਆਂ ਨੂੰ ਕੱਲ੍ਹ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਬੁੱਧਵਾਰ ਨੂੰ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ 'ਤੇ ਲਿਆ। ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਸਤੀਸ਼ ਵਤਸ ਨੇ ਕਿਹਾ ਕਿ ਇਹ ਦੋਸ਼ੀ ਰਾਤ ਨੂੰ ਅਪਰਾਧ ਕਰਨ ਲਈ ਸਰਗਰਮ ਹੋ ਜਾਂਦੇ ਸਨ, ਤਾਂ ਜੋ ਉਹ ਰਾਤ ਦੇ ਹਨੇਰੇ ਵਿਚ ਸਫਲ ਹੋ ਸਕਣ। ਦੋਸ਼ੀ ਰਾਹਗੀਰਾਂ 'ਤੇ ਹਮਲਾ ਕਰਕੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੰਦੇ ਸਨ। ਇਨ੍ਹਾਂ ਵਿਚੋਂ 2 ਦੋਸ਼ੀ ਹਰੀਨਗਰ ਦੇ ਰਹਿਣ ਵਾਲੇ ਹਨ ਅਤੇ 2 ਸੈਣੀ ਕਾਲੋਨੀ ਦੇ ਰਹਿਣ ਵਾਲੇ ਹਨ। ਡੀ. ਐੱਸ. ਪੀ. ਨੇ ਦੱਸਿਆ ਕਿ ਦੋਸ਼ੀਆਂ ਤੋਂ ਲੁੱਟੇ ਗਏ 9 ਮੋਬਾਈਲ ਫੋਨ ਅਤੇ ਇਕ ਬਾਈਕ ਬਰਾਮਦ ਕੀਤੀ ਗਈ ਹੈ। ਸਾਰੇ ਦੋਸ਼ੀਆਂ ਦੀ ਉਮਰ 19 ਤੋਂ 23 ਸਾਲ ਦੇ ਵਿਚਕਾਰ ਹੈ। ਦੋਸ਼ੀਆਂ ਨੂੰ ਮੰਗਲਵਾਰ ਨੂੰ ਪਾਨੀਪਤ ਦੇ ਚੌਟਾਲ ਰੋਡ ਪਾਵਰ ਹਾਊਸ ਤੋਂ ਗ੍ਰਿਫ਼ਤਾਰ ਕੀਤਾ ਗਿਆ।

# ਪੰਜਾਬ ਪੁਲਸ 'ਤੇ ਪ੍ਰਵਾਸੀਆਂ ਨੇ ਕੀਤਾ ਹਮਲਾ, ਬੁਲਾਉਣੀ ਪੈ ਗਈ ਹੋਰ ਪੁਲਸ, ਮਾਮਲਾ ਕਰੇਗਾ ਹੈਰਾਨ

ਅੰਮ੍ਰਿਤਸਰ 11 ਨਵੰਬਰ। ਅੰਮ੍ਰਿਤਸਰ ਤੋਂ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ ਜਿਥੇ ਕਿ ਅੰਮ੍ਰਿਤਸਰ ਥਾਣਾ ਸਦਰ ਅਧੀਨ ਆਉਂਦੇ ਇਲਾਕੇ 'ਚ ਪੰਜਾਬ ਪੁਲਸ ਨਾਲ ਜੱਗੋ ਤੇਰਵੀਂ ਹੋ ਗਈ। ਥਾਣਾ ਸਦਰ ਦੀ ਪੁਲਸ ਇਲਾਕੇ 'ਚ ਪ੍ਰਵਾਸੀ ਲੋਕਾਂ ਦੇ ਦੋ ਧਿਰਾਂ 'ਚ ਚੱਲ ਰਹੇ ਝਗੜੇ ਨੂੰ ਸੁਲਝਾਉਣ ਵਾਸਤੇ ਪੁਲਸ ਗਈ ਤਾਂ ਉੱਥੇ ਪ੍ਰਵਾਸੀ ਲੋਕਾਂ ਵੱਲੋਂ ਪੁਲਸ ਨਾਲ ਹੀ ਹੱਥੋਂਪਾਈ ਕਰਨੀ ਸ਼ੁਰੂ ਕਰ ਦਿੱਤੀ ਗਈ ਅਤੇ ਪ੍ਰਵਾਸੀ



ਔਰਤਾਂ ਵੱਲੋਂ ਪੁਲਸ ਦੀ ਕੁੱਟਮਾਰ ਵੀ ਕੀਤੀ ਗਈ। ਜਿਸ ਤੋਂ ਬਾਅਦ ਪੁਲਸ ਨੇ ਮੌਕੇ 'ਤੇ ਹੀ ਥਾਣਾ ਸਦਰ ਤੋਂ ਹੋਰ ਪੁਲਸ ਮੁਲਾਜ਼ਮਾਂ ਨੂੰ ਬੁਲਾ ਕੇ ਪ੍ਰਵਾਸੀ ਲੋਕਾਂ ਨੂੰ ਹਿਰਾਸਤ 'ਚ ਲਿਆ। ਇਸ ਸਬੰਧੀ ਇਲਾਕੇ ਦੇ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਦੀ ਗਲੀ 'ਚ ਪ੍ਰਵਾਸੀ ਲੋਕਾਂ ਦਾ ਆਪਸ ਵਿੱਚ ਕਿਸੇ ਗੱਲ ਨੂੰ ਲੈ ਕੇ ਝਗੜਾ ਸੀ ਅਤੇ ਦੋ ਧਿਰਾਂ ਬੈਠ ਕੇ ਰਾਜੀਨਾਮਾ ਕਰ ਰਹੀਆਂ ਸਨ । ਜਦੋਂ ਇਸ ਮਾਮਲੇ 'ਚ ਪੁਲਸ ਪਹੁੰਚੀ ਤਾਂ ਇਨ੍ਹਾਂ ਪ੍ਰਵਾਸੀ ਲੋਕਾਂ ਨੇ ਪੁਲਸ ਨਾਲ ਹੀ ਹੱਥੋਂਪਾਈ ਸ਼ੁਰੂ ਕਰ ਦਿੱਤੀ ਤੇ ਪੁਲਸ ਦੀ ਕੁੱਟਮਾਰ ਕੀਤੀ। ਉਨ੍ਹਾਂ ਦੱਸਿਆ ਕਿ ਪ੍ਰਵਾਸੀ ਲੋਕਾਂ ਵੱਲੋਂ ਅਕਸਰ ਹੀ ਝਗੜਾ ਕੀਤਾ ਜਾਂਦਾ ਹੈ ਅਤੇ ਅਸੀਂ ਸਾਰੇ ਇਲਾਕੇ ਵਾਸੀ ਮੰਗ ਕਰਦੇ ਹਾਂ ਕਿ ਇਨ੍ਹਾਂ ਪ੍ਰਵਾਸੀ ਲੋਕਾਂ ਨੂੰ ਇਥੋਂ ਕਿਤੇ ਹੋਰ ਭੇਜਿਆ ਜਾਵੇ। ਦੂਜੇ ਪਾਸੇ ਇਸ ਸਬੰਧ ਵਿੱਚ ਜਦੋਂ ਥਾਣਾ ਸਦਰ ਦੀ ਪੁਲਸ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਪੁਲਸ ਦੇ ਅਧਿਕਾਰੀਆਂ ਨੇ ਮੀਡੀਆ ਨੂੰ ਬਿਆਨ ਦੇਣ ਤੋਂ ਵੀ ਮਨਾ ਕਰ ਦਿੱਤਾ।

## ਕਾਰ ਬਣੀ ਅੱਗ ਦਾ 'ਗੋਲਾ', ਵਿਆਹ ਤੋਂ ਪਰਤ ਰਹੇ ਪਰਿਵਾਰ ਦੇ 5 ਜੀਆਂ ਦੀ ਮੌਤ

ਬੁਲੰਦਸ਼ਹਿਰ 11 ਨਵੰਬਰ। ਉੱਤਰ ਪ੍ਰਦੇਸ਼ ਦੇ ਬਦਾਊਂ 'ਚ ਵਿਆਹ ਸਮਾਗਮ 'ਚ ਸ਼ਾਮਲ ਹੋਣ ਤੋਂ ਬਾਅਦ ਦਿੱਲੀ ਪਰਤ ਰਹੇ ਇਕ ਪਰਿਵਾਰ ਦੇ 5 ਜੀਆਂ ਦੀ ਬੁੱਧਵਾਰ ਸਵੇਰੇ ਸੜਕ ਹਾਦਸੇ 'ਚ ਮੌਤ ਹੋ ਗਈ ਅਤੇ ਇਕ ਵਿਅਕਤੀ ਜ਼ਖਮੀ ਹੋ ਗਿਆ। ਇਹ ਜਾਣਕਾਰੀ ਦਿੰਦੇ ਹੋਏ ਪੁਲਸ ਨੇ ਦੱਸਿਆ ਕਿ ਡਰਾਈਵਰ ਨੂੰ ਨੀਂਦ ਆਉਣ ਕਾਰਨ ਕਾਰ ਬੇਕਾਬੂ ਹੋ ਗਈ ਅਤੇ ਸੜਕ



'ਤੇ ਇਕ ਪੁਲ ਨਾਲ ਟਕਰਾ ਗਈ। ਇਸ ਤੋਂ ਬਾਅਦ ਕਾਰ ਪਲਟ ਗਈ ਅਤੇ ਉਸ 'ਚ ਅੱਗ ਲੱਗ ਗਈ। ਵਧੀਕ ਪੁਲਸ ਸੁਪਰਡੈਂਟ (ਦਿਹਾਤੀ) ਤੇਜਵੀਰ ਸਿੰਘ ਨੇ ਦੱਸਿਆ ਕਿ ਇਹ ਘਟਨਾ ਜ਼ਿਲ੍ਹੇ ਦੇ ਜਹਾਂਗੀਰਾਬਾਦ ਥਾਣਾ ਖੇਤਰ ਦੇ ਜਾਨੀਪੁਰ ਪਿੰਡ ਨੇੜੇ ਸਵੇਰੇ 5.30 ਵਜੇ ਦੇ ਕਰੀਬ ਵਾਪਰੀ। ਉਨ੍ਹਾਂ ਕਿਹਾ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਇਕ ਸਵਿਫਟ ਕਾਰ ਹਾਦਸਾਗ੍ਰਸਤ ਹੋ ਗਈ ਹੈ ਅਤੇ ਉਸ 'ਚ ਅੱਗ ਲੱਗ ਗਈ ਹੈ। ਸਥਾਨਕ ਪੁਲਸ ਅਤੇ ਫਾਇਰ ਬ੍ਰਿਗੇਡ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਬਚਾਅ ਅਤੇ ਰਾਹਤ ਕਾਰਜ ਸ਼ੁਰੂ ਕੀਤਾ। ਸਿੰਘ ਨੇ ਕਿਹਾ,"ਗੁਲਨਾਜ਼ (28) ਨਾਮੀ ਇਕ ਜ਼ਖਮੀ ਔਰਤ ਨੂੰ ਬਾਹਰ ਕੱਢਿਆ ਗਿਆ ਅਤੇ ਇਲਾਜ ਲਈ ਕਮਿਊਨਿਟੀ ਹੈਲਥ ਸੈਂਟਰ (ਸੀਐੱਚਸੀ) ਲਿਜਾਇਆ ਗਿਆ। ਕਾਰ ਸਵਾਰ 5 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਦੇ ਨਾਂ ਜ਼ੁਬੇਰ, ਤੰਜ਼ੀਮ, ਮੋਮਿਨਾ, ਜ਼ੈਨੁਲ ਅਤੇ ਜ਼ੇਬਾ ਹਨ।" ਉਨ੍ਹਾਂ ਕਿਹਾ,"ਸ਼ੁਰੂਆਤੀ ਜਾਂਚ 'ਚ ਪਤਾ ਲੱਗਾ ਹੈ ਕਿ ਸਾਰੇ 6 ਲੋਕ ਬਦਾਊਂ ਜ਼ਿਲ੍ਹੇ 'ਚ ਇਕ ਵਿਆਹ ਸਮਾਰੋਹ 'ਚ ਸ਼ਾਮਲ ਹੋਣ ਗਏ ਸਨ ਅਤੇ ਉੱਥੋਂ ਦਿੱਲੀ ਦੇ ਮਾਲਵੀਯ ਨਗਰ ਪਰਤ ਰਹੇ ਸਨ।

## ਉੱਚੀ ਬੱਸੀ ਨਹਿਰ ਨੇੜੇ ਇਕ ਵਿਅਕਤੀ ਦੀ ਲਾਸ਼ ਬਰਾਮਦ

ਦਸੂਹਾ 11 ਨਵੰਬਰ। ਦਸੂਹਾ ਪੁਲਸ ਵੱਲੋਂ ਮੁਕੇਰੀਆਂ ਹਾਈਡਲ ਨਹਿਰ ਉੱਚੀ ਬੱਸੀ ਪੁੱਲ ਦੇ ਨੇੜੇ ਇਕ ਵਿਅਕਤੀ ਦੀ ਲਾਸ਼ ਬਰਾਮਦ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਏ. ਐੱਸ. ਆਈ. ਸਰਬਜੀਤ ਸਿੰਘ ਨੇ ਦੱਸਿਆ ਕਿ ਸੂਚਨਾ ਮਿਲਣ 'ਤੇ ਉਨ੍ਹਾਂ ਦੀ ਅਗਵਾਈ 'ਚ ਪੁਲਸ ਪਾਰਟੀ ਜਦੋਂ ਉਕਤ ਥਾਂ 'ਤੇ ਪਹੁੰਚੀ ਤਾਂ ਇਕ ਲਾਸ਼ ਨਹਿਰ ਦੇ ਨਾਲ ਲੱਗਦੇ ਦਰੱਖਤਾਂ ਦੇ ਨਜ਼ਦੀਕ ਪਈ ਮਿਲੀ, ਜਿਸ ਦੇ ਕੋਲ ਇਕ ਸਕੂਟਰੀ ਵੀ ਪਈ ਹੋਈ ਸੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਪਛਾਣ ਅੰਮ੍ਰਿਤ ਪਾਲ ਸਿੰਘ ਪੁੱਤਰ ਕੇਵਲ ਸਿੰਘ (52) ਨਿਵਾਸੀ ਪਿੰਡ ਪੰਡੋਰੀ ਨੇੜੇ ਟਾਂਡਾ ਵਜੋਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮ੍ਰਿਤਕ ਦੇ ਚਚੇਰੇ ਭਾਈ ਪਵਨਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਕੁਝ ਸਮੇਂ ਤੋਂ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ, ਦੇ ਬਿਆਨਾਂ ਦੇ ਆਧਾਰ 'ਤੇ ਧਾਰਾ 174 ਦੀ ਕਾਰਵਾਈ ਕਰਨ ਤੋਂ ਬਾਅਦ ਲਾਸ਼ ਦਾ ਪੋਸਟਮਾਰਟਮ ਦਸੂਹਾ ਦੇ ਹਸਪਤਾਲ ਵਿਖੇ ਕਰਾਉਣ ਉਪਰੰਤ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਗਈ।

## ਔਰਤ ਦੀ ਲਾਸ਼ ਮਿਲਣ 'ਤੇ ਪਤੀ, ਸੱਸ ਸਣੇ 3 ਵਿਰੁੱਧ ਪਰਚਾ ਦਰਜ

ਜਲਾਲਾਬਾਦ 11 ਨਵੰਬਰ। ਥਾਣਾ ਵੈਰੋਕੇ ਦੀ ਪੁਲਸ ਵੱਲੋਂ ਪਿੰਡ ਚੱਕ ਪਾਲੀਵਾਲਾ ਉਰਫ ਮੋਹਲਾ ਵਿਖੇ ਖੇਤਾਂ 'ਚੋਂ ਇਕ ਔਰਤ ਦੀ ਲਾਸ਼ ਮਿਲਣ 'ਤੇ ਪਤੀ, ਸੱਸ ਸਣੇ 3 ਲੋਕਾਂ ਵਿਰੁੱਧ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਐੱਸ. ਐੱਚ. ਓ. ਪਰਮਜੀਤ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਦਵਿੰਦਰ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਪਾਲੀਵਾਲਾ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਉਸ ਦੀ (ਮੁੱਦਈ) ਦੀ ਭੈਣ ਕਿਰਨਾ ਰਾਣੀ ਦੀ ਲਾਸ਼ ਪਿੰਡ ਚੱਕ ਪਾਲੀਵਾਲਾ ਉਰਫ ਮੋਹਲਾ ਵਾਲਾ ਦੇ ਖੇਤ 'ਚੋਂ ਮਿਲੀ ਹੈ। ਇਸ 'ਤੇ ਸ਼ਿਕਾਇਤਕਰਤਾ ਦਵਿੰਦਰ ਸਿੰਘ ਵੱਲੋਂ ਦਰਜ ਕਰਵਾਏ ਗਏ ਬਿਆਨਾਂ ਦੇ ਅਧਾਰ 'ਤੇ ਥਾਣਾ ਵੈਰੋਕੇ ਵਿਖੇ ਪਰਚਾ 20 ਜੂਨ ਨੂੰ ਮ੍ਰਿਤਕ ਔਰਤ ਦੇ ਪਤੀ ਵਿਕਰਮ ਸਿੰਘ ਪੁੱਤਰ ਹਰਬੰਸ ਸਿੰਘ, ਸੱਸ ਬੋਬੀ ਪਤਨੀ ਹਰਬੰਸ ਸਿੰਘ ਅਤੇ ਮੰਗਲ ਸਿੰਘ ਉਰਫ ਬਾਬਾ ਵਾਸੀ ਮੁਹੰਮਦ ਪੀਰਾ ਦੇ ਵਿਰੁੱਧ ਦਰਜ ਕੀਤਾ ਗਿਆ ਹੈ।

# ਜਲੰਧਰ ਵਿਚ ਜਬਰ-ਜ਼ਿਨਾਹ ਦੇ ਕੇਸ 'ਚ ਗ੍ਰਿਫ਼ਤਾਰ ਮੁਲਜ਼ਮ ਭੇਜਿਆ ਗਿਆ ਜੇਲ੍ਹ

ਜਲੰਧਰ 11 ਨਵੰਬਰ। ਨਾਬਾਲਗਾ ਨਾਲ ਨਿਕਾਹ ਕਰਕੇ ਉਸ ਨਾਲ ਜਬਰ-ਜ਼ਿਨਾਹ ਕਰਨ ਵਾਲੇ ਮੁਲਜ਼ਮ ਨੌਸ਼ਾਦ ਅਲੀ ਨੂੰ ਪੁਲਸ ਨੇ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਜੇਲ੍ਹ ਭੇਜ ਦਿੱਤਾ ਹੈ। ਇਸ ਤੋਂ ਪਹਿਲਾਂ ਪੁਲਸ ਪੀੜਤ ਦਾ ਮੈਡੀਕਲ ਅਤੇ 164 ਦੇ ਬਿਆਨ ਵੀ ਦਰਜ ਕਰਵਾ ਚੁੱਕੀ ਹੈ। ਥਾਣਾ ਨੰ. 1 ਦੇ ਇੰਚਾਰਜ ਰਾਕੇਸ਼ ਕੁਮਾਰ ਨੇ ਦੱਸਿਆ ਕਿ ਮੁਲਜ਼ਮ ਤੋਂ ਪੁੱਛਗਿੱਛ ਤੋਂ ਬਾਅਦ ਉਸ ਨੂੰ ਵੀਰਵਾਰ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ, ਜਿਸ ਉਪਰੰਤ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ। ਦੱਸ ਦਈਏ ਕਿ ਸ਼ਿਵ ਨਗਰ ਦੇ ਰਹਿਣ ਵਾਲੇ ਨੌਸ਼ਾਦ ਅਲੀ ਨੇ ਗਾਂਧੀ ਵਿਨਿਤਾ ਆਸ਼ਰਮ ਤੋਂ ਲਿਆਂਦੀ 15 ਸਾਲ ਦੀ ਨਾਬਾਲਗਾ ਦੇ ਘਰ ਵਾਲਿਆਂ ਨੂੰ ਡਰਾ ਕੇ ਨਾਬਾਲਗਾ ਨੂੰ ਆਪਣੇ ਘਰ ਰੱਖ ਲਿਆ ਸੀ, ਜਿੱਥੇ ਉਸ ਨੇ ਉਸ ਦੇ ਨਾਲ ਜਬਰ-ਜ਼ਿਨਾਹ ਕੀਤਾ। ਲੜਕੀ ਨੇ ਜਦੋਂ ਆਪਣੇ ਪਰਿਵਾਰ ਵਾਲਿਆਂ ਨੂੰ ਇਸ ਬਾਰੇ ਦੱਸਿਆ ਤਾਂ ਨੌਸ਼ਾਦ ਅਲੀ ਨੇ ਤੁਰੰਤ ਮੌਲਵੀ ਬੁਲਾ ਕੇ ਉਸ ਨਾਲ ਨਿਕਾਹ ਕਰ ਲਿਆ ਅਤੇ ਫਿਰ ਲਗਾਤਾਰ ਉਸ ਨਾਲ ਜਬਰ-ਜ਼ਿਨਾਹ ਕਰਨਾ ਸ਼ੁਰੂ ਕਰ ਦਿੱਤਾ। ਲੜਕੀ ਦੇ ਪਰਿਵਾਰ ਵਾਲਿਆਂ ਨੇ ਥਾਣਾ ਨੰ. 1 ਦੀ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ, ਜਿਸ ਤੋਂ ਬਾਅਦ ਪੁਲਸ ਨੇ ਮੁਲਜ਼ਮ ਨੌਸ਼ਾਦ ਅਲੀ ਖ਼?ਲਾਫ਼ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

# ਪਟਿਆਲਾ ਰੇਲਵੇ ਸਟੇਸ਼ਨ 'ਤੇ ਵੱਡਾ ਹਾਦਸਾ, ਦੇਖਣ ਵਾਲਿਆਂ ਦੀ ਕੰਬ ਗਈ ਰੂਹ

ਪਟਿਆਲਾ/ਸਨੌਰ 11 ਨਵੰਬਰ। ਪਟਿਆਲਾ ਦੇ ਰੇਲਵੇ ਸਟੇਸ਼ਨ 'ਤੇ ਅੱਜ ਇਕ ਲੜਕੀ ਦੇ ਟ?ਰੇਨ ਵਿਚ ਚੜ੍ਹਨ ਸਮੇਂ ਹਾਦਸਾ ਵਾਪਰ ਗਿਆ। ਰੇਲ ਚੜ੍ਹਦੇ ਸਮੇਂ ਕੁੜੀ ਦਾ ਪੈਰ ਸਲਿੱਪ ਹੋ ਗਿਆ ਅਤੇ ਕੁੜੀ ਪਲੇਟਫਾਰਮ ਤੋਂ ਟ?ਰੇਨ ਵਿਚਾਲੇ ਫਸ ਗਈ, ਜਿਸ ਕਾਰਣ ਕੁੜੀ ਦੀ ਇਕ ਲੱਤ ਕੱਟੀ ਗਟੀ। ਜਾਣਕਾਰੀ ਅਨੁਸਾਰ ਇਹ ਹਾਦਸਾ ਉਦੋਂ ਵਾਪਰਿਆਂ ਜਦੋਂ ਐੱਮਪੀ ਤੋਂ ਅੰਮ੍ਰਿਤਸਰ ਜਾ ਰਹੀ ਰੇਲ ਗੱਡੀ ਪਟਿਆਲਾ ਰੇਲਵੇ ਸਟੇਸ਼ਨ 'ਤੇ ਕੁਝ ਸਮੇਂ ਲਈ ਰੁਕੀ ਸੀ। ਇਸ ਦੌਰਾਨ ਗੱਡੀ 'ਚ ਸਵਾਰ ਇਕ ਪਰਿਵਾਰ ਦੀ 28 ਸਾਲ ਦੀ ਕੁੜੀ ਸਮਾਨ ਲੈਣ ਲਈ ਰੇਲਵੇ ਸਟੇਸ਼ਨ 'ਤੇ ਉਤਰ ਗਈ ਅਤੇ ਜਦੋਂ ਗੱਡੀ ਚੱਲਣ ਲੱਗੀ ਤਾਂ ਉਕਤ ਕੁੜੀ ਭੱਜ ਕੇ ਰੇਲ ਗੱਡੀ 'ਚ ਚੜ੍ਹਨ ਲੱਗੀ ਪਰ ਉਸਦਾ ਪੈਰ ਫਿਸਲ ਜਾਣ ਕਾਰਨ ਉਹ ਹੇਠਾਂ ਡਿੱਗ ਪਈ, ਜਿਸ ਦੌਰਾਨ ਉਸਦੀ ਲੱਟ ਰੇਲਵੇ ਪਟੜੀ 'ਤੇ ਆ ਜਾਣ ਕਾਰਨ ਲੱਤ ਕੱਟੀ ਗਈ ਅਤੇ ਇਕ ਪੈਰ ਦੀਆਂ ਉਂਗਲਾ ਅਤੇ ਹੱਥ ਦੀਆਂ ਉਂਗਲਾ ਵੀ ਕੱਟੀਆਂ ਗਈਆਂ । ਹਾਦਸਾ ਵਾਪਰਦਾ ਦੇਖ ਸਵਾਰੀਆਂ ਨੇ ਟ?ਰੇਨ ਦੀ ਚੈਨ ਖਿੱਚੀ, ਜਿਸ ਕਾਰਨ ਟ?ਰੇਨ ਰੁਕਣ 'ਤੇ ਉਕਤ ਲੜਕੀ ਨੂੰ ਬਾਹਰ ਕੱਢ ਕੇ ਸਰਕਾਰੀ ਰਾਜਿੰਦਰਾ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਇਹ ਪਰਿਵਾਰ ਐੱਮਪੀ ਦੇ ਦਤੀਆਂ ਸ਼ਹਿਰ ਤੋਂ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਮੱਥਾ ਟੇਕਣ ਜਾ ਰਿਹਾ ਸੀ।

# ਪੰਜਾਬ ਲਈ ਡਰਾਉਣੀ ਖ਼ਬਰ, ਇਸ ਰਿਪੋਰਟ ਨੂੰ ਪੜ੍ਹਨ ਤੋਂ ਬਾਅਦ ਉਡਣਗੇ ਹੋਸ਼

ਚੰਡੀਗੜ੍ਹ 11 ਨਵੰਬਰ। ਸਾਰੇ ਦੇਸ਼ ਦਾ ਢਿੱਡ ਭਰਨ ਵਾਲੇ ਪੰਜਾਬ ਦੀ ਹਾਲਾਤ ਬੇਹੱਦ ਤਣਾਅਪੂਰਨ ਹਨ। ਆਲਮ ਇਹ ਹੈ ਕਿ ਸੂਬੇ ਦੀ ਉਪਜਾਊ ਧਰਤੀ ਵਿਚ ਪੌਸ਼ਟਿਕ ਤੱਤਾਂ ਦੀ ਘਾਟ ਪਾਈ ਗਈ ਹੈ। ਇਹ ਖ਼ੁਲਾਸਾ ਖੇਤੀਬਾੜੀ ਵਿਭਾਗ ਦੀ ਸਲਾਈਵ ਹੈਲਥ ਕਾਰਡ ਦੀ 2024-25 ਦੀ ਰਿਪੋਰਟ ਵਿਚ ਹੋਇਆ ਹੈ। ਵਿਭਾਗ ਨੇ ਸਾਰੇ ਜ਼ਿਲ੍ਹਿਆ ਦੀ ਖੇਤੀਬਾੜੀ ਵਾਲੀ ਜ਼ਮੀਨ ਦੀ ਮਿੱਟੀ ਦੇ 2.75 ਲੱਖ ਨਮੂਨਿਆਂ ਦੀ ਜਾਂਚ ਕੀਤੀ । ਇਨ੍ਹਾਂ ਵਿਚ 82.8% ਜ਼ਮੀਨ ਵਿਚ ਜੈਵਿਕ ਕਾਰਬਨ ਦੀ ਮਾਤਰਾ ਘੱਟ ਪਾਈ ਗਈ ਹੈ ਜਦਕਿ 36% ਵਿਚ ਕਮੀ ਬਹੁਤ ਜ਼ਿਆਦਾ ਪਾਈ ਗਈ ਹੈ । 46.7% ਨਮੂਨਿਆਂ ਵਿਚ ਇਹ ਮੱਧ ਵਰਗੀ ਹੈ । ਜੈਵਿਕ ਕਾਰਬਨ ਨਾਲ ਜ਼ਮੀਨ ਦੇ ਸਾਰੇ ਪੌਸ਼ਟਿਕ ਤੱਤ ਜੁੜੇ ਹਨ। ਖੇਤੀਬਾੜੀ ਵਿਗਿਆਨੀ ਅਤੇ ਮਾਹਰਾਂ ਅਨੁਸਾਰ ਜੈਵਿਕ ਕਾਰਬਨ ਦੀ ਘਾਟ ਆਉਣ ਨਾਲ ਜ਼ਮੀਨ ਦੇ ਬੰਜਰ ਹੋਣ ਦੇ ਆਸਾਰ ਵੱਧ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਖਤਰਾ ਇਸ ਲਈ ਵਧਿਆ ਹੈ ਕਿਉਂਕਿ ਪੰਜਾਬ ਦੇ ਕਿਸਾਨ ਇਕ ਤਾਂ ਖ਼ੇਤਾਂ ਵਿਚ ਹੀ ਪਰਾਲੀ ਨੂੰ ਅੱਗ ਲਗਾ ਰਹੇ ਹਨ ਅਤੇ ਦੂਜਾ ਫ਼ਸਲ ਚੱਕਰ ਵਿਚ ਬਦਲਾਅ ਨਹੀਂ ਕਰ ਰਹੇ ਹਨ। ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਘੱਟ ਰਹੀ ਹੈ । ਪੰਜਾਬ ਵਿਚ ਨਵੀਂ ਖੇਤੀਬਾੜੀ ਨੀਤੀ ਵਿਚ ਝੋਨੇ, ਕਣਕ ਦੀ ਫ਼ਸਲ ਦਾ 15 ਲੱਖ ਹੈਕਟੇਅਰ ਰਕਬਾ ਘੱਟ ਕਰਕੇ ਰੂੰ, ਮੱਕੀ ਅਤੇ ਮੂੰਗੀ ਦਾ ਰਕਬਾ ਵਧਾਉਣ ਦੀ ਯੋਜਨਾ ਹੈ ਪਰ 3 ਸਾਲਾਂ ਵਿਚ ਖੇਤੀਬਾੜੀ ਨੀਤੀ ਲਾਗੂ ਹੀ ਨਹੀਂ ਹੋ ਸਕੀ ਹੈ ।

# ਪੰਜਾਬ 'ਚ ਵੱਡੀ ਵਾਰਦਾਤ ! ਪੁਲਸ ਚੌਂਕੀ ਨੇੜੇ ਕਬੱਡੀ ਪ੍ਰਮੋਟਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ

ਕੌਮੀ ਪੱਤ੍ਰਿਕਾ

ਕਿਸ਼ਨਗੜ੍ਹ 11 ਨਵੰਬਰ। ਕਿਸ਼ਨਗੜ੍ਹ ਪੁਲਸ ਚੌਂਕੀ ਤੋਂ ਘਰ ਜਾ ਰਹੇ ਕਬੱਡੀ ਪ੍ਰਮੋਟਰ ਜਸਪ੍ਰੀਤ ਜੱਸਾ 'ਤੇ ਚੌਂਕੀ ਨੇੜੇ ਹੀ 5-7 ਨੌਜਵਾਨਾਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਗਿਆ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ। ਜਸਪ੍ਰੀਤ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਸੰਘਵਾਲ ਨੇ ਦੱਸਿਆ ਕਿ 17 ਜੂਨ ਨੂੰ ਉਹ ਥਾਣਾ ਕਰਤਾਰਪੁਰ ਵਿਖੇ ਆਪਣੇ ਪਿੰਡ ਦੇ ਕਿਸੇ ਮਸਲੇ ਸਬੰਧੀ ਆਇਆ ਸੀ, ਜਦ ਉਹ ਬਾਹਰ ਆਇਆ ਤਾਂ ਜ਼ੋਰਾਵਰ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਸੰਘਵਾਲ ਨੇ ਉਸ ਨੂੰ ਆਪਣੀ ਜਾਨ ਮਾਲ ਦਾ ਧਿਆਨ ਰੱਖਣ ਦੀ ਧਮਕੀ ਦਿੱਤੀ। ਮੌਕੇ 'ਤੇ ਮੋਹਤਬਾਰਾਂ ਵੱਲੋਂ ਮਾਮਲੇ ਨੂੰ ਸੁਲਝਾਉਣ 'ਤੇ ਉਸ ਨੇ ਇਸ ਸਬੰਧੀ ਪੁਲਸ ਨੂੰ ਦਰਖਾਸਤ ਦੇਣਾ ਮੁਨਾਸਿਫ ਨਹੀਂ ਸਮਝਿਆ। ਜਸਪ੍ਰੀਤ ਸਿੰਘ ਨੇ ਕਿਹਾ ਕਿ 19 ਜੂਨ ਨੂੰ ਰਾਤ ਕਰੀਬ 10 ਕੁ ਵਜੇ ਉਹ ਸੰਘਵਾਲ ਦੇ ਸਾਬਕਾ ਸਰਪੰਚ ਮਾਸਟਰ ਭਾਗ ਰਾਮ ਨਾਲ ਆਪਣੀ ਗੱਡੀ ਸਕਾਰਪਿਓ 'ਚ ਸਵਾਰ ਹੋ ਕੇ ਪੁਲਸ ਚੌਂਕੀ ਕਿਸ਼ਨਗੜ੍ਹ ਤੋਂ ਪਿੰਡ ਸੰਘਵਾਲ ਵੱਲ ਨੂੰ ਜਾ ਰਿਹਾ ਤਾਂ ਉਸ ਦੇ ਅੱਗਿਓ ਇਕ ਫਾਰਚੂਰਨ ਆਈ, ਜੋ ਸਿੱਧੀ ਉਸ ਦੀ ਗੱਡੀ 'ਚ ਆ ਵੱਜੀ। ਇਸ ਦੌਰਾਨ ਫਾਰਚੂਰਨ 'ਚੋਂ ਉੱਤਰੇ 5-7 ਨੌਜਵਾਨਾਂ 'ਚੋਂ ਗੁਰਪ੍ਰੀਤ ਸਿੰਘ ਉਰਫ਼ ਗੋਪੀ ਪੁੱਤਰ ਰਾਮ ਪਿਆਰਾ ਵਾਸੀ ਸਿਵਦਾਸਪੁਰ ਥਾਣਾ ਕਰਤਾਰਪੁਰ, ਜੋਬਨ ਵਾਸੀ ਨਿਜਾਮਦੀਨਪੁਰ, ਪ੍ਰਭ ਵਾਸੀ ਕਾਲਾ ਬੱਕਰਾ, ਹਰਸ਼ ਵਾਸੀ ਗੜੀਬਖਸਾ ਆਦਿ ਦੇ ਹੱਥਾਂ 'ਚ ਤੇਜ਼ਧਾਰ ਹਥਿਆਰ, ਬੇਸਵਾਲ ਅਤੇ ਲੋਹੇ ਦੀਆਂ ਰਾਡਾਂ ਫੜ੍ਹੀਆਂ ਹੋਈਆਂ ਸਨ, ਜਿਨ੍ਹਾਂ ਨੇ ਉਸ ਦੀ ਗੱਡੀ ਦੀ ਭੰਨਤੋੜ ਕਰਨੀ ਸ਼ੁਰੂ ਕਰ ਦਿੱਤੀ ਅਤੇ ਲੋਹੇ ਦੀ ਰਾਡ ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਪ੍ਰਭ ਅਤੇ ਹਰਸ਼ ਨੇ ਉਸ ਦੀ ਗੱਡੀ 'ਚ ਪਏ ਲਿਫ਼ਾਫ਼ੇ 'ਚੋਂ ਕਰੀਬ 5 ਲੱਖ 25 ਹਜ਼ਾਰ ਰੁਪਏ ਕੱਢ ਲਏ। ਉਸ ਵੱਲੋਂ ਰੌਲਾ ਪਾਉਣ 'ਤੇ ਪੁਲਸ ਮੌਕੇ 'ਤੇ ਆ ਗਈ, ਜਿਸ ਤੋਂ ਬਾਅਦ ਹਮਲਾਵਰ ਮੌਕੇ ਤੋਂ ਫਰਾਰ ਹੋ ਗਏ। ਜਸਪ੍ਰੀਤ ਨੇ ਕਿਹਾ ਕਿ ਫਰਾਰ ਹੁੰਦੇ ਹੋਏ ਗੁਰਪ੍ਰੀਤ ਸਿੰਘ ਉਰਫ਼ ਗੋਪੀ ਨੇ ਪਿਸਤੌਲ ਨਾਲ ਫਾਇਰ ਕੀਤਾ, ਉਸ ਨੇ ਮਸਾਂ ਹੀ ਆਪਣਾ ਬਚਾਅ ਕੀਤਾ। ਜ਼ਖ਼ਮੀ ਹਾਲਤ ਵਿਚ ਉਸ ਨੂੰ ਜਲੰਧਰ ਦੇ ਕਿਸੇ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ। ਪੁਲਸ ਨੇ ਮੁਲਜ਼ਮਾਂ ਵਿਰੁੱਧ ਵੱਖ-ਵੱਖ ਧਰਾਵਾਂ ਤਹਿਤ ਥਾਣਾ ਕਰਤਾਰਪੁਰ 'ਚ ਮਾਮਲਾ ਦਰਜ ਕਰ ਲਿਆ ਹੈ।

## ਬਜ਼ੁਰਗ ਔਰਤ ਸਮੇਤ ਪੁੱਤਰ ਨਾਲ ਕੀਤੀ ਕੁੱਟਮਾਰ

ਫਿਰੋਜ਼ਪੁਰ 23 ਜੂਨ। ਫਿਰੋਜ਼ਪੁਰ ਦੇ ਪਿੰਡ ਮਾਛੀਏ ਕੇ ਵਿੱਚ ਜ਼ਮੀਨੀ ਝਗੜੇ ਨੂੰ ਲੈ ਕੇ ਇਕ ਬਜ਼ੁਰਗ ਔਰਤ ਅਤੇ ਉਸ ਦੇ ਪੁੱਤਰ 'ਤੇ ਹਮਲਾ ਕਰਕੇ ਜ਼ਖ਼ਮੀ ਕਰਨ ਦੇ ਦੋਸ਼ 'ਚ ਥਾਣਾ ਮੱਲਾਂਵਾਲਾ ਦੀ ਪੁਲਸ ਨੇ 7 ਲੋਕਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਇਹ ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਸੁਖਪਾਲ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਮੁਦਈਆ ਕਸ਼ਮੀਰ ਕੌਰ ਵਿਧਵਾ ਦੁੱਲਾ ਸਿੰਘ ਨੇ ਪੁਲਸ ਨੂੰ ਦਿੱਤੀ ਲਿਖਤੀ ਸ਼ਿਕਾਇਤ ਅਤੇ ਬਿਆਨਾਂ ਵਿੱਚ ਦੱਸਿਆ ਹੈ ਕਿ ਉਸ ਦਾ ਜ਼ਮੀਨ ਦੀ ਵੰਡ ਨੂੰ ਲੈ ਕੇ ਬਲਕਾਰ ਸਿੰਘ ਆਦਿ ਨਾਲ ਝਗੜਾ ਸ਼ਿਕਾਇਤਕਰਤਾ ਦੀ ਜ਼ਮੀਨ ਵਿੱਚ ਦਾਖ਼ਲ ਹੋ ਕੇ ਜ਼ਮੀਨ ਵਾਹੁਣ ਲੱਗੇ ਤਾਂ ਉਹ ਅਤੇ ਉਸ ਦਾ ਪੁੱਤਰ ਜ਼ਮੀਨ 'ਤੇ ਖੜ੍ਹੇ ਹੋਏ ਸਨ ਤਾਂ ਨਾਮਜ਼ਦ ਦੋਸ਼ੀਆਂ ਨੇ ਸ਼ਿਕਾਇਤ ਕਰਤਾ ਅਤੇ ਉਸ ਦੇ ਪੁੱਤਰ ਨੂੰ ਕਥਿਤ ਤੌਰ 'ਤੇ ਕੁੱਟਮਾਰ ਕਰਕੇ ਜ਼ਖ਼ਮੀ ਕਰ ਦਿੱਤਾ।

# ਡੂੰਘੇ ਸਮੁੰਦਰ 'ਚ ਮੱਛੀਆਂ ਫੜਨ ਲਈ ਨਵੇਂ ਨਿਯਮ ਜਾਰੀ, ਪਹੁੰਚ ਪਾਸ ਹੋਣਗੇ ਲਾਜ਼ਮੀ

ਕੌਮੀ ਪੱਤ੍ਰਿਕਾ

ਨੈਸ਼ਨਲ ਡੈਸਕ 11 ਨਵੰਬਰ। ਭਾਰਤ ਦੇ ਵਿਸ਼ਾਲ ਸਮੁੰਦਰੀ ਸਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਲਈ ਕੇਂਦਰ ਸਰਕਾਰ ਨੇ ਦੇਸ਼ ਦੇ ਵਿਸ਼ੇਸ਼ ਆਰਥਿਕ ਖੇਤਰ ਵਿੱਚ ਡੂੰਘੇ ਸਮੁੰਦਰ ਵਿੱਚ ਮੱਛੀਆਂ ਫੜਨ ਲਈ ਨਵੇਂ ਨਿਯਮਾਂ ਨੂੰ ਸੂਚਿਤ ਕੀਤਾ ਹੈ। ਇਨ੍ਹਾਂ ਨਿਯਮਾਂ ਦਾ ਮੁੱਖ ਉਦੇਸ਼ ਮਛੇਰਿਆਂ, ਸਹਿਕਾਰੀ ਸਭਾਵਾਂ ਅਤੇ ਛੋਟੇ ਮਛੇਰਿਆਂ ਨੂੰ ਸਸ਼ਕਤ ਬਣਾਉਣਾ ਅਤੇ ਵਿਦੇਸ਼ੀ ਜਹਾਜ਼ਾਂ ਨੂੰ ਭਾਰਤੀ ਪਾਣੀਆਂ ਵਿੱਚ ਮੱਛੀਆਂ ਫੜਨ ਤੋਂ ਰੋਕਣਾ ਹੈ। ਇਨ੍ਹਾਂ ਨਿਯਮਾਂ ਨੂੰ 4 ਨਵੰਬਰ ਨੂੰ ਸੂਚਿਤ ਕੀਤਾ ਗਿਆ ਸੀ। ਇਹ ਨਿਯਮ ਬਜਟ 2025-26 ਵਿੱਚ ਕੀਤੇ ਗਏ ਐਲਾਨਾਂ ਦੇ ਅਨੁਸਾਰ ਹਨ ਅਤੇ ਭਾਰਤ ਦੇ ਸਮੁੰਦਰੀ ਮੱਛੀ ਪਾਲਣ ਖੇਤਰ ਵਿੱਚ ਨਵੇਂ ਮੌਕੇ ਖੋਲ੍ਹਣ ਦੀ ਉਮੀਦ ਹੈ। ਨਵੇਂ ਨਿਯਮ ਤਕਨੀਕੀ ਤੌਰ 'ਤੇ ਉੱਨਤ ਜਹਾਜ਼ਾਂ ਦੀ ਵਰਤੋਂ ਕਰਕੇ ਡੂੰਘੇ ਸਮੁੰਦਰ ਵਿੱਚ ਮੱਛੀਆਂ ਫੜਨ ਲਈ ਮਛੇਰੇ ਸਹਿਕਾਰੀ ਸਭਾਵਾਂ ਅਤੇ ਮੱਛੀ ਕਿਸਾਨ ਉਤਪਾਦਕ ਸੰਗਠਨਾਂ ਨੂੰ ਤਰਜੀਹ ਦਿੰਦੇ ਹਨ। ਅਰਜ਼ੀ ਪ੍ਰਕਿਰਿਆ ਸਰਲ ਅਤੇ ਸਮਾਂਬੱਧ ਹੈ, ਜਿਸ ਨਾਲ ਕਿਸ਼ਤੀ ਮਾਲਕ ਆਸਾਨੀ ਨਾਲ ਅਰਜ਼ੀ ਦੇ ਸਕਦੇ ਹਨ ਅਤੇ ਆਪਣੀ ਸਥਿਤੀ ਨੂੰ ਔਨਲਾਈਨ ਟਰੈਕ ਕਰ ਸਕਦੇ ਹਨ। ਦੇਸ਼ ਵਿੱਚ ਲਗਭਗ 2.38 ਲੱਖ ਮੱਛੀਆਂ ਫੜਨ ਵਾਲੀਆਂ ਕਿਸ਼ਤੀਆਂ ਪੋਰਟਲ 'ਤੇ ਰਜਿਸਟਰਡ ਹਨ। ਇਹ ਪੋਰਟਲ ਸਮੁੰਦਰੀ ਉਤਪਾਦ ਨਿਰਯਾਤ ਅਥਾਰਟੀ ਅਤੇ ਨਿਰਯਾਤ ਨਿਰੀਖਣ ਪ੍ਰੀਸ਼ਦ ਨਾਲ ਜੁੜਿਆ ਹੋਇਆ ਹੈ, ਮੱਛੀ ਫੜਨ ਅਤੇ ਸਿਹਤ ਸਰਟੀਫਿਕੇਟਾਂ ਦੀ ਉਪਲਬਧਤਾ ਨੂੰ ਸੁਵਿਧਾਜਨਕ ਬਣਾਏਗਾ। ਸਰਕਾਰ ਮਛੇਰਿਆਂ ਨੂੰ ਸਿਖਲਾਈ, ਅੰਤਰਰਾਸ਼ਟਰੀ ਅਨੁਭਵ, ਮੁੱਲ ਵਾਧਾ, ਮਾਰਕੀਟਿੰਗ ਅਤੇ ਨਿਰਯਾਤ ਵਿੱਚ ਸਹਾਇਤਾ ਪ੍ਰਦਾਨ ਕਰੇਗੀ। ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਡੂੰਘੇ ਸਮੁੰਦਰ ਵਿੱਚ ਮੱਛੀਆਂ ਫੜਨ ਵਾਲੇ ਜਹਾਜ਼ਾਂ ਲਈ ਟ?ਰਾਂਸਪੌਂਡਰ ਤੇ QR-ਕੋਡ ਵਾਲੇ ਆਧਾਰ/ਮਛੇਰੇ ਪਛਾਣ ਪੱਤਰ ਲਾਜ਼ਮੀ ਹੋਣਗੇ।

## ਪਤਨੀ ਦਾ ਵਿਆਹ ਕਰਵਾ ਕੇ ਪ੍ਰੇਮੀ ਨਾਲ ਤੋਰਿਆ

ਜੌਨਪੁਰ 11 ਨਵੰਬਰ। ਉੱਤਰ ਪ੍ਰਦੇਸ਼ ਦੇ ਜੌਨਪੁਰ ਜ਼ਿਲ੍ਹੇ ਦੇ ਸ਼ਾਹਗੰਜ ਕੋਤਵਾਲੀ ਖੇਤਰ 'ਚ ਇਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਪਤੀ ਨੇ ਆਪਣੀ ਪਤਨੀ ਦਾ ਵਿਆਹ ਉਸ ਦੇ ਪ੍ਰੇਮੀ ਨਾਲ ਕਰਵਾਈ ਅਤੇ ਖੁਦ ਉਸ ਦੀ ਵਿਦਾਈ ਕੀਤੀ। ਸੂਤਰਾਂ ਮੁਤਾਬਕ, ਤਾਖਾ ਪੱਛਮੀ ਸ਼ਿਵਪੁਰ ਪਿੰਡ ਦੇ ਵਸਨੀਕ ਗਿਆਨਚੰਦ ਗੌਤਮ ਦਾ ਵਿਆਹ ਜੂਨ 2021 'ਚ ਰਵੀਨਾ ਨਾਲ ਹੋਇਆ ਸੀ। ਦੋ ਸਾਲ ਬਾਅਦ ਰਵੀਨਾ ਦੇ ਆਪਣੇ ਪਿੰਡ ਦੇ ਹੀ ਪ੍ਰਦੀਪ ਕੁਮਾਰ ਨਾਲ ਪ੍ਰੇਮ ਸਬੰਧ ਬਣ ਗਏ। ਪਰਿਵਾਰ ਵੱਲੋਂ ਸਮਝਾਉਣ ਦੇ ਬਾਵਜੂਦ ਉਹ ਆਪਣੇ ਪ੍ਰੇਮੀ ਨੂੰ ਮਿਲਦੀ ਰਹੀ। ਸਥਿਤੀ ਵਿਗੜਣ 'ਤੇ, ਗਿਆਨਚੰਦ ਨੇ ਦੋਹਾਂ ਪਰਿਵਾਰਾਂ ਦੀ ਮੌਜੂਦਗੀ 'ਚ ਸ਼ਾਹਗੰਜ ਤਹਿਸੀਲ ਕੰਪਲੈਕਸ 'ਚ ਰਵੀਨਾ ਅਤੇ ਪ੍ਰਦੀਪ ਦਾ ਵਿਆਹ ਕਰਵਾ ਦਿੱਤਾ। ਵਿਆਹ ਤੋਂ ਬਾਅਦ ਰਵੀਨਾ ਆਪਣੇ ਪ੍ਰੇਮੀ ਦੇ ਘਰ ਚਲੀ ਗਈ, ਜਦਕਿ ਉਸ ਦਾ 3 ਸਾਲ ਦਾ ਬੱਚਾ ਆਪਣੇ ਪਿਤਾ ਕੋਲ ਹੀ ਰਹੇਗਾ। ਇਹ ਅਨੋਖਾ ਵਿਆਹ ਪੂਰੇ ਜ਼ਿਲ੍ਹੇ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

# ਗਰਮੀ ਤੋਂ ਰਾਹਤ ਪਾਉਣ ਲਈ ਦੋਸਤਾਂ ਨਾਲ ਨਹਿਰ 'ਚ ਨਹਾਉਣ ਗਏ ਨੌਜਵਾਨ ਨਾਲ ਵਾਪਰੀ

ਹਾਜੀਪੁਰ 11 ਨਵੰਬਰ। ਦਾਤਾਰਪੁਰ ਦੇ ਲਾਗੇ 19 ਜੂਨ ਨੂੰ ਕੰਡੀ ਨਹਿਰ 'ਚ ਨਹਾਉਂਦੇ ਹੋਏ ਡੁੱਬੇ ਨੌਜਵਾਨ ਦੀ ਲਾਸ਼ ਅੱਜ ਬਰਾਮਦ ਹੋ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ. ਐੱਚ. ਓ. ਤਲਵਾੜਾ ਸਤਪਾਲ ਸਿੰਘ ਨੇ ਦੱਸਿਆ ਹੈ ਕਿ ਸਾਨੂੰ 19 ਜੂਨ ਨੂੰ ਸੂਚਨਾ ਮਿਲੀ ਸੀ ਕਿ ਦਾਤਾਰਪੁਰ ਦੇ ਲਾਗੇ ਇਕ ਨੌਜਵਾਨ ਕੰਡੀ ਨਹਿਰ 'ਚ ਨਹਾਉਂਦੇ ਹੋਏ ਡੁੱਬ ਗਿਆ ਹੈ। ਸੂਚਨਾ ਮਿਲਣ 'ਤੇ ਤਲਵਾੜਾ ਪੁਲਸ ਮੌਕੇ 'ਤੇ ਪੁੱਜੀ ਪਰ ਦੇਰ ਸ਼ਾਮ ਤੱਕ ਨਾਂ ਤਾਂ ਨੌਜਵਾਨ ਦੀ ਲਾਸ਼ ਮਿਲੀ ਸੀ ਅਤੇ ਨਾਂ ਹੀ ਉਸ ਦਾ ਨਾਮ ਪਤਾ ਚਲ ਸਕਿਆ ਸੀ ਕਿਉਂਕਿ ਜੋ ਬਾਕੀ ਦੇ ਲੜਕੇ ਉਸ ਨਾਲ ਨਹਿਰ 'ਚ ਨਹਾ ਰਹੇ ਸਨ, ਉਹ ਡਰਦੇ ਮਾਰੇ ਉੱਥੋਂ ਦੌੜ ਗਏ ਸਨ। ਅੱਜ ਨਹਿਰ 'ਚ ਡੁੱਬੇ ਨੌਜਵਾਨ ਦੇ ਘਰਦਿਆਂ ਨੇ ਤਲਵਾੜਾ ਪੁਲਸ ਨਾਲ ਸੰਪਰਕ ਕੀਤਾ ਅਤੇ ਦਸਿਆ ਕਿ ਸਾਡਾ ਲੜਕਾ ਹਰਪ੍ਰੀਤ ਸਿੰਘ (24) ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਬੈਂਕਾਂ ਪੁਲਸ ਸਟੇਸ਼ਨ ਭਿੱਖੀ ਵਿੰਡ ਜ਼ਿਲ੍ਹਾ ਤਰਨਤਾਰਨ ਜੋ ਆਪਣੇ ਪੰਜ ਹੋਰ ਸਾਥੀਆਂ ਨਾਲ ਫਾਈਨਾਂਸ ਕੰਪਨੀ 'ਚ ਕੰਮ ਕਰਦਾ ਸੀ ਅਤੇ ਕੰਮ ਦੇ ਸਿਲਸਲੇ 'ਚ ਹੀ ਉਹ ਆਪਣੇ ਸਾਥੀਆਂ ਨਾਲ ਇਸ ਸਾਈਡ ਆਇਆ ਹੋਇਆ ਸੀ। ਗਰਮੀ ਜ਼ਿਆਦਾ ਹੋਣ ਕਰਕੇ ਉਹ ਕੰਡੀ ਨਹਿਰ 'ਚ ਨਹਾਉਣ ਲੱਗ ਪਏ। ਨਹਾਉਂਦੇ ਹੋਏ ਹਰਪ੍ਰੀਤ ਸਿੰਘ ਨਹਿਰ 'ਚ ਡੁੱਬ ਗਿਆ। ਜਿਸ ਦੀ ਲਾਸ਼ ਅੱਜ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਨਹਿਰ 'ਚੋਂ ਬਾਹਰ ਕੱਢ ਲਈ ਹੈ। ਤਲਵਾੜਾ ਪੁਲਸ ਨੇ ਲਾਸ਼ ਨੂੰ ਕਬਜੇ 'ਚ ਲੈ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਨਿੱਤ ਦੇ ਕਲੇਸ਼ ਤੋਂ ਦੁੱਖੀ ਪਤੀ ਨੇ ਪਤਨੀ ਨੂੰ ਦਿੱਤੀ ਰੂਹ ਕੰਬਾਊ ਮੌਤ, ਫਿਰ ਬੋਰੀ 'ਚ ਲਾਸ਼ ਨੂੰ...

ਕੌਮੀ ਪੱਤ੍ਰਿਕਾ

ਭਾਗਲਪੁਰ 11 ਨਵੰਬਰ। ਬਿਹਾਰ ਦੇ ਭਾਗਲਪੁਰ ਜ਼ਿਲ੍ਹੇ ਤੋਂ ਇੱਕ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਘਰੇਲੂ ਝਗੜੇ ਕਾਰਨ ਗੁੱਸੇ ਵਿੱਚ ਆਏ ਪਤੀ ਨੇ ਆਪਣੀ ਪਤਨੀ ਦੀ ਬੇਰਹਿਮੀ ਨਾਲ ਕੁੱਟ-ਮਾਰ ਕਰਕੇ ਉਸ ਦਾ ਕਤਲ ਕਰ ਦਿੱਤਾ। ਇਸ ਵਾਰਦਾਤ ਨੂੰ ਅੰਜ਼ਾਮ ਦੇਣ ਤੋਂ ਬਾਅਦ ਉਸ ਨੇ ਕਤਲ ਨੂੰ ਛੁਪਾਉਣ ਲਈ ਪਤਨੀ ਦੀ ਲਾਸ਼ ਨੂੰ ਇਕ ਬੋਰੀ ਵਿੱਚ ਪਾ ਕੇ ਗੰਗਾ ਨਦੀ ਵਿੱਚ ਸੁੱਟ ਦਿੱਤਾ। ਮਾਮਲਾ ਉਦੋਂ ਸਾਹਮਣੇ ਆਇਆ, ਜਦੋਂ ਪੁਲਸ ਨੇ ਪਤੀ ਨੂੰ ਹਿਰਾਸਤ ਵਿੱਚ ਲੈ ਕੇ ਸਖ਼ਤੀ ਨਾਲ ਪੁੱਛਗਿੱਛ ਕੀਤੀ, ਫਿਰ ਉਹ ਟੁੱਟ ਗਿਆ ਅਤੇ ਆਪਣਾ ਅਪਰਾਧ ਕਬੂਲ ਕਰ ਲਿਆ। ਜਾਣਕਾਰੀ ਅਨੁਸਾਰ ਇਹ ਮਾਮਲਾ ਨਵਗਾਛੀਆ ਦੇ ਬਿਹੁਪੁਰ ਥਾਣਾ ਖੇਤਰ ਦੇ ਭਵਨਗਾਮਾ ਦਾ ਹੈ। ਮ੍ਰਿਤਕਾ ਦੀ ਪਛਾਣ ਕਾਜਲ ਵਜੋਂ ਹੋਈ ਹੈ। ਨਵਗਾਛੀਆ ਦੇ ਐੱਸਪੀ ਪ੍ਰੇਰਨਾ ਕੁਮਾਰ ਨੇ ਪ੍ਰੈੱਸ ਕਾਨਫਰੰਸ ਰਾਹੀਂ ਇਸ ਮਾਮਲੇ ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਘਰੇਲੂ ਝਗੜੇ ਕਾਰਨ ਔਰਤ ਅਤੇ ਉਸਦੇ ਸਹੁਰਿਆਂ ਵਿਚਕਾਰ ਲੜਾਈ ਹੋਈ ਸੀ, ਜਿਸ ਕਾਰਨ ਉਸ ਦੇ ਪਤੀ ਨੇ ਔਰਤ ਦਾ ਕਤਲ ਕਰ ਦਿੱਤਾ। ਕਤਲ ਤੋਂ ਬਾਅਦ ਉਨ੍ਹਾਂ ਨੇ ਲਾਸ਼ ਨੂੰ ਬੋਰੀ ਵਿੱਚ ਭਰ ਕੇ ਗੰਗਾ ਨਦੀ ਵਿੱਚ ਸੁੱਟ ਦਿੱਤਾ ਤਾਂ ਜੋ ਕਿਸੇ ਨੂੰ ਸ਼ੱਕ ਨਾ ਹੋਵੇ। ਇਸ ਤੋਂ ਬਾਅਦ ਪਤੀ ਗੌਤਮ ਯਾਦਵ ਨੇ ਔਰਤ ਦੇ




ਮਾਪਿਆਂ ਨੂੰ ਫ਼ੋਨ ਕਰਕੇ ਦੱਸਿਆ ਕਿ ਉਨ੍ਹਾਂ ਦੀ ਧੀ ਨੇ ਖ਼ੁਦਕੁਸ਼ੀ ਕਰ ਲਈ ਹੈ। ਜਾਣਕਾਰੀ ਮਿਲਣ ਤੋਂ ਬਾਅਦ ਪਰਿਵਾਰ ਮੌਕੇ 'ਤੇ ਪਹੁੰਚ ਗਿਆ, ਪਰ ਉਦੋਂ ਤੱਕ ਸਹੁਰੇ ਪਰਿਵਾਰ ਦੇ ਮੈਂਬਰ ਘਰ ਤੋਂ ਭੱਜ ਗਏ ਸਨ। ਪਰਿਵਾਰ ਨੇ ਪੁਲਸ ਨੂੰ ਲਿਖਤੀ ਸ਼ਿਕਾਇਤ ਦਰਜ ਕਰਵਾਈ ਅਤੇ ਕਾਰਵਾਈ ਦੀ ਮੰਗ ਕੀਤੀ। ਜਾਣਕਾਰੀ ਮਿਲਦੇ ਹੀ ਐਸਡੀਪੀਓ ਓਮਪ੍ਰਕਾਸ਼ ਦੀ ਅਗਵਾਈ ਹੇਠ ਇੱਕ ਟੀਮ ਬਣਾਈ ਗਈ। ਇਸ ਦੇ ਨਾਲ ਹੀ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਦੋਸ਼ੀ ਪਤੀ ਗੌਤਮ ਯਾਦਵ, ਸੱਸ ਜਾਨਕੀ ਦੇਵੀ, ਸਹੁਰਾ ਵਾਸੂਦੇਵ ਯਾਦਵ ਨੂੰ ਗ੍ਰਿਫ਼ਤਾਰ ਕਰ ਲਿਆ। ਜਦੋਂ ਪੁਲਸ ਨੇ ਪਤੀ ਤੋਂ ਇਸ ਮਾਮਲੇ ਦੀ ਸਖ਼ਤੀ ਨਾਲ ਪੁੱਛਗਿੱਛ ਕੀਤੀ ਤਾਂ ਉਸਨੇ ਦੱਸਿਆ ਕਿ ਲੜਾਈ ਤੋਂ ਬਾਅਦ ਉਸ ਨੇ ਆਪਣੀ ਪਤਨੀ ਦਾ ਕੁੱਟ-ਕੁੱਟ ਕੇ ਕਤਲ ਕਰ ਦਿੱਤਾ। ਇਸ ਤੋਂ ਬਾਅਦ ਪਤੀ ਅਤੇ ਸਹੁਰਿਆਂ ਨੇ ਲਾਸ਼ ਨੂੰ ਗੰਗਾ ਨਦੀ ਵਿੱਚ ਸੁੱਟ ਦਿੱਤਾ। ਉਸਦੀ ਸੂਚਨਾ 'ਤੇ ਪੁਲਸ ਨੇ ਲਾਸ਼ ਨੂੰ ਬਰਾਮਦ ਕਰਕੇ ਪੋਸਟਮਾਰਟਮ ਲਈ ਭੇਜ ਦਿੱਤਾ ਅਤੇ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ।

ਕੌਮੀ ਪੱਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪੱਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਇਟਲੀ ਅਧਾਰਤ ਮਲਕੀਤ ਸਿੰਘ ਦੇ ਕਤਲ ਵਿੱਚ ਸ਼ਾਮਲ ਦੋ ਕੇਐਲਐਫ ਕਾਰਕੁਨ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਚੰਡੀਗੜ੍ਹ/ਅੰਮ੍ਰਿਤਸਰ, 11 ਨਵੰਬਰ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਇੱਕ ਵੱਡੀ ਸਫਲਤਾ ਵਿੱਚ, ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਇਟਲੀ ਅਧਾਰਤ ਮਲਕੀਤ ਸਿੰਘ ਦੇ ਕਤਲ ਵਿੱਚ ਸ਼ਾਮਲ ਦੋ ਮੁਲਜ਼ਮਾਂ ਨੂੰ ਅੰਮ੍ਰਿਤਸਰ ਦੇ ਰਾਜਾ ਸਾਂਸੀ ਤੋਂ ਗ੍ਰਿਫ਼ਤਾਰ ਕੀਤਾ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਪੰਜ ਆਧੁਨਿਕ ਹਥਿਆਰ ਬਰਾਮਦ ਕੀਤੇ ਹਨ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬਿਕਰਮਜੀਤ ਸਿੰਘ ਉਰਫ਼ ਬਿਕਰਮ, ਵਾਸੀ ਪਿੰਡ ਧਾਰੀਵਾਲ, ਅੰਮ੍ਰਿਤਸਰ ਅਤੇ ਕਰਨਬੀਰ ਸਿੰਘ, ਵਾਸੀ ਪਿੰਡ ਸੈਸਰਾ ਕਲਾਂ, ਅੰਮ੍ਰਿਤਸਰ ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਵਿਦੇਸ਼ੀ .30 ਬੋਰ ਪੀਐਕਸ5 ਪਿਸਤੌਲ, ਇੱਕ .30 ਬੋਰ ਪਿਸਤੌਲ, ਇੱਕ ਵਿਦੇਸ਼ੀ .45 ਬੋਰ ਪਿਸਤੌਲ, ਇੱਕ .32 ਬੋਰ ਪਿਸਤੌਲ, ਇੱਕ ਰਿਵਾਲਵਰ ਅਤੇ 20 ਜ਼ਿੰਦਾ ਕਾਰਤੂਸ ਸ਼ਾਮਲ ਹਨ। ਜਾਣਕਾਰੀ ਅਨੁਸਾਰ, 1 ਨਵੰਬਰ, 2025 ਨੂੰ ਤਕਰੀਬਨ ਸ਼ਾਮ 7 ਵਜੇ ਮਲਕੀਤ ਸਿੰਘ ਆਪਣੇ ਪਿੰਡ ਧਾਰੀਵਾਲ ਵਿਖੇ ਆਪਣੇ ਪਿਤਾ ਨਾਲ ਖੇਤਾਂ ਵਿੱਚ ਕਣਕ ਬੀਜ ਰਿਹਾ ਸੀ, ਜਦੋਂ ਦੋ ਅਣਪਛਾਤੇ ਵਿਅਕਤੀਆਂ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ। ਇਸ ਘਟਨਾ ਵਿੱਚ ਗੰਭੀਰ ਜ਼ਖਮੀ ਹੋਣ ਕਾਰਨ ਮਲਕੀਤ ਸਿੰਘ ਨੇ ਹਸਪਤਾਲ ਵਿੱਚ ਦਮ ਤੋੜ ਦਿੱਤਾ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਬਿਕਰਮਜੀਤ ਸਿੰਘ ਅੱਤਵਾਦੀ ਸੰਗਠਨ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇਐਲਐਫ) ਨਾਲ ਸਬੰਧਤ ਹੈ ਅਤੇ ਉਸਦਾ ਪੁਰਾਣਾ ਅਪਰਾਧਿਕ ਰਿਕਾਰਡ ਹੈ ਅਤੇ ਉਸ 'ਤੇ ਵਿਸਫੋਟਕ ਐਕਟ, ਕਤਲ ਦੀ ਕੋਸ਼ਿਸ਼ ਅਤੇ ਅਸਲਾ ਐਕਟ ਤਹਿਤ ਕੇਸ ਦਰਜ ਹਨ। ਉਨ੍ਹਾਂ ਅੱਗੇ ਦੱਸਿਆ ਕਿ ਬਿਕਰਮਜੀਤ 2018 ਵਿੱਚ ਰਾਜਾ ਸਾਂਸੀ ਵਿਖੇ ਇੱਕ ਧਾਰਮਿਕ ਸਥਾਨ 'ਤੇ ਹੋਏ ਗ੍ਰਨੇਡ ਹਮਲੇ ਵਿੱਚ ਵੀ ਸ਼ਾਮਲ ਸੀ। ਡੀਜੀਪੀ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਆਪਣੇ ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ, ਦੋਸ਼ੀ ਬਿਕਰਮਜੀਤ ਨੇ ਪੰਜਾਬ ਵਿੱਚ ਸਨਸਨੀਖੇਜ਼ ਅਪਰਾਧਾਂ ਨੂੰ ਅੰਜਾਮ ਦੇਣ ਲਈ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰ ਮੰਗਵਾਏ ਸਨ। ਇਸ ਕਾਰਵਾਈ ਸਬੰਧੀ ਹੋਰ ਵੇਰਵੇ ਸਾਂਝੇ ਕਰਦਿਆਂ ਡੀਆਈਜੀ ਬਾਰਡਰ ਰੇਂਜ ਸੰਦੀਪ ਗੋਇਲ ਨੇ ਕਿਹਾ ਕਿ ਭਰੋਸੇਯੋਗ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਐਸਐਸਪੀ ਮਨਿੰਦਰ ਸਿੰਘ ਦੀ ਸਮੁੱਚੀ ਨਿਗਰਾਨੀ ਹੇਠ ਅੰਮ੍ਰਿਤਸਰ ਦਿਹਾਤੀ ਦੀਆਂ ਪੁਲਿਸ ਟੀਮਾਂ ਨੇ ਦੋਸ਼ੀ ਬਿਕਰਮਜੀਤ ਨੂੰ ਪਿੰਡ ਧਾਰੀਵਾਲ ਵਿਖੇ ਗੁਰਦੁਆਰਾ ਸਾਹਿਬ ਦੇ ਨੇੜੇ ਤੋਂ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਬਿਕਰਮ ਦੇ ਖੁਲਾਸੇ ਉਪਰੰਤ ਦੋਸ਼ੀ ਕਰਨਬੀਰ ਨੂੰ ਕੁਕਰਾਂਵਾਲਾ ਨੇੜੇ ਅੱਡਾ ਤੋਂ ਗ੍ਰਿਫਤਾਰ ਕੀਤਾ ਗਿਆ। ਇਹਨਾਂ ਪੁਲਿਸ ਟੀਮਾਂ ਦੀ ਅਗਵਾਈ ਡੀਐਸਪੀ ਗੁਰਿੰਦਰ ਨਾਗਰਾ ਕਰ ਰਹੇ ਸਨ। ਡੀਆਈਜੀ ਨੇ ਦੱਸਿਆ ਕਿ ਕੇਐਲਐਫ ਦੇ ਇਨ੍ਹਾਂ ਦੋ ਕਾਰਕੁਨਾਂ ਦੀ ਗ੍ਰਿਫ਼ਤਾਰੀ ਨਾਲ, ਪੰਜਾਬ ਪੁਲਿਸ ਨੇ ਸੂਬੇ ਵਿੱਚ ਸਨਸਨੀਖੇਜ਼ ਅਪਰਾਧਾਂ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਐਸਐਸਪੀ ਮਨਿੰਦਰ ਸਿੰਘ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਸਮੁੱਚੇ ਗਠਜੋੜ ਦਾ ਪਰਦਾਫਾਸ਼ ਕੀਤਾ ਜਾ ਸਕੇ। ਉਨ੍ਹਾਂ ਅੱਗੇ ਦੱਸਿਆ ਕਿ ਆਗਾਮੀ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ। ਇਸ ਸਬੰਧੀ ਕੇਸ ਅੰਮ੍ਰਿਤਸਰ ਦਿਹਾਤੀ ਦੇ ਥਾਣਾ ਰਾਜਾ ਸਾਂਸੀ ਵਿਖੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 103(1) ਤੇ 3(5) ਅਤੇ ਅਸਲਾ ਐਕਟ ਦੀ ਧਾਰਾ 25 ਤੇ 27 ਤਹਿਤ ਐਫਆਈਆਰ ਨੰਬਰ 177 ਮਿਤੀ 2/11/2025 ਦਰਜ ਕੀਤਾ ਗਿਆ ਹੈ।

## ਡਿਪਟੀ ਕਮਿਸ਼ਨਰ ਵਲੋਂ ਪਰਾਲੀ ਪ੍ਰਬੰਧਨ ਨੂੰ ਲੈ ਕੇ ਅਧਿਕਾਰੀਆਂ ਨਾਲ ਮੀਟਿੰਗ

ਅੰਮ੍ਰਿਤਸਰ, 11 ਨਵੰਬਰ: ਸਾਲ 2025 ਦੀ ਝੋਨੇ ਦੀ ਕਟਾਈ ਦੌਰਾਨ ਜਿਲ੍ਹਾ ਪ੍ਰਸ਼ਾਸਨ ਵਲੋਂ ਕੀਤੇ ਗਏ ਪ੍ਰਬੰਧਾਂ, ਜਾਗਰੂਕਤਾ ਲਹਿਰ ਅਤੇ ਕਿਸਾਨਾਂ ਦੇ ਸਹਿਯੋਗ ਸਦਕਾ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵਿੱਚ 56 ਫੀਸਦ ਦੀ ਵੱਡੀ ਕਮੀ ਆਈ ਹੈ। ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਪਰਾਲੀ ਪ੍ਰਬੰਧਨ ਨੂੰ ਲੈ ਕੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਵਿੱਚ ਉਕਤ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅਗਲੇ ਕੁਝ ਦਿਨ ਹੋਰ ਇਸ ਕੰਮ ਨੂੰ ਸਮਰਪਿਤ ਕਰੋ ਤਾਂ ਜੋ ਕਿਸਾਨ ਕਣਕ ਦੀ ਬਿਜਾਈ ਪੂਰੀ ਕਰ ਸਕੇ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ 7 ਨਵੰਬਰ ਤੱਕ 633 ਸਥਾਨਾਂ ਉੱਤੇ ਘਟਨਾਵਾਂ ਵਾਪਰੀਆਂ ਸਨ, ਜਦਕਿ ਇਸ ਵਾਰ ਕੇਵਲ 280 ਖੇਤਾਂ ਵਿੱਚ ਅੱਗ ਲੱਗੀ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜ਼ਮੀਨ ਦਾ ਉਪਯੋਗੀ ਜੀਵਕ ਮਾਦਾ ਜੋ ਕਿ ਜ਼ਮੀਨ ਲਈ ਬਹੁਤ ਲਾਭਦਾਇਕ ਹੈ, ਦਾ ਨੁਕਸਾਨ ਹੋ ਰਿਹਾ ਹੈ ਅਤੇ ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘਟੀ ਹੈ। ਇਸ ਤੋਂ ਇਲਾਵਾ ਸੜਕਾਂ ਦੁਆਲੇ ਮੌਜੂਦ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਨਾਲ ਆਵਾਜਾਈ ਵਿੱਚ ਵਿਘਨ ਪੈਂਦਾ ਹੈ ਸੋ ਇਸ ਪਰਵਿਰਤੀ ਨੂੰ ਰੋਕਣ ਦੀ ਲੋੜ ਹੈ।ਇਸੇ ਦੌਰਾਨ ਵਧੀਕ ਜਿਲ੍ਹਾ ਮੈਜਿਸਟਰੇਟ ਸ੍ਰੀ ਰੋਹਿਤ ਗੁਪਤਾ ਨੇ ਪਰਾਲੀ ਨੂੰ ਸਾੜਨ ਦੇ ਨੁਕਸਾਨ ਬਿਆਨ ਕਰਦੇ ਹੋਏ ਪਰਾਲੀ ਨੂੰ ਸਾੜ੍ਹਨ ਉੱਤੇ ਲੱਗੀ ਪਾਬੰਦੀ, ਜੋ ਕਿ ਪਹਿਲਾਂ 14 ਨਵੰਬਰ 2025 ਤੱਕ ਲਾਗੂ ਸੀ ਨੂੰ 14 ਦਸੰਬਰ ਤੱਕ ਵੱਧਾ ਦਿੱਤਾ ਹੈ। ਸ੍ਰੀ ਰੋਹਿਤ ਗੁਪਤਾ ਵਧੀਕ ਜਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ ਨੇ ਭਾਰਤੀ ਨਾਗਰਿਕ ਸੁਰੱਕਸਾ ਸਹਿੰਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਜਾਰੀ ਕੀਤੇ ਹੁਕਮਾਂ ਵਿੱਚ ਜਿਸ ਨਾਲ ਸਿੱਧਾ ਨੁਕਸਾਨ ਕਿਸਾਨਾਂ ਨੂੰ ਹੁੰਦਾ ਹੈ ਅਤੇ ਉਸ ਦਾ ਅਸਿੱਧੇ ਤੌਰ ਤੇ ਅਸਰ ਦੇਸ਼ ਦੇ ਉਤਪਾਦਨ ਉਤੇ ਪੈਂਦਾ ਹੈ।

## ਰਮਦਾਸ ਖੇਤਰ ਵਿੱਚ ਧੁੱਸੀ ਬੰਨ ਬੰਨਣ ਦੀ ਸੇਵਾ ਤੋਂ ਬਾਅਦ ਹੁਣ ਸੰਪਰਦਾ ਸਰਹਾਲੀ ਸਾਹਿਬ ਬਣਾਵੇਗੀ ਕਾਲਜ

ਅੰਮ੍ਰਿਤਸਰ 11 ਨਵੰਬਰ: ਜਿਲ੍ਹਾ ਪ੍ਰਸ਼ਾਸਨ ਵਲੋਂ ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਲੋਕਾਂ ਦੇ ਮੁੜ ਵਸੇਬੇ ਲਈ ਲੋਕਾਂ ਦਾ ਸਾਥ ਲੈਣ ਲਈ ਸ਼ੁਰੂ ਕੀਤੇ ਗਏ ਸਾਂਝੇ ਉਪਰਾਲੇ ਤਹਿਤ ਹੜ ਪੀੜਤ ਇਲਾਕਿਆਂ ਵਿੱਚ ਸੰਪਰਦਾ ਸਰਹਾਲੀ ਸਾਹਿਬ ਵਾਲੇ ਮਹਾਂਪੁਰਖਾਂ ਨੇ ਬੰਨ ਬੰਨਣ ਦੀ ਸੇਵਾ ਆਰੰਭੀ ਸੀ ਅਤੇ ਹੁਣ ਉਨਾਂ ਨੇ ਬੱਚਿਆਂ ਦੀਆਂ ਸਿੱਖਿਆ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਇਰਾਦੇ ਨਾਲ ਕਾਲਜ ਬਣਾਉਣ ਦਾ ਐਲਾਨ ਵੀ ਕਰ ਦਿੱਤਾ ਹੈ। ਸੰਪਰਦਾ ਮੁਖੀ ਬਾਬਾ ਸੁੱਖਾ ਸਿੰਘ ਨੇ ਕਿਹਾ ਕਿ ਸੰਗਤਾਂ ਦੀ ਮੰਗ ਸੀ ਕਿ ਬੱਚਿਆਂ ਦੇ ਲਈ ਇਲਾਕੇ ਦੇ ਵਿੱਚ ਵਧੀਆ ਸਿੱਖਿਆ ਪ੍ਰਬੰਧ ਨੂੰ ਦੇਖਦੇ ਹੋਏ ਕਾਲਜ ਦਾ ਇੰਤਜਾਮ ਕੀਤਾ ਜਾਵੇ, ਜਿਸ ਤੇ ਉਹਨਾਂ ਵੱਲੋਂ ਕਾਲਜ ਬਣਾਉਣ ਦਾ ਐਲਾਨ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਸੰਪਰਦਾ ਵੱਲੋਂ ਕਾਫੀ ਸਿੱਖਿਆ ਸੰਸਥਾਵਾਂ ਚਲਾਈਆਂ ਜਾ ਰਹੀਆਂ ਹਨ ਅਤੇ ਹੜ ਪ੍ਰਭਾਵਿਤ ਖੇਤਰ ਦੇ ਕਿਸਾਨਾਂ ਨੂੰ ਕਣਕ ਦੀ ਬਜਾਈ ਲਈ ਕਣਕ ਦੇ ਸੁਧਰੇ ਹੋਏ ਬੀਜ ਅਤੇ ਡੀਏਪੀ ਖਾਤ ਮੁਹਈਆ ਕਰਵਾਈ ਜਾ ਰਹੀ ਹੈ 9 ਇਸ ਮੌਕੇ ਸਪੇਨ ਤੋਂ ਆਏ ਸਿੰਘ ਨੇ ਬਾਬਾ ਜੀ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਉਹਨਾਂ ਦੇ ਬਚਨਾਂ ਨੂੰ ਪੂਰਾ ਕਰਨ ਦਾ ਭਰੋਸਾ ਦਿੱਤਾ। ਦੱਸਣਯੋਗ ਹੈ ਕਿ ਹੜ੍ਹਾਂ ਦੇ ਦੌਰਾਨ ਉਕਤ ਸੰਪਰਦਾ ਵਲੋਂ ਧੁੱਸੀ ਬੰਨ੍ਹ ਉੱਤੇ ਸੰਗਤਾਂ ਦੇ ਵੱਡੇ ਸਹਿਯੋਗ ਨਾਲ ਲੰਬਾ ਸਮਾਂ ਹੜ੍ਹ ਰੋਕਣ ਲਈ ਬੰਨ੍ਹ ਬਣਾਉਣ ਦਾ ਕੰਮ ਚਲਦਾ ਰਿਹਾ ਅਤੇ ਹੁਣ ਕਿਸਾਨਾਂ ਨੂੰ ਕਣਕ ਦੀ ਬਿਜਾਈ ਲਈ ਟਰੈਕਟਰ, ਡੀਜ਼ਲ, ਮਸ਼ੀਨਰੀ, ਖਾਦ ਅਤੇ ਬੀਜ ਦੀ ਸਪਲਾਈ ਨਿਰੰਤਰ ਦਿੱਤੀ ਜਾ ਰਹੀ ਹੈ। ਇਸ ਮੌਕੇ ਇਲਾਕੇ ਦੇ ਅਗਾਹਾਂ ਬਧੂ ਨੌਜਵਾਨ ਅਮਨਦੀਪ ਸਿੰਘ ਮਾਛੀਵਾਲਾ ਅਤੇ ਇਲਾਕਾ ਵਾਸੀਆਂ ਨੇ ਬਾਬਾ ਸੁੱਖਾ ਸਿੰਘ ਜੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨਾਂ ਵੱਲੋਂ ਇਹ ਸੇਵਾ ਕਰਨ ਦੀ ਮੰਗ ਨੂੰ ਮੰਨਿਆ ਗਿਆ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Sumame Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350-ਸਾਲਾ ਸ਼ਹੀਦੀ ਸ਼ਤਾਬਦੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਕਲਗੀਧਰ ਟਰੱਸਟ ਗੁਰਦੁਆਰਾ ਬੜੂ ਸਾਹਿਬ ਵੱਲੋਂ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਨਗਰ ਕੀਰਤਨ ਦਾ ਸ਼ੁਭ ਆਗਾਜ਼ ਸਵੇਰੇ 6:30 ਵਜੇ ਗੁਰਦੁਆਰਾ ਬੜੂ ਸਾਹਿਬ ਤੋਂ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜ ਪਿਆਰਿਆਂ ਨੇ ਅਰਦਾਸ ਕਰਕੇ ਨਗਰ ਕੀਰਤਨ ਦੀ ਸ਼ੁਰੂਆਤ ਕੀਤੀ। ਗੁਰਮਤਿ ਸੰਗੀਤ ਦੀਆਂ ਸੁਰੀਲੀਆਂ ਧੁਨਾਂ ਅਤੇ ਫਤਿਹ ਦੇ ਗੂੰਜਦੇ ਜੈਕਾਰਿਆਂ ਨਾਲ ਪੂਰਾ ਇਲਾਕਾ ਗੁਰਬਾਣੀ ਰੰਗ ਵਿੱਚ ਰੰਗਿਆ ਨਜ਼ਰ ਆਇਆ। ਇਹ ਨਗਰ ਕੀਰਤਨ ਦਾ ਪਹਿਲਾ ਪੜਾਅ ਰਾਜਗੜ੍ਹ ਵਿਖੇ ਹੋਇਆ ਜਿਥੇ ਇਸ ਨਗਰ ਕੀਰਤਨ ਦਾ ਭਰਵਾਂ ਸੁਆਗਤ ਕੀਤਾ ਗਿਆ, ਜਿਸ ਤੋਂ ਬਾਅਦ ਦੂਸਰਾ ਪੜਾਅ ਗੁਰਦੁਆਰਾ ਸਿੰਘ ਸਭਾ ਸਪਰੂਨ ਸੋਲਨ ਵਿਖੇ ਹੋਇਆ, ਜਿਥੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਸੰਗਤ ਵੱਲੋਂ ਇਸ ਵਿਸ਼ਾਲ ਨਗਰ ਕੀਰਤਨ ਦਾ ਸੁਆਗਤ ਕੀਤਾ ਗਿਆ। ਇਸ ਤੋਂ ਉਪਰੰਤ ਪਰਵਾਣੂ, ਕਾਲਕਾ, ਪਿੰਜੌਰ ਦੇ ਗੁਰਦੁਆਰਾ ਸਾਹਿਬ ਵਿਖੇ ਇਸ ਨਗਰ ਕੀਰਤਨ ਦਾ ਸੁਆਗਤ ਕੀਤਾ ਗਿਆ। ਇਸ ਗੁਰਦੁਆਰਾ ਸਾਹਿਬ ਤੋਂ 20 ਤੋਂ ਵੱਧ ਅਕਾਲ ਅਕੈਡਮੀਆਂ ਦੇ ਬੱਚਿਆਂ ਅਤੇ ਅਕਾਲ ਯੂਨੀਵਰਸਿਟੀ ਦੇ ਵਿੱਦਿਆਰਥੀਆਂ ਵੱਲੋਂ ਇਸ ਵਿਸ਼ਾਲ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ ਗਈ। ਇਸ ਪੜਾਅ ਤੋਂ ਬਾਅਦ ਅਗਲਾ ਪੜਾਅ ਕੁਰਾਲੀ ਰੂਪਨਗਰ ਰੋਡ 'ਤੇ ਸਥਿਤ ਗੁਰਦੁਆਰਾ ਯਾਦਗਾਰ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਵਿਖੇ ਕੀਤਾ ਗਿਆ। ਅਗਲਾ ਪੜਾਅ ਰੂਪਨਗਰ ਅਤੇ ਕੀਰਤਪੁਰ ਸਾਹਿਬ ਰਾਹੀਂ ਪੜਾਅ ਦਰ ਪੜਾਅ ਹੁੰਦਾ ਹੋਇਆ ਸ਼ਾਮ 5:30 ਵਜੇ ਗੁਰਦੁਆਰਾ ਸੀਸ ਗੰਜ ਸਾਹਿਬ, ਅਨੰਦਪੁਰ ਸਾਹਿਬ ਵਿਖੇ ਪਹੁੰਚਿਆ। ਇਸ ਨਗਰ ਕੀਰਤਨ ਵਿੱਚ ਨਗਰ ਚੀਮਾ ਸਾਹਿਬ, ਦਿੱਲੀ, ਹਰਿਆਣਾ ਅਤੇ ਪੰਜਾਬ ਤੋਂ 10000 ਤੋਂ ਵੱਧ ਸੰਗਤਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਸੰਗਤ ਦੇ ਨਾਲ ਨਾਲ ਇਸ ਵਿਸ਼ਾਲ ਨਗਰ ਕੀਰਤਨ ਵਿੱਚ ਅਕਾਲ ਅਕੈਡਮੀਆਂ ਦੇ ਬੱਚੇ, ਅਕਾਲ ਯੂਨੀਵਰਸਿਟੀ ਦਮਦਮਾ ਸਾਹਿਬ, ਇਟਰਨਲ ਯੂਨੀਵਰਸਿਟੀ ਬੜੂ ਸਾਹਿਬ ਦੇ ਵਿਦਿਆਰਥੀ ਵੀ ਸ਼ਾਮਿਲ ਸਨ। ਇਸ ਵਿਸ਼ਾਲ ਨਗਰ ਕੀਰਤਨ ਦੇ ਕਾਫਲੇ ਵਿੱਚ 300 ਤੋਂ ਵੱਧ ਗੱਡੀਆਂ, ਬੱਸਾਂ ਅਤੇ ਟਰੱਕ ਆਦਿ ਸ਼ਾਮਿਲ ਸਨ। ਹਰ ਥਾਂ ਸੰਗਤ ਵੱਲੋਂ ਸ਼ਰਧਾ ਨਾਲ ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਸੇਵਾਦਾਰਾਂ ਨੇ ਪਾਣੀ, ਚਾਹ ਅਤੇ ਲੰਗਰ ਦੀ ਵਿਵਸਥਾ ਕੀਤੀ। ਨਗਰ ਕੀਰਤਨ ਦੌਰਾਨ ਸੰਗਤ ਨੇ ਗੁਰੂ ਸਾਹਿਬਾਨ ਦੀਆਂ ਬਾਣੀਆਂ ਦਾ ਕੀਰਤਨ ਸੁਣਿਆ ਤੇ ਉਨ੍ਹਾਂ ਦੀਆਂ ਸ਼ਹੀਦੀਆਂ ਅਤੇ ਸਿੱਖਿਆਵਾਂ ਨੂੰ ਯਾਦ ਕੀਤਾ। ਇਸ ਸਮਾਗਮ ਦਾ ਉਦੇਸ਼ ਗੁਰਮਤਿ ਅਸੂਲਾਂ ਦਾ ਪ੍ਰਚਾਰ ਕਰਨਾ, ਸਮਾਜ ਵਿੱਚ ਸਾਂਝ, ਪ੍ਰੇਮ ਤੇ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਸੀ। ਕਲਗੀਧਰ ਟ੍ਰਸਟ ਦੇ ਮੁੱਖ ਸੇਵਾਦਾਰ ਡਾ: ਦਵਿੰਦਰ ਸਿੰਘ ਅਤੇ ਉੱਪ ਸੇਵਾਦਾਰ ਜਗਜੀਤ ਸਿੰਘ (ਕਾਕਾ ਵੀਰ ਜੀ) ਨੇ ਦੱਸਿਆ ਕਿ ਇਹ ਨਗਰ ਕੀਰਤਨ ਸਿਰਫ਼ ਆਤਮਕ ਪ੍ਰੇਰਣਾ ਦਾ ਸਰੋਤ ਹੀ ਨਹੀਂ ਸੀ, ਸਗੋਂ ਇਹ ਏਕਤਾ ਅਤੇ ਗੁਰਮਤਿ ਪ੍ਰਚਾਰ ਦਾ ਪ੍ਰਤੀਕ ਸੀ। ਉਨ੍ਹਾਂ ਵੱਲੋਂ ਇਸ ਮਹਾਨ ਨਗਰ ਕੀਰਤਨ ਵਿੱਚ ਹਜ਼ਾਰਾਂ ਸੰਗਤਾਂ ਵਲੋਂ ਸ਼ਿਰਕਤ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।



# 37ਵੀਂ ਪੰਜਾਬ ਰੋਲਰ ਸਕੇਟਿੰਗ ਚੈਂਪੀਅਨਸ਼ਿਪ 2025 ਵਿੱਚ ਫਲਾਇੰਗ ਵੀਲਜ ਰੋਲਰ ਸਕੇਟਿੰਗ ਕਲੱਬ ਪਟਿਆਲਾ ਬੱਚਿਆਂ ਨੇ ਨਾਮ ਕੀਤਾ ਰੋਸ਼ਨ




**ਪਟਿਆਲਾ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

37ਵੀਆਂ ਪੰਜਾਬ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਜੋ ਕਿ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮਿਤੀ 3 ਅਕਤੂਬਰ ਤੋਂ 6 ਅਕਤੂਬਰ ਤੱਕ ਸੰਪੰਨ ਹੋਈ ਹੈ। ਉਸ ਵਿੱਚ ਫਲਾਇੰਗ ਵੀਲਜ਼ ਰੋਲਰ ਸਕੇਟਿੰਗ ਕਲੱਬ ਪਟਿਆਲਾ ਦੇ ਖਿਡਾਰੀਆਂ ਨੇ ਚੰਗੀਆਂ ਮੱਲਾਂ ਮਾਰੀਆਂ ਹਨ। ਜਿਸ ਵਿੱਚ ਮਹਿਸ਼ਿਕਾ ਖੰਡੇਲਵਾਲ ਗੋਲਡ ਅਤੇ ਬਰੋਂਜ ਮੈਡਲ, ਕਰਨਵੀਰ ਸਿੰਘ ਸਿਲਵਰ ਅਤੇ ਬਰੋਂਜ ਮੈਡਲ ਚਰਚਿਤ ਸ਼ਰਮਾ ਸਿਲਵਰ ਅਤੇ 2 ਬਰੋਂਜ ਮੈਡਲ ,ਤਾਹਿਰਾ ਸਿਲਵਰ ਅਤੇ ਬਰੋਂਜ ਮੈਡਲ, ਜੈਜਵੀਰ ਸਿੰਘ ਬਰੋਂਜ ਮੈਡਲ, ਗਰਵਿਤ ਸਿੰਘ ਭਾਟੀ ਨੇ ਬਰੋਂਜ ਮੈਡਲ ਜਿੱਤੇ ਹਨ। ਇਸ ਮੌਕੇ ਤੇ ਫਲਾਇੰਗ ਵੀਲਜ ਰੋਲਰ ਸਕੇਟਿੰਗ ਕਲੱਬ ਪਟਿਆਲਾ ਦੇ ਕੋਚ ਜਗਤਾਰ ਸਿੰਘ ਅਤੇ ਕੋਚ ਪਰਮਜੀਤ ਸਿੰਘ ਸੋਹੀ ਨੇ ਦੱਸਿਆ ਦੱਸਿਆ ਕਿ ਜਿਹੜੇ ਖਿਡਾਰੀ ਮੈਡਲ ਜਿੱਤ ਕੇ ਆਏ ਨੇ ਉਹਨਾਂ ਨੇ ਆਪਣਾ ਤੇ ਆਪਣਾ ਮਾਤਾ ਪਿਤਾ ਅਤੇ ਕਲੱਬ ਦਾ ਨਾਮ ਰੋਸ਼ਨ ਕੀਤਾ ਹੈ। ਤੇ ਨਾਲ ਹੀ ਸਮੂਹ ਖਿਡਾਰੀਆਂ ਨੂੰ ਵਧਾਈ ਵੀ ਦਿੱਤੀ।

# 'ਨਕਸ਼ਾ': ਭਰੋਸੇਯੋਗ ਜ਼ਮੀਨੀ ਰਿਕਾਰਡ ਅਤੇ ਨਾਗਰਿਕ ਸਸ਼ਕਤੀਕਰਣ ਲਈ ਇੱਕ ਨਵੀਂ ਪਹਿਲਕਦਮੀ

## 'ਨਕਸ਼ਾ' ਤੁਹਾਡੀ ਜ਼ਮੀਨ ਦੀ ਡਿਜੀਟਲ ਪਛਾਣ ਦਾ ਪ੍ਰਤੀਕ: ਮਾਣਯੋਗ ਸ਼ਿਵਰਾਜ ਸਿੰਘ ਚੌਹਾਨ



ਕੇਂਦਰੀ ਗ੍ਰਾਮੀਣ ਵਿਕਾਸ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ

ਜਦੋਂ ਭਾਰਤ ਇੱਕ ਸਮਾਵੇਸ਼ੀ ਅਤੇ ਵਿਕਸਿਤ ਭਵਿੱਖ ਦੀ ਕਲਪਨਾ ਕਰਦਾ ਹੈ, ਤਾਂ ਇਸ ਦਾ ਸਭ ਤੋਂ ਮਜ਼ਬੂਤ ਅਧਾਰ-ਥੰਮ੍ਹ ਜ਼ਮੀਨ ਹੈ। ਭਾਵੇਂ ਘਰ ਹੋਵੇ, ਖੇਤ ਹੋਣ, ਦੁਕਾਨ ਹੋਵੇ ਜਾਂ ਸਮਾਰਟ ਸਿਟੀ ਦਾ ਸੁਪਨਾ ਹੋਵੇ - ਵਿਕਾਸ ਦਾ ਹਰੇਕ ਰੂਪ ਜ਼ਮੀਨ 'ਤੇ ਸਥਿਤ ਹੁੰਦਾ ਹੈ। ਹਾਲਾਂਕਿ, ਸੱਚਾਈ ਇਹ ਹੈ ਕਿ ਵਰ੍ਹਿਆਂ ਤੋਂ ਸਾਡੇ ਜ਼ਮੀਨੀ ਰਿਕਾਰਡ ਅਧੂਰੇ, ਉਲਝਣ ਵਾਲੇ ਅਤੇ ਅਕਸਰ ਵਿਵਾਦਾਂ ਵਿੱਚ ਘਿਰੇ ਰਹੇ ਹਨ। ਨਤੀਜੇ ਵਜੋਂ, ਆਮ ਨਾਗਰਿਕਾਂ ਨੂੰ ਜਾਇਦਾਦ ਖਰੀਦਣ, ਜ਼ਮੀਨ ਵਿਰਾਸਤ ਵਿੱਚ ਪ੍ਰਾਪਤ ਕਰਨ, ਲੋਨ ਪ੍ਰਾਪਤ ਕਰਨ ਜਾਂ ਸਰਕਾਰੀ ਯੋਜਨਾਵਾਂ ਦਾ ਲਾਭ ਉਠਾਉਣ ਵਿੱਚ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ।

ਇਨ੍ਹਾਂ ਦੀਰਘਕਾਲੀ ਸਮੱਸਿਆਵਾਂ ਦੇ ਹੱਲ ਦੇ ਲਈ, ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ ਮਾਰਗਦਰਸ਼ਨ ਵਿੱਚ, ਗ੍ਰਾਮੀਣ ਵਿਕਾਸ ਮੰਤਰਾਲੇ ਦੇ ਤਹਿਤ ਜ਼ਮੀਨੀ ਸੰਸਾਧਨ ਵਿਭਾਗ ਨੇ ਨਕਸ਼ਾ (ਰਾਸ਼ਟਰੀ ਸ਼ਹਿਰੀ ਨਿਵਾਸ-ਸਥਲ ਭੂ-ਸਥਾਨਕ ਗਿਆਨ-ਅਧਾਰਿਤ ਜ਼ਮੀਨੀ ਸਰਵੇਖਣ) ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਹੈ। ਇਹ ਭਾਰਤ ਵਿੱਚ ਜ਼ਮੀਨ ਪ੍ਰਬੰਧਨ, ਪ੍ਰਸ਼ਾਸਨ ਅਤੇ ਜ਼ਮੀਨ-ਰਿਕਾਰਡ ਰੱਖ-ਰਖਾਅ ਵਿੱਚ ਬਦਲਾਅ ਲਿਆਉਣ ਦੀ ਇੱਕ ਪਹਿਲ ਹੈ। ਇਹ ਪ੍ਰੋਗਰਾਮ ਇੱਕ ਪਾਰਦਰਸ਼ੀ, ਡਿਜੀਟਲ ਅਤੇ ਤਸਦੀਕਯੋਗ ਜ਼ਮੀਨ-ਰਿਕਾਰਡ ਪ੍ਰਣਾਲੀ ਦਾ ਨਿਰਮਾਣ ਕਰ ਰਿਹਾ ਹੈ, ਜੋ ਨਾ ਸਿਰਫ਼ ਨਾਗਰਿਕਾਂ ਦੇ ਜੀਵਨ ਨੂੰ ਅਸਾਨ ਬਣਾਵੇਗੀ, ਸਗੋਂ ਕਸਬਿਆਂ ਅਤੇ ਸ਼ਹਿਰਾਂ ਦੇ ਵਿਕਾਸ ਨੂੰ ਵੀ ਗਤੀ ਪ੍ਰਦਾਨ ਕਰੇਗੀ।

ਭਾਰਤ ਵਿੱਚ, ਜ਼ਮੀਨ ਰਜਿਸਟ੍ਰੇਸ਼ਨ ਲੰਬੇ ਸਮੇਂ ਤੋਂ ਇੱਕ ਗੁੰਝਲਦਾਰ ਅਤੇ ਦਸਤਾਵੇਜ਼-ਅਧਾਰਿਤ ਪ੍ਰਕਿਰਿਆ ਰਹੀ ਹੈ। ਵਿਕ੍ਰੀ ਡੀਡ, ਸਟੈਂਪ ਡਿਊਟੀ, ਰਜਿਸਟ੍ਰੇਸ਼ਨ ਫੀਸ, ਪਟਵਾਰੀ ਤਸਦੀਕ ਅਤੇ ਤਹਿਸੀਲ ਪੱਧਰ 'ਤੇ ਪੇਸ਼ਕਾਰੀਆਂ- ਇਹ ਸਾਰੇ ਨਾਗਰਿਕਾਂ ਦੇ ਲਈ ਪੂਰੀ ਪ੍ਰਣਾਲੀ ਨੂੰ ਮੁਸ਼ਕਲ ਬਣਾ ਦਿੰਦੀਆਂ ਸਨ। ਪੁਰਾਣੇ ਰਜਿਸਟਰ ਅਤੇ ਫਾਈਲਾਂ ਵਿੱਚ ਨਾ ਸਿਰਫ਼ ਗਲਤੀਆਂ ਮੌਜੂਦ ਸਨ, ਸਗੋਂ ਇਨ੍ਹਾਂ ਵਿੱਚ ਅਸਾਨੀ ਨਾਲ ਛੇੜਛਾੜ ਕੀਤੀ ਜਾ ਸਕਦੀ ਸੀ, ਜੋ ਕਈ ਵਿਵਾਦਾਂ ਦਾ ਮੂਲ ਕਾਰਨ ਹੁੰਦਾ ਹੈ। ਅਸਪਸ਼ਟ ਜਾਇਦਾਦ ਦੇ ਰਿਕਾਰਡ ਦੀ ਵਜ੍ਹਾ ਨਾਲ ਬੈਂਕਾਂ ਤੋਂ ਲੋਨ ਪ੍ਰਾਪਤ ਕਰਨ ਦੀ ਸੰਭਾਵਨਾ ਘੱਟ ਹੋ ਗਈ ਸੀ। ਵਿਰਾਸਤ ਜਾਂ ਦਾਖਲ-ਖਾਰਜ ਦੀ ਪ੍ਰਕਿਰਿਆ ਅਕਸਰ ਵਰ੍ਹਿਆਂ ਤੱਕ ਅਦਾਲਤਾਂ ਵਿੱਚ ਲਟਕੀਆਂ ਰਹਿੰਦੀਆਂ ਸਨ। ਗਲਤ ਮਾਪ, ਅਸਪਸ਼ਟ ਸੀਮਾਵਾਂ ਅਤੇ ਸਥਾਨਕ ਰਾਜਨੀਤਕ ਦਖਲਅੰਦਾਜ਼ੀ ਨੇ ਇਨ੍ਹਾਂ ਸਮੱਸਿਆਵਾਂ ਨੂੰ ਹੋਰ ਗੰਭੀਰ ਬਣਾ ਦਿੱਤਾ। ਇਹੀ ਕਾਰਨ ਹੈ ਕਿ ਲੱਖਾਂ ਭਾਰਤੀਆਂ ਦੇ ਲਈ, ਸੁਰੱਖਿਆ ਦੇ ਸਰੋਤ ਦੇ ਰੂਪ ਵਿੱਚ ਜ਼ਮੀਨ ਦਾ ਮਹੱਤਵ ਘੱਟ ਹੁੰਦਾ ਗਿਆ ਅਤੇ ਇਹ ਜੋਖਮ ਦਾ ਪ੍ਰਮੁੱਖ ਸਰੋਤ ਬਣ ਗਈ।

**ਨਕਸ਼ਾ: ਡਿਜੀਟਲ ਪਾਰਦਰਸ਼ਿਤਾ ਵੱਲ ਕਦਮ**

ਨਕਸ਼ਾ ਪ੍ਰੋਗਰਾਮ, ਸਟੀਕ ਅਤੇ ਡਿਜੀਟਲ ਜ਼ਮੀਨ-ਰਿਕਾਰਡ ਤਿਆਰ ਕਰਨ ਦੇ ਲਈ ਡ੍ਰੋਨ ਸਰਵੇਖਣ, ਜੀਐੱਨਐੱਸਐੱਸ ਮੈਪਿੰਗ ਅਤੇ ਜੀਆਈਐੱਸ ਉਪਕਰਣ ਜਿਹੀਆਂ ਐਡਵਾਂਸਡ ਤਕਨੀਕਾਂ ਦਾ ਲਾਭ ਉਠਾਉਂਦਾ ਹੈ। ਇਸ ਪਹਿਲ ਦੇ ਤਹਿਤ, ਨਾਗਰਿਕਾਂ ਨੂੰ 'ਯੋਰਪ੍ਰੋ' (ਸ਼ਹਿਰੀ ਜਾਇਦਾਦ ਮਾਲਕੀ ਰਿਕਾਰਡ) ਕਾਰਡ ਮਿਲਦਾ ਹੈ, ਜੋ ਮਾਲਕੀ ਦਾ ਇੱਕ ਡਿਜੀਟਲ ਪ੍ਰਮਾਣ ਹੈ ਅਤੇ ਜਾਇਦਾਦ ਦੇ ਲੈਣ-ਦੇਣ ਨੂੰ ਅਸਾਨ ਬਣਾਉਂਦਾ ਹੈ। ਸਰਕਾਰ 'ਯੋਰਪ੍ਰੋ' ਪ੍ਰੋਗਰਾਮ ਨੂੰ ਸਮਰਥਨ ਦੇ ਰਹੀ ਹੈ। ਨਕਸ਼ਾ ਦੇ ਨਾਲ, ਲੋਕਾਂ ਨੂੰ ਹੁਣ ਮਾਲਕੀ ਦੀ ਪੁਸ਼ਟੀ ਦੇ ਲਈ ਦਸਤਾਵੇਜ਼ਾਂ ਜਾਂ ਵਿਚੋਲਿਆਂ 'ਤੇ ਨਿਰਭਰ ਰਹਿਣ ਦੀ ਜ਼ਰੂਰਤ ਨਹੀਂ ਹੈ। ਇਸ ਨਾਲ ਲੋਨ ਪ੍ਰਾਪਤ ਕਰਨ, ਵਿਕਰੀ ਪੂਰੀ ਕਰਨ, ਵਿਰਾਸਤ ਪ੍ਰਾਪਤ ਕਰਨ ਅਤੇ ਵਿਵਾਦਾਂ ਦਾ ਨਿਪਟਾਰਾ ਕਰਨ ਦੀ ਪ੍ਰਕਿਰਿਆ ਤੇਜ਼ ਅਤੇ ਵਧੇਰੇ ਪਾਰਦਰਸ਼ੀ ਹੋ ਗਈ ਹੈ। ਅੰਤ ਵਿੱਚ ਨਕਸ਼ਾ ਸਿਰਫ਼ ਇੱਕ ਤਕਨੀਕੀ ਸੁਧਾਰ ਨਹੀਂ ਹੈ- ਇਹ ਨਾਗਰਿਕ ਸਸ਼ਕਤੀਕਰਣ, ਸਮਾਨਤਾ ਅਤੇ ਜ਼ਮੀਨੀ-ਮਾਲਕੀ ਵਿੱਚ ਕਾਨੂੰਨੀ ਭਰੋਸੇ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਨਕਸ਼ਾ ਪ੍ਰੋਗਰਾਮ ਮੁੱਖ ਤੌਰ 'ਤੇ ਉਨ੍ਹਾਂ ਨਾਗਰਿਕਾਂ ਨੂੰ ਲਾਭਵੰਦ ਕਰਦਾ ਹੈ, ਜੋ ਲੰਬੇ ਸਮੇਂ ਤੋਂ ਅਧੂਰੇ ਜਾਂ ਪੁਰਾਣੇ ਜ਼ਮੀਨੀ-ਦਸਤਾਵੇਜ਼ਾਂ 'ਤੇ ਨਿਰਭਰ ਰਹੇ ਹਨ। ਨਗਰ ਪਾਲਿਕਾਵਾਂ ਅਤੇ ਸਥਾਨਕ ਕੌਂਸਲਾਂ ਕੋਲ ਹੁਣ ਸਵੱਛ, ਸਟੀਕ ਜ਼ਮੀਨੀ-ਸਥਾਨਕ ਡੇਟਾ ਤੱਕ ਪਹੁੰਚ ਦੀ ਸੁਵਿਧਾ ਹੈ, ਜਿਸ ਨਾਲ ਬਿਹਤਰ ਫ਼ੈਸਲੇ ਲੈਣਾ ਅਤੇ ਪਾਰਦਰਸ਼ਿਤਾ ਯਕੀਨੀ ਹੁੰਦੀ ਹੈ। ਨਾਗਰਿਕ ਅਸਾਨੀ ਨਾਲ ਔਨਲਾਈਨ ਫਾਰਮੈਟ ਮੈਪ ਦੇਖ ਸਕਦੇ ਹਨ ਅਤੇ ਇਤਰਾਜ਼ ਦਰਜ ਕਰ ਸਕਦੇ ਹਨ, ਜਿਸ ਨਾਲ ਇਸ ਪ੍ਰਕਿਰਿਆ ਵਿੱਚ ਜਨਤਾ ਦੀ ਭਾਗੀਦਾਰੀ ਯਕੀਨੀ ਹੁੰਦੀ ਹੈ। ਇਹ ਡਿਜੀਟਲ ਪ੍ਰਣਾਲੀ ਟੈਕਸ ਨੂੰ ਵੱਧ ਨਿਰਪੱਖ ਅਤੇ ਪਾਰਦਰਸ਼ੀ ਬਣਾਉਂਦੀ ਹੈ, ਨਾਲ ਹੀ ਸ਼ਹਿਰੀ ਨੀਤੀ-ਨਿਰਮਾਣ ਅਤੇ ਇਨਫ੍ਰਾਸਟ੍ਰਕਚਰ ਡਿਜ਼ਾਈਨ ਦੀ ਸਟੀਕਤਾ ਅਤੇ ਗਤੀ ਵਿੱਚ ਸੁਧਾਰ ਕਰਦੀ ਹੈ। ਸੰਖੇਪ ਵਿੱਚ, ਜੋ ਜ਼ਮੀਨੀ-ਰਿਕਾਰਡ ਕਦੇ ਧੂੜ ਭਰੇ ਰਜਿਸਟਰਾਂ ਵਿੱਚ ਸਿਰਫ਼ ਹੱਥ ਲਿਖਤ ਐਂਟਰੀਆਂ ਵਜੋਂ ਮੌਜੂਦਾ ਸੀ, ਉਹ ਹੁਣ ਰੰਗੀਨ, ਇੰਟਰੈਕਟਿਵ ਅਤੇ ਪਾਰਦਰਸ਼ੀ ਡਿਜੀਟਲ ਮੈਪਿੰਗਾਂ ਵਿੱਚ ਵਿਕਸਿਤ ਹੋ ਗਿਆ ਹੈ। ਇਹ ਆਧੁਨਿਕ, ਡੇਟਾ-ਸੰਚਾਲਿਤ ਸ਼ਾਸਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਨਕਸ਼ਾ ਪ੍ਰੋਗਰਾਮ ਦਾ ਪ੍ਰਭਾਵ ਨਿਜੀ ਮਾਲਕੀ ਅਤੇ ਪ੍ਰਸ਼ਾਸਨਿਕ ਕੁਸ਼ਲਤਾ ਤੋਂ ਕਿਤੇ ਅੱਗੇ ਤੱਕ ਫੈਲਿਆ ਹੋਇਆ ਹੈ ਅਤੇ ਇਹ ਆਫਤ ਪ੍ਰਬੰਧਨ ਅਤੇ ਸ਼ਹਿਰੀ ਨੀਤੀ-ਨਿਰਮਾਣ ਦੇ ਲਈ ਇੱਕ ਮਹੱਤਵਪੂਰਨ ਉਪਕਰਣ ਦੇ ਰੂਪ ਵਿੱਚ ਉਭਰ ਰਿਹਾ ਹੈ। ਸਥਿਤੀ ਦੀ ਉਚਾਈ ਦਾ ਵਿਸਤ੍ਰਿਤ ਡੇਟਾ ਪ੍ਰਦਾਨ ਕਰਕੇ, ਇਹ ਲੋਕਾਂ ਨੂੰ ਹੜ੍ਹ-ਜੋਖਮ ਵਾਲੇ ਖੇਤਰਾਂ ਦੀ ਪਛਾਣ ਕਰਨ ਦੇ ਯੋਗ ਬਣਾਉਂਦਾ ਹੈ, ਜਦਕਿ ਚੱਕਰਵਾਤ, ਭੂਚਾਲ ਅਤੇ ਅੱਗ ਦੀ ਸਥਿਤੀ ਵਿੱਚ, ਇਹ ਬਿਨਾ ਕਿਸੇ ਦੇਰੀ ਦੇ ਬਚਾਅ ਅਤੇ ਰਾਹਤ ਕਾਰਜਾਂ ਨੂੰ ਸ਼ੁਰੂ ਕਰਨ ਦੀ ਸੁਵਿਧਾ ਦਿੰਦਾ ਹੈ।

ਪ੍ਰਮਾਣਿਤ ਡਿਜੀਟਲ ਮਾਲਕੀ ਰਿਕਾਰਡ ਇਹ ਵੀ ਯਕੀਨੀ ਬਣਾਉਂਦੇ ਹਨ ਕਿ ਮੁਆਵਜ਼ਾ ਅਤੇ ਸਹਾਇਤਾ ਸਹੀ ਲਾਭਾਰਥੀਆਂ ਤੱਕ ਜਲਦੀ ਪਹੁੰਚੇ। ਇਸ ਨਾਲ ਆਫਤ ਦੇ ਬਾਅਦ, ਮੁੜ-ਸਥਿਤੀ ਨੂੰ ਬਹਾਲ ਕਰਨ ਦੀ ਪ੍ਰਕਿਰਿਆ ਵਧੇਰੇ ਕੁਸ਼ਲ ਹੋ ਜਾਂਦੀ ਹੈ। ਇਸ ਤੋਂ ਇਲਾਵਾ, ਨਕਸ਼ਾ ਸੰਤੁਲਿਤ ਅਤੇ ਟਿਕਾਊ ਇਨਫ੍ਰਾਸਟ੍ਰਕਚਰ ਵਿਕਾਸ ਨੂੰ ਹੁਲਾਰਾ ਦੇ ਕੇ ਦੀਰਘਕਾਲੀ ਸ਼ਹਿਰੀ ਮਜ਼ਬੂਤੀ ਦਾ ਸਮਰਥਨ ਕਰਦਾ ਹੈ।

ਗ਼ੈਰ-ਨਿਵਾਸੀ ਭਾਰਤੀਆਂ (ਐੱਨਆਰਆਈ) ਅਤੇ ਦਿਵਯਾਂਗਜਨਾਂ ਜਿਹੇ ਕਮਜ਼ੋਰ ਸਮੂਹਾਂ ਦੇ ਲਈ, ਨਕਸ਼ਾ ਸੁਰੱਖਿਆ ਅਤੇ ਪਹੁੰਚਯੋਗਤਾ ਪ੍ਰਦਾਨ ਕਰਦਾ ਹੈ- ਉਨ੍ਹਾਂ ਨੂੰ ਜਾਇਦਾਦ ਦੇ ਰਿਕਾਰਡ ਔਨਲਾਈਨ ਦੇਖਣ ਅਤੇ ਤਸਦੀਕ ਕਰਨ ਦੀ ਸੁਵਿਧਾ ਦਿੰਦਾ ਹੈ, ਕਿਸੇ ਵੀ ਧੋਖਾਧੜੀ ਅਤੇ ਹਮਲੇ ਦੇ ਜੋਖਮ ਨੂੰ ਘੱਟ ਕਰਦਾ ਹੈ, ਅਤੇ ਸਰਕਾਰੀ ਦਫ਼ਤਰਾਂ ਦੇ ਵਾਰ-ਵਾਰ ਚੱਕਰ ਲਗਾਏ ਬਿਨਾ ਅਸਾਨ ਪਹੁੰਚ ਯਕੀਨੀ ਬਣਾਉਂਦਾ ਹੈ। ਸੰਖੇਪ ਵਿੱਚ, ਨਕਸ਼ਾ ਸਿਰਫ਼ ਇੱਕ ਤਕਨੀਕੀ ਸੁਧਾਰ ਨਹੀਂ ਹੈ, ਸਗੋਂ ਦੁਨੀਆ ਭਰ ਦੇ ਉਨ੍ਹਾਂ ਨਾਗਰਿਕਾਂ ਦੇ ਲਈ ਵਿਸ਼ਵਾਸ ਅਤੇ ਸਸ਼ਕਤੀਕਰਣ ਦਾ ਪ੍ਰਤੀਕ ਹੈ, ਜਿਨ੍ਹਾਂ ਦੀ ਭਾਰਤ ਦੀ ਜ਼ਮੀਨੀ ਅਤੇ ਇਸ ਦੇ ਭਵਿੱਖ ਵਿੱਚ ਹਿੱਸੇਦਾਰੀ ਹੈ।

**ਵਿਕਸਿਤ ਭਾਰਤ ਦੀ ਨੀਂਹ**

ਭਾਰਤੀ ਇਤਿਹਾਸ ਵਿੱਚ, ਜ਼ਮੀਨੀ ਵਿਵਾਦਾਂ ਨੇ ਅਕਸਰ ਅਸਮਾਨਤਾ, ਸੰਘਰਸ਼ ਅਤੇ ਦੇਰੀ ਨੂੰ ਜਨਮ ਦਿੱਤਾ ਹੈ- ਪਰ ਨਕਸ਼ਾ ਪ੍ਰੋਗਰਾਮ ਜ਼ਮੀਨ ਪ੍ਰਸ਼ਾਸਨ ਪ੍ਰਣਾਲੀ ਨੂੰ ਪਾਰਦਰਸ਼ੀ, ਕੁਸ਼ਲ ਅਤੇ ਨਾਗਰਿਕ-ਕੇਂਦ੍ਰਿਤ ਬਣਾ ਕੇ ਇਸ ਵਿਰਾਸਤ ਨੂੰ ਬਦਲ ਰਿਹਾ ਹੈ। ਸਮਾਰਟ ਸ਼ਹਿਰ, ਪੀਐੱਮ ਗਤੀ ਸ਼ਕਤੀ ਅਤੇ ਪੀਐੱਮ ਸਵਨਿਧੀ ਜਿਹੇ ਰਾਸ਼ਟਰੀ ਮਿਸ਼ਨਾਂ ਦੇ ਨਾਲ ਏਕੀਕਰਣ ਰਾਹੀਂ, ਨਕਸ਼ਾ ਭਾਰਤ ਦੇ ਵਿਕਾਸ-ਕੇਂਦ੍ਰਿਤ ਭਵਿੱਖ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਰਿਹਾ ਹੈ। ਇਹ ਨਾ ਸਿਰਫ਼ ਸਥਾਨਕ ਸ਼ਾਸਨ ਨੂੰ ਮਜ਼ਬੂਤ ਕਰਦਾ ਹੈ, ਸਗੋਂ ਨਾਗਰਿਕ ਭਾਗੀਦਾਰੀ, ਸਸ਼ਕਤੀਕਰਣ ਅਤੇ ਆਰਥਿਕ ਵਿਕਾਸ ਨੂੰ ਵੀ ਹੁਲਾਰਾ ਦਿੰਦਾ ਹੈ, ਜਿਸ ਨਾਲ ਵੱਧ ਨਿਵੇਸ਼ ਅਤੇ ਰੁਜ਼ਗਾਰ ਸਿਰਜਣ ਦਾ ਰਾਹ ਪੱਧਰਾ ਹੁੰਦਾ ਹੈ।

ਆਖਿਰਕਾਰ, ਜ਼ਮੀਨ ਸਿਰਫ਼ ਇੱਕ ਭੌਤਿਕ ਜਾਇਦਾਦ ਨਹੀਂ ਹੈ- ਇਹ ਹਰੇਕ ਭਾਰਤੀ ਨਾਗਰਿਕ ਦੀ ਪਹਿਚਾਣ ਅਤੇ ਵਿਰਾਸਤ ਹੈ। ਦਹਾਕਿਆਂ ਤੋਂ, ਇਹ ਵਿਰਾਸਤ ਅਵਿਵਸਥਾ ਅਤੇ ਭ੍ਰਿਸ਼ਟਾਚਾਰ ਦੇ ਕਵਰ ਨਾਲ ਢਕੀ ਹੋਈ ਸੀ, ਪਰ ਨਕਸ਼ਾ ਵਿਸ਼ਵਾਸ, ਪਾਰਦਰਸ਼ਿਤਾ ਅਤੇ ਸਮਾਨਤਾ ਦਾ ਅੰਮ੍ਰਿਤ ਕਾਲ ਪੇਸ਼ ਕਰ ਰਿਹਾ ਹੈ। ਸੁਰੱਖਿਅਤ, ਪ੍ਰਮਾਣਿਤ ਡਿਜੀਟਲ ਜ਼ਮੀਨ ਰਿਕਾਰਡ ਦੇ ਨਾਲ, ਹੁਣ ਨਾਗਰਿਕਾਂ ਦੇ ਕੋਲ ਸੱਚਮੁਚ ਆਪਣੇ ਸੁਪਨਿਆਂ ਦੀ ਚਾਬੀ ਹੈ- ਜੋ ਭਾਰਤ ਨੂੰ ਇੱਕ ਵਧੇਰੇ ਨਿਆਂਸੰਗਤ, ਪਾਰਦਰਸ਼ੀ ਅਤੇ ਵਿਕਸਿਤ ਭਵਿੱਖ ਵੱਲ ਲੈ ਜਾ ਰਹੀ ਹੈ।

# ਪਲੇਅ ਵੇਅ ਸਕੂਲਾਂ ਦੀ ਰਜਿਸਟ੍ਰੇਸ਼ਨ ਕਰਨ ਲਈ ਨਵੀਆਂ ਹਦਾਇਤਾਂ ਜਾਰੀ : ਡਿਪਟੀ ਕਮਿਸ਼ਨਰ

**ਬਰਨਾਲਾ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਰਲੀ ਚਾਇਲਡ ਹੁੱਡ ਕੇਅਰ ਐਂਡ ਐਜੂਕੇਸ਼ਨ ਸਕੀਮ ਅਧੀਨ ਪ੍ਰਾਈਵੇਟ ਪਲੇਅ-ਵੇ-ਸਕੂਲਾਂ ਦੀ ਨਵੀਂ ਰਜਿਸ਼ਟ੍ਰੇਸ਼ਨ ਕਰਵਾਉਣ ਸਬੰਧੀ ਪੰਜਾਬ ਸਰਕਾਰ ਵਲੋਂ ਪਲੇਅ ਵੇਅ ਸਕੂਲਾਂ ਲਈ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਜਿਸ ਤਹਿਤ ਪੰਜਾਬ ਵਿਚ ਚੱਲ ਰਹੇ ਸਾਰੇ ਪ੍ਰਾਈਵੇਟ ਪਲੇਅ-ਵੇ ਸਕੂਲ ਹੁਣ ਤੋਂ ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਰਜਿਸਟਰਡ ਕੀਤੇ ਜਾਣਗੇ। ਜਿਸ ਤੋਂ ਬਾਅਦ ਸਰਕਾਰ ਕੋਲ ਬੱਚਿਆਂ ਦੇ ਸਾਰੇ ਵੇਰਵੇ ਹੋਣਗੇ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਨਿੱਜੀ ਪਲੇਅ-ਵੇ ਸਕੂਲਾਂ ਵਿਚ ਬਚਪਨ ਦੇ ਸ਼ੁਰੂਆਤੀ ਵਿਕਾਸ ਲਈ ਬੱਚਿਆਂ ਨੂੰ ਖੇਡਾਂ ਦੇ ਜਰੀਏ ਪੜ੍ਹਾਇਆ ਜਾਵੇਗਾ, ਜਿਸ ਨਾਲ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਨਿਖਾਰ ਆਵੇਗਾ। ਉਨ੍ਹਾਂ ਦੱਸਿਆ ਕਿ ਨਵੇਂ ਦਿਸ਼ਾ ਨਿਰਦੇਸ਼ਾਂ ਤਹਿਤ ਇਨ੍ਹਾਂ ਪਲੇਅ ਵੇਅ ਸਕੂਲਾਂ ਦੀ ਨਵੀਂ ਰਜਿਸਟ੍ਰੇਸ਼ਨ ਅਤੇ ਪੁਰਾਣੀ ਰਜਿਸਟ੍ਰੇਸ਼ਨ ਰਿਨਿਊ ਕਾਰਵਾਈ ਜਾਣੀ ਲਾਜ਼ਮੀ ਕਰਾਰ ਦਿੱਤਾ ਗਿਆ ਹੈ ਜਿਸ ਸਬੰਧੀ ਵਿਸਥਾਰ ਵਿਚ ਨਿਯਮ ਅਤੇ ਹਦਾਇਤਾਂ ਲਾਗੂ ਹੋਣਗੀਆਂ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਸ਼੍ਰੀ ਪਰਦੀਪ ਸਿੰਘ ਗਿੱਲ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਬਰਨਾਲਾ ਨੇ ਦੱਸਿਆ ਕਿ ਪਲੇਅ ਵੇਅ ਸਕੂਲ ਦੀ ਇਮਾਰਤ ਦਾ ਹਵਾਦਾਰ ਹੋਣਾ, ਸਕੂਲ ਦੀ ਚਾਰ-ਦੀਵਾਰੀ, ਸਾਫ਼ ਸੁਥਰਾ ਪੀਣ ਯੋਗ ਪਾਣੀ, ਅਧਿਆਪਕਾਂ ਅਤੇ ਬੱਚਿਆਂ ਦੀ ਗਿਣਤੀ ਦਾ 1:20 ਦਾ ਅਨੁਪਾਤ ਭਾਵ ਇੱਕ ਅਧਿਆਪਕ 20 ਤੋਂ ਵੱਧ ਬੱਚਿਆਂ ਨੂੰ ਨਹੀਂ ਪੜ੍ਹਾ ਸਕੇਗਾ। ਉਸ ਦੇ ਨਾਲ ਇਕ ਕੇਅਰਟੇਕਰ ਵੀ ਹੋਵੇਗਾ ਤਾਂ ਜੋ ਬੱਚਿਆਂ ਦੀ ਸਿਹਤ ਨਾਲ ਸਮਝੌਤਾ ਨਾ ਹੋਵੇ। ਸਕੂਲ ਅੰਦਰਲੀ ਬਣਤਰ, ਰੈਸਟ ਰੂਮ ਦੀ ਵਿਵਸਥਾ, ਲੜਕੇ ਅਤੇ ਲੜਕੀਆਂ ਲਈ ਵੱਖਰੇ ਪਖਾਨੇ, ਸਾਰੇ ਸਕੂਲਾਂ ਵਿਚ ਸੀਸੀਟੀਵੀ ਕੈਮਰੇ ਵੀ ਲਾਜ਼ਮੀ ਕੀਤੇ ਗਏ ਹਨ।

ਉਨ੍ਹਾਂ ਹੋਰ ਦੱਸਿਆ ਕਿ ਨਵੇਂ ਦਿਸ਼ਾ ਨਿਰਦੇਸ਼ਾਂ ਤਹਿਤ ਸਕੂਲਾਂ ਵਿੱਚ ਦਾਖ਼ਲੇ ਲਈ ਬੱਚੇ ਲਈ ਕੋਈ ਸਕ੍ਰੀਨਿੰਗ ਟੈਸਟ ਜਾਂ ਮਾਤਾ-ਪਿਤਾ ਦੀ ਇੰਟਰਵਿਊ ਆਦਿ ਨਹੀਂ ਹੋਵੇਗੀ। ਇਨ੍ਹਾਂ ਸਕੂਲਾਂ ਵਿੱਚ ਜੰਕ ਫੂਡ 'ਤੇ ਪੂਰੀ ਤਰ੍ਹਾਂ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਘਰੋਂ ਵੀ ਜੰਕ ਫੂਡ ਟਿਫ਼ਿਨ ਵਿੱਚ ਨਹੀਂ ਆਵੇਗਾ ਅਤੇ ਨਾ ਹੀ ਸਕੂਲ ਵਿੱਚ ਜਾਂ ਆਲੇ-ਦੁਆਲੇ ਜੰਕ ਫ਼ੂਡ ਵੇਚਿਆ ਜਾਵੇਗਾ ਅਤੇ ਬੱਚਿਆਂ ਨੂੰ ਖੇਡਾਂ ਰਾਹੀਂ ਸਿਖਾਇਆ ਜਾਣਾ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦਾ ਡਰਾਉਣ ਜਾ ਧਮਕਾਉਣ 'ਤੇ ਪਾਬੰਦੀ ਹੈ। ਬੱਚਿਆਂ 'ਤੇ ਕੰਮ ਦਾ ਕੋਈ ਬੋਝ ਨਹੀਂ ਹੋਵੇਗਾ, ਪਲੇਅ ਵੇਅ ਦੇ ਅੰਦਰ ਲਾਇਬ੍ਰੇਰੀ ਦਾ ਪ੍ਰਬੰਧ ਹੋਵੇਗਾ, ਹਰ ਮਹੀਨੇ ਬੱਚੇ ਦੀ ਸਿਹਤ ਜਾਂਚ ਹੋਵੇਗੀ ਅਤੇ ਸਕੂਲ ਬੱਚੇ ਦੇ ਟੀਕਾਕਰਨ ਦਾ ਰਿਕਾਰਡ ਰੱਖੇਗਾ। ਬੱਚਿਆਂ ਦੀ ਸੁਰੱਖਿਆ ਲਈ ਫ਼ਾਇਰ ਸੇਫ਼ਟੀ, ਸਿਹਤ ਸਹੂਲਤਾਂ ਸਭ ਦੀ ਜਾਂਚ ਕੀਤੀ ਜਾਵੇਗੀ। ਸਕੂਲ ਵਿਚ ਫ਼ੀਸਾਂ ਕਿਵੇਂ ਲਈਆਂ ਜਾਣਗੀਆਂ।

ਉਹਨਾਂ ਨੇ ਦੱਸਿਆ ਜ਼ਿਲ੍ਹਾ ਬਰਨਾਲਾ ਵਿੱਚ ਚੱਲ ਰਹੇ /ਚਾਹਵਾਨ ਪਲੇਅ ਵੇਅ ਸਕੂਲਾਂ ਦੇ ਮਾਲਕਾਂ / ਟਰੱਸਟਾਂ ਨੂੰ ਹਦਾਇਤ ਕੀਤੀ ਕਿ ਉਹ ਜਲਦ ਤੋਂ ਜਲਦ ਹਦਾਇਤਾਂ ਦੀ ਪਾਲਣਾ ਕਰਨ ਅਤੇ ਉਨ੍ਹਾਂ ਦੱਸਿਆ ਕਿ ਹਦਾਇਤਾਂ ਦੀ ਪਾਲਣਾ ਨਾ ਕਰਨ ਅਤੇ ਰਜਿਸਟ੍ਰੇਸ਼ਨ ਨਾ ਕਰਵਾਉਣ ਦੀ ਹਾਲਤ ਵਿੱਚ ਸਬੰਧਤ ਸਕੂਲਾਂ ਉੱਪਰ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਹੋਰ ਦੱਸਿਆ ਕਿ ਨਵੀਂ ਹਦਾਇਤਾਂ ਸਬੰਧੀ ਵਧੇਰੇ ਜਾਣਕਾਰੀ ਜ਼ਿਲ੍ਹੇ ਦੀ ਵੈਬਸਾਈਟ barnala.gov.in ਤੋਂ ਲਈ ਜਾ ਸਕਦੀ ਹੈ।

ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਉਨ੍ਹਾਂ ਸਕੂਲਾਂ ਵਿੱਚ ਦਾਖਲ ਕਰਵਾਉਣ ਨੂੰ ਤਰਜ਼ੀਹ ਦੇਣ ਜੋ ਪਹਿਲਾਂ ਹੀ ਵਿਭਾਗ ਨਾਲ ਰਜਿਸਟਰਡ ਹਨ।

# ਦੂਜੀਆਂ ਰਾਸ਼ਟਰੀ ਸੱਭਿਆਚਾਰਕ ਪਾਈਥੀਅਨ ਖੇਡਾਂ ਵਿੱਚ ਪੰਜਾਬ ਨੇ ਓਵਰਆਲ ਚੈਂਪੀਅਨਸ਼ਿਪ ਜਿੱਤੀ, ਹਰਿਆਣਾ ਓਵਰਆਲ ਦੂਜੇ ਸਥਾਨ 'ਤੇ ਰਿਹਾ

## ਪੰਜਾਬ ਦੇ ਮੁੰਡੇ ਅਤੇ ਹਰਿਆਣਾ ਦੀਆਂ ਕੁੜੀਆਂ ਆਪੋ-ਆਪਣੇ ਵਰਗਾਂ ਵਿੱਚ ਬਣੀਆਂ ਚੈਂਪੀਅਨ

**ਚੰਡੀਗੜ੍ਹ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਆ ਹੁਨਰ, ਸਟੀਕ ਵਾਰਾਂ ਅਤੇ ਬਿਹਤਰ ਜੰਗਜੂ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਨੇ ਇੱਕ ਵਾਰ ਫਿਰ ਕਰਨਾਟਕ ਦੀ ਬੰਗਲੁਰੂ ਸਿਟੀ ਯੂਨੀਵਰਸਿਟੀ ਦੇ ਕੈਂਪਸ ਵਿੱਚ ਆਯੋਜਿਤ ਦੂਜੀਆਂ ਰਾਸ਼ਟਰੀ ਸੱਭਿਆਚਾਰਕ ਪਾਈਥੀਅਨ ਖੇਡਾਂ-2025 ਵਿੱਚ ਸਮੁੱਚੀ ਗੱਤਕਾ ਚੈਂਪੀਅਨਸ਼ਿਪ ਜਿੱਤ ਕੇ ਆਪਣਾ ਦਬਦਬਾ ਕਾਇਮ ਰੱਖਿਆ। ਹਰਿਆਣਾ ਦੂਜੇ ਸਥਾਨ 'ਤੇ ਰਿਹਾ। ਗੱਤਕਾ ਮੁਕਾਬਲਿਆਂ ਨੇ ਇਸ ਸਮਾਗਮ ਨੂੰ ਭਾਰਤ ਦੀ ਰਵਾਇਤੀ ਮਾਰਸ਼ਲ ਕਲਾ ਦਾ ਇੱਕ ਮਨਮੋਹਕ ਪ੍ਰਦਰਸ਼ਨ ਪੇਸ਼ ਕੀਤਾ ਜੋ ਕਿ ਪਾਈਥੀਅਨ ਖੇਡਾਂ ਦੇ ਮੁੱਖ ਆਕਰਸ਼ਣਾਂ ਵਿੱਚੋਂ ਇੱਕ ਸੀ।



ਦੋ ਦਿਨਾਂ ਤੋਂ ਵੱਧ ਚੱਲੇ ਤਿੱਖੇ ਅਤੇ ਰੋਮਾਂਚਕ ਮੁਕਾਬਲਿਆਂ ਵਿੱਚ ਪੰਜਾਬ ਦੇ ਮੁੰਡੇ ਅਤੇ ਹਰਿਆਣਾ ਦੀਆਂ ਕੁੜੀਆਂ ਨੇ ਬਿਹਤਰੀਨ ਖੇਡ ਕਲਾ ਅਤੇ ਮਾਰਸ਼ਲ ਤਕਨੀਕਾਂ ਦਾ ਪ੍ਰਦਰਸ਼ਨ ਕਰਕੇ ਆਪੋ-ਆਪਣੇ ਵਰਗਾਂ ਵਿੱਚ ਚੋਟੀ ਦੇ ਖਿਤਾਬ ਜਿੱਤੇ। ਹਰਿਆਣਾ ਦੇ ਮੁੰਡੇ ਅਤੇ ਪੰਜਾਬ ਦੀਆਂ ਕੁੜੀਆਂ ਦੂਜੇ ਸਥਾਨ 'ਤੇ ਰਹੀਆਂ ਜਦੋਂ ਕਿ ਉਤਰਾਖੰਡ ਅਤੇ ਛੱਤੀਸਗੜ੍ਹ ਨੇ ਮੁੰਡਿਆਂ ਵਿੱਚ ਤੀਜਾ ਸਥਾਨ ਸਾਂਝਾ ਕੀਤਾ ਅਤੇ ਚੰਡੀਗੜ੍ਹ ਅਤੇ ਆਂਧਰਾ ਪ੍ਰਦੇਸ਼ ਨੇ ਸਾਂਝੇ ਤੌਰ 'ਤੇ ਕੁੜੀਆਂ ਦੇ ਮੁਕਾਬਲਿਆਂ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

ਇਸ ਗੱਤਕਾ ਮੁਕਾਬਲੇ ਦਾ ਉਦਘਾਟਨ ਮਾਡਰਨ ਪਾਈਥੀਅਨ ਕਲਚਰਲ ਗੇਮਜ਼ ਦੇ ਸੰਸਥਾਪਕ ਅਤੇ ਪਾਈਥੀਅਨ ਕੌਂਸਲ ਆਫ਼ ਇੰਡੀਆ ਦੇ ਚੇਅਰਮੈਨ ਬਿਜੇਂਦਰ ਗੋਇਲ ਨੇ ਬਹੁਤ ਉਤਸ਼ਾਹ ਅਤੇ ਜੀਵੰਤ ਰਵਾਇਤੀ ਪ੍ਰਦਰਸ਼ਨਾਂ ਵਿਚਕਾਰ ਕੀਤਾ। ਬਾਅਦ ਵਿੱਚ ਸੈਮੀਫਾਈਨਲ ਮੁਕਾਬਲਿਆਂ ਦਾ ਉਦਘਾਟਨ ਦੂਜੀਆਂ ਰਾਸ਼ਟਰੀ ਸੱਭਿਆਚਾਰਕ ਪਾਈਥੀਅਨ ਖੇਡਾਂ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਬੀ.ਐਚ. ਅਨਿਲ ਕੁਮਾਰ, ਆਈ.ਏ.ਐਸ. ਵੱਲੋਂ ਕੀਤਾ ਗਿਆ।

ਸਮਾਪਤੀ ਦਿਨ ਦੇ ਅੰਤਿਮ ਗੱਤਕਾ ਮੁਕਾਬਲਿਆਂ ਦਾ ਉਦਘਾਟਨ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ (ਐਨ.ਜੀ.ਏ.ਆਈ.) ਦੇ ਪ੍ਰਧਾਨ ਐਡਵੋਕੇਟ ਹਰਜੀਤ ਸਿੰਘ ਗਰੇਵਾਲ ਨੇ ਕੀਤਾ ਜਿਨ੍ਹਾਂ ਨੇ ਗੱਤਕਾਬਾਜ਼ਾਂ ਦੀ ਮਿਸਾਲੀ ਖੇਡ ਭਾਵਨਾ ਅਤੇ ਅਨੁਸ਼ਾਸਨ ਪ੍ਰਦਰਸ਼ਿਤ ਕਰਨ ਲਈ ਪ੍ਰਸ਼ੰਸਾ ਕੀਤੀ। ਇਸ ਸਮਾਗਮ ਵਿੱਚ ਸੁਖਚੈਨ ਸਿੰਘ ਕਲਸਾਣੀ, ਜਸਪ੍ਰੀਤ ਸਿੰਘ ਸੈਣੀ, ਆਰਥੀ ਦੀਵਾਨ, ਸ੍ਰੀਜੀਤ ਸੁਰੇਂਦਰ ਅਤੇ ਕੋਚ ਵੇਣੂਗੋਪਾਲ ਵੇਲੋਲੀ (ਬੈਂਗਲੁਰੂ) ਸਮੇਤ ਸੀਨੀਅਰ ਗੱਤਕਾ ਕੋਚ ਜਗਦੀਸ਼ ਸਿੰਘ ਤੇ ਰੈਫ਼ਰੀਆਂ ਵਿੱਚ ਹਰਨਾਮ ਸਿੰਘ, ਹਰਸਿਮਰਨ ਸਿੰਘ, ਅੰਮ੍ਰਿਤਪਾਲ ਸਿੰਘ, ਜਸ਼ਨਪ੍ਰੀਤ ਸਿੰਘ, ਸ਼ੈਰੀ ਸਿੰਘ, ਨਰਿੰਦਰਪਾਲ ਸਿੰਘ, ਅਮਨ ਸਿੰਘ ਛੱਤੀਸਗੜ੍ਹ ਆਦਿ ਹਾਜ਼ਰ ਸਨ।

**ਕੁੜੀਆਂ ਦੇ ਨਤੀਜੇ ਇਸ ਪ੍ਰਕਾਰ ਰਹੇ :**

ਗੱਤਕਾ-ਸੋਟੀ ਟੀਮ ਮੁਕਾਬਲੇ ਵਿੱਚ ਹਰਿਆਣਾ ਦੀ ਅਸ਼ਮੀਤ ਕੌਰ, ਜਸਕੀਰਤ ਕੌਰ ਅਤੇ ਅਰਜਮੀਤ ਕੌਰ ਨੇ ਸੋਨ ਤਗ਼ਮਾ ਜਿੱਤਿਆ ਜਦਕਿ ਪੰਜਾਬ ਦੀ ਦਮਨਪ੍ਰੀਤ ਕੌਰ, ਰਮਨਪ੍ਰੀਤ ਕੌਰ ਅਤੇ ਪਵਨੀਤ ਕੌਰ ਨੇ ਚਾਂਦੀ ਦਾ ਤਗ਼ਮਾ ਜਿੱਤਿਆ। ਗੁਰਮਨਪ੍ਰੀਤ ਕੌਰ, ਨਵਦੀਪ ਕੌਰ ਅਤੇ ਰਵਨੀਤ ਕੌਰ ਦੀ ਚੰਡੀਗੜ੍ਹ ਟੀਮ ਅਤੇ ਆਂਧਰਾ ਪ੍ਰਦੇਸ਼ ਦੀ ਬਡਪੱਲੀ ਡੀਕ ਸ਼ਿਠਾ, ਕਡਿਆਲਾ ਬਾਲਾ ਚੰਦਨਾ ਪ੍ਰਿਆ ਅਤੇ ਜੀ. ਡੀਫੀ ਨੇ ਕਾਂਸੀ ਦੇ ਤਗਮੇ ਸਾਂਝੇ ਤੌਰ ਤੇ ਜਿੱਤੇ।

ਗੱਤਕਾ-ਸੋਟੀ ਵਿਅਕਤੀਗਤ ਮੁਕਾਬਲਿਆਂ ਵਿੱਚ ਪਵਨੀਤ ਕੌਰ (ਪੰਜਾਬ) ਨੇ ਸੋਨ ਤਮਗਾ, ਹਰਮਨਪ੍ਰੀਤ ਕੌਰ (ਚੰਡੀਗੜ੍ਹ) ਨੇ ਚਾਂਦੀ ਜਦੋਂ ਕਿ ਬਡੇਪੱਲੀ ਡੀਕ ਸ਼ਿਥਾ (ਆਂਧਰਾ ਪ੍ਰਦੇਸ਼) ਅਤੇ ਕਸ਼ਮੀਰ ਕੌਰ (ਹਰਿਆਣਾ) ਨੇ ਸਾਂਝੇ ਤੌਰ 'ਤੇ ਕਾਂਸੀ ਦਾ ਤਗਮਾ ਜਿੱਤਿਆ।

ਫੱਰੀ-ਸੋਟੀ ਟੀਮ ਮੁਕਾਬਲਿਆਂ ਵਿੱਚ ਹਰਿਆਣਾ ਦੀ ਏਕਮਜੋਤ ਕੌਰ, ਅਰਜਮੀਤ ਕੌਰ ਅਤੇ ਹਰਸਿਮਰਪ੍ਰੀਤ ਕੌਰ ਨੇ ਸੋਨੇ ਦਾ ਤਗਮਾ ਜਿੱਤਿਆ। ਚੰਡੀਗੜ੍ਹ ਦੀ ਜੀਨਲ, ਹਰਮਨਪ੍ਰੀਤ ਕੌਰ ਅਤੇ ਜਸ਼ਨਪ੍ਰੀਤ ਕੌਰ ਨੇ ਚਾਂਦੀ ਦਾ ਤਗਮਾ ਜਦੋਂ ਕਿ ਪੰਜਾਬ ਦੀ ਮਹਿਕਦੀਪ ਕੌਰ, ਰਮਨਦੀਪ ਕੌਰ ਅਤੇ ਪ੍ਰਭਲੀਨ ਕੌਰ ਅਤੇ ਛੱਤੀਸਗੜ੍ਹ ਦੀ ਨਿਧੀ, ਵਿਧੀ ਅਤੇ ਡਿੰਪਲ ਨੇ ਸਾਂਝੇ ਤੌਰ 'ਤੇ ਕਾਂਸੀ ਦਾ ਤਗਮਾ ਜਿੱਤਿਆ।

ਫੱਰੀ-ਸੋਟੀ ਵਿਅਕਤੀਗਤ ਮੁਕਾਬਲਿਆਂ ਵਿੱਚ ਗੁਰਸਿਮਰਨ ਕੌਰ (ਪੰਜਾਬ) ਨੇ ਸੋਨੇ ਦਾ ਤਗਮਾ ਜਿੱਤਿਆ, ਅਰਜਮੀਤ ਕੌਰ (ਹਰਿਆਣਾ) ਨੇ ਚਾਂਦੀ ਦਾ ਤਗਮਾ ਜਦੋਂ ਕਿ ਐਮ. ਧਾਤਰੀ ਮੋਘਾਦਰਾਮਾ (ਆਂਧਰਾ ਪ੍ਰਦੇਸ਼) ਅਤੇ ਜਸ਼ਨਪ੍ਰੀਤ ਕੌਰ (ਚੰਡੀਗੜ੍ਹ) ਨੇ ਸਾਂਝੇ ਤੌਰ ਤੇ ਕਾਂਸੀ ਦਾ ਤਗਮਾ ਜਿੱਤਿਆ।

**ਮੁੰਡਿਆਂ ਦੇ ਨਤੀਜੇ ਇਸ ਤਰ੍ਹਾਂ ਰਹੇ :**

ਗੱਤਕਾ-ਸੋਟੀ ਵਿਅਕਤੀਗਤ ਮੁਕਾਬਲਿਆਂ ਵਿੱਚ ਜਸਕੀਰਤ ਸਿੰਘ (ਹਰਿਆਣਾ) ਨੇ ਸੋਨ ਤਗਮਾ ਜਿੱਤਿਆ, ਅਰਸ਼ਦੀਪ ਸਿੰਘ (ਪੰਜਾਬ) ਨੇ ਚਾਂਦੀ ਅਤੇ ਪ੍ਰਭਾਸੀਸ ਸਿੰਘ (ਪੰਜਾਬ) ਤੇ ਜਗਜੋਤ ਸਿੰਘ (ਉੱਤਰਾਖੰਡ) ਨੇ ਸਾਂਝੇ ਤੌਰ 'ਤੇ ਕਾਂਸੀ ਦਾ ਤਗਮਾ ਜਿੱਤਿਆ।

ਗੱਤਕਾ-ਸੋਟੀ ਟੀਮ ਮੁਕਾਬਲਿਆਂ ਵਿੱਚੋਂ ਉਤਰਾਖੰਡ ਦੇ ਰਾਜਵਿੰਦਰ ਸਿੰਘ, ਜਗਜੋਤ ਸਿੰਘ ਅਤੇ ਅਭਿਜੋਤ ਸਿੰਘ ਨੇ ਸੋਨੇ ਦਾ ਤਗਮਾ ਜਿੱਤਿਆ, ਪੰਜਾਬ ਦੇ ਨਰਿੰਦਰ ਸਿੰਘ, ਗੁਰਪ੍ਰੀਤ ਸਿੰਘ ਅਤੇ ਪ੍ਰਭਅਸੀਸ ਸਿੰਘ ਨੇ ਚਾਂਦੀ ਦਾ ਤਗਮਾ ਜਿੱਤਿਆ। ਹਰਿਆਣਾ ਦੇ ਰਾਜਬੀਰ ਸਿੰਘ, ਸਿਮਰਨਪ੍ਰੀਤ ਸਿੰਘ ਅਤੇ ਅਰਮਾਨਦੀਪ ਸਿੰਘ ਅਤੇ ਛੱਤੀਸਗੜ੍ਹ ਦੇ ਗੁਰਪ੍ਰੀਤ ਸਿੰਘ, ਗੁਰਜੋਤ ਸਿੰਘ ਅਤੇ ਸਮਰਥ ਸਿੰਘ ਨੇ ਸਾਂਝੇ ਤੌਰ ਤੇ ਕਾਂਸੀ ਦੇ ਤਗਮੇ ਜਿੱਤੇ।

ਫੱਰੀ-ਸੋਟੀ ਵਿਅਕਤੀਗਤ ਮੁਕਾਬਲਿਆਂ ਵਿੱਚੋਂ ਵਾਰਸਪ੍ਰੀਤ ਸਿੰਘ (ਹਰਿਆਣਾ) ਨੇ ਸੋਨ ਤਗਮਾ ਜਿੱਤਿਆ, ਜਸਕਰਨ ਸਿੰਘ (ਪੰਜਾਬ) ਨੇ ਚਾਂਦੀ ਦਾ ਤਗਮਾ ਜਦੋਂ ਕਿ ਹਰਦੀਪ ਸਿੰਘ (ਤੇਲੰਗਾਨਾ) ਅਤੇ ਅਭਿਜੋਤ ਸਿੰਘ (ਉੱਤਰਾਖੰਡ) ਨੇ ਸਾਂਝੇ ਤੌਰ ਤੇ ਕਾਂਸੀ ਦੇ ਤਗਮੇ ਜਿੱਤੇ।

ਫੱਰੀ-ਸੋਟੀ ਟੀਮ ਮੁਕਾਬਲਿਆਂ ਵਿੱਚੋਂ ਪੰਜਾਬ ਦੇ ਗੁਰਸ਼ਰਨ ਸਿੰਘ, ਅਮਨਪ੍ਰੀਤ ਸਿੰਘ ਅਤੇ ਜਸਕਰਨ ਸਿੰਘ ਨੇ ਸੋਨੇ ਦੇ ਤਗਮੇ, ਹਰਿਆਣਾ ਦੇ ਅਜੈਪਾਲ ਸਿੰਘ, ਸਹਿਜਪਾਲ ਸਿੰਘ ਅਤੇ ਸਮਰਜੀਤ ਸਿੰਘ ਨੇ ਚਾਂਦੀ ਦਾ ਤਗਮਾ ਜਦੋਂ ਕਿ ਚੰਡੀਗੜ੍ਹ ਦੇ ਸਤਵੰਤ ਸਿੰਘ, ਮਨਪ੍ਰੀਤ ਸਿੰਘ ਅਤੇ ਬਹਾਦਰ ਸਿੰਘ ਅਤੇ ਹਰਿਆਣਾ ਦੇ ਅਨਮੋਲਦੀਪ ਸਿੰਘ, ਜਸਕੀਰਤ ਸਿੰਘ ਅਤੇ ਵਾਰਿਸਪ੍ਰੀਤ ਸਿੰਘ ਨੇ ਸਾਂਝੇ ਤੌਰ 'ਤੇ ਕਾਂਸੀ ਦਾ ਤਗਮਾ ਜਿੱਤਿਆ।

# ਯਮੁਨਾਨਗਰ ਦੇ ਤੇਜਲੀ ਖੇਡ ਪਰਿਸਰ ਵਿੱਚ ਜਿਲ੍ਹਾ ਪੱਧਰੀ ਫੁੱਟਬਾਲ ਲੀਗ ਮੁਕਾਬਲਾ ਸ਼ੁਰੂ

**ਚੰਡੀਗੜ੍ਹ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਯਮੁਨਾਨਗਰ ਦੇ ਤੇਜਲੀ ਖੇਡ ਪਰਿਸਰ ਵਿੱਚ ਅੱਜ ਜਿਲ੍ਹਾ ਪੱਧਰੀ ਫੁੱਟਬਾਲ ਲੀਗ ਮੁਕਾਬਲੇ ਦੀ ਸ਼ੁਰੂਆਤ ਹੋਈ। ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਇਸ ਫੁੱਟਬਾਲ ਲੀਗ ਦਾ ਉਦਘਾਟਨ ਕੀਤਾ। ਵੰਦੇ ਮਾਤਰਮ ਗਾਇਨ ਦੇ ਨਾਲ ਸ਼ੁਰੂ ਹੋਈ ਲੀਗ ਨਾਲ ਜਿਲ੍ਹਾਭਰ ਤੋਂ ਹਿੱਸਾ ਲੈਣ ਆਈਆਂ 17 ਟੀਮਾਂ ਦੇ ਲਗਭਗ 350 ਫੁੱਟਬਾਲ ਖਿਡਾਰੀਆਂ ਨੂੰ ਮੁੱਖ ਮਹਿਮਾਨ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਨਸ਼ੇ ਤੋਂ ਦੂਰ ਰਹਿਣ ਅਤੇ ਖੇਡ ਨੂੰ ਖੇਡ ਭਾਵਨਾ ਨਾਲ ਖੇਡਣ ਦੀ ਸੁੰਹ ਦਿਵਾਈ।

ਉਨ੍ਹਾਂ ਨੇ ਦਸਿਆ ਕਿ ਅੱਜ ਹੋਏ ਮੈਚਾਂ ਵਿੱਚ ਅੰਡਰ 15 ਉਮਰ ਵਰਗ ਵਿੱਚ ਡੀਜੀਐਫਸੀ ਕਲੱਬ ਨੇ ਵਿਕਟਰੀ ਫੁੱਟਬਾਲ ਕਲੱਬ ਨੂੰ, ਨਾਗਲ ਕਲੱਬ ਨੇ ਧਰਮ ਸਕੂਲ ਨੂੰ, ਅੰਡਰ 20 ਉਮਰ ਧਰਮ ਵਿੱਚ ਤੇਜਲੀ ਫੁੱਟਬਾਲ ਅਕਾਦਮੀ ਨੇ ਵਰਕਸ਼ਾਪ ਕਲੱਬ ਨੂੰ, ਡੀਜੀਐਫਸੀ ਕਲੱਬ ਨੇ ਸਕੋਰ ਕਲੱਬ ਨੂੰ ਅਤੇ ਕੁੜੀਆਂ ਦੇ ਵਰਗ ਵਿੱਚ ਸ਼ਹੀਦ ਉੱਧਮ ਸਿੰਘ ਕਲੱਬ ਨੇ ਮਹਾਰਾਣਾ ਪ੍ਰਤਾਪ ਕਲੱਬ ਨੂੰ ਹਰਾ ਕੇ ਅਗਲੇ ਦੌਰਾ ਵਿੱਚ ਪ੍ਰਵੇਸ਼ ਕੀਤਾ। ਇਸ ਮੌਕੇ 'ਤੇ ਕਈ ਮਾਣਯੋਗ ਵਿਅਕਤੀ ਅਤੇ ਨਾਗਰਿਕ ਮੌਜੂਦ ਰਹੇ।

# ਮੋਦੀ ਤੇ ਸ਼ਾਹ ਕਿਤੇ ਵੀ ਚਲੇ ਜਾਣ ਵੋਟ ਚੋਰੀ ਦੇ ਦੋਸ਼ ਹੇਠ ਫੜੇ ਜਾਣਗੇ: ਰਾਹੁਲ



**ਕਿਸ਼ਨਗੰਜ,11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਆਗੂ ਰਾਹੁਲ ਗਾਂਧੀ ਨੇ ਅੱਜ ਬਿਹਾਰ ਦੇ ਕਿਸ਼ਨਗੰਜ ਚੋਣ ਰੈਲੀ ਵਿੱਚ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕਿਤੇ ਵੀ ਚਲੇ ਜਾਣ, ਅੰਤ ਵਿੱਚ ਉਹ ਵੋਟ ਚੋਰੀ ਵਿੱਚ ਸ਼ਾਮਲ ਹੋਣ ਦੇ ਦੋਸ਼ ਹੇਠ ਫੜੇ ਜਾਣਗੇ। ਜੇ ਮੋਦੀ ਸਰਕਾਰ ਵੋਟ ਚੋਰੀ ਕਰਨਾ ਬੰਦ ਕਰ ਦੇਵੇ ਤਾਂ ਬਿਹਾਰ ਵਿਚ ਸੌ ਫੀਸਦੀ ਇੰਡੀਆ ਗਠਜੋੜ ਦੀ ਸਰਕਾਰ ਬਣੇਗੀ। ਉਨ੍ਹਾਂ ਦੋਸ਼ ਲਾਇਆ ਕਿ ਮੋਦੀ, ਸ਼ਾਹ ਤੇ ਚੋਣ ਕਮਿਸ਼ਨ ਕੋਲ ਵੋਟ ਚੋਰੀ ਦੇ ਦੋਸ਼ਾਂ ਦਾ ਕੋਈ ਜਵਾਬ ਨਹੀਂ ਹੈ ਕਿਉਂਕਿ ਲੋਕਾਂ ਨੂੰ ਸਚਾਈ ਪਤਾ ਲੱਗ ਚੁੱਕੀ ਹੈ। ਉਨ੍ਹਾਂ ਨਿਤੀਸ਼ ਕੁਮਾਰ 'ਤੇ ਵੀ ਦੋਸ਼ ਲਾਉਂਦਿਆਂ ਕਿਹਾ ਕਿ ਉਹ ਵੀ ਬਿਹਾਰ ਦੇ ਨੌਜਵਾਨਾਂ ਲਈ ਰੁਜ਼ਗਾਰ ਨਹੀਂ ਚਾਹੁੰਦੇ ਤੇ ਉਨ੍ਹਾਂ ਨੂੰ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਤੇ ਆਰਐਸਐਸ ਦੇਸ਼ ਵਿਚ ਵੰਡੀਆਂ ਪਾ ਰਹੇ ਹਨ ਜਦਕਿ ਇੰਡੀਆ ਗੱਠਜੋੜ ਦੇਸ਼ ਨੂੰ ਇਕਜੁੱਟ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਤੇ ਆਰਐਸਐਸ ਦੇਸ਼ ਵਾਸੀਆਂ ਵਿਚ ਡਰ ਦਾ ਮਾਹੌਲ ਪੈਦਾ ਕਰ ਕੇ ਤੇ ਇਕ ਦੂਜੇ ਖ਼ਿਲਾਫ਼ ਨਫਰਤ ਪੈਦਾ ਕਰ ਕੇ ਰਾਜਨੀਤਕ ਲਾਭ ਲੈਣਾ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਲੋਕ ਆਪਸ ਵਿਚ ਲੜਾਈ ਕਰਨ ਤੇ ਉਹ ਸੱਤਾ 'ਤੇ ਕਾਬਜ਼ ਬਣੇ ਰਹਿਣ। ਰਾਹੁਲ ਨੇ ਅਮਿਤ ਸ਼ਾਹ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਬਿਹਾਰ ਆਉਂਦੇ ਹਨ ਤੇ ਕਹਿੰਦੇ ਹਨ ਕਿ ਬਿਹਾਰ ਵਿਚ ਉਦਯੋਗ ਲਗਾਉਣ ਲਈ ਜ਼ਮੀਨ ਨਹੀਂ ਹੈ ਪਰ ਜਦੋਂ ਅਡਾਨੀ ਦੀ ਗੱਲ ਆਉਂਦੀ ਹੈ ਤਾਂ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਕੇ ਜ਼ਮੀਨ ਵੀ ਮੁਹੱਈਆ ਕਰਵਾ ਦਿੱਤੀ ਜਾਂਦੀ ਹੈ।

# ਅਰਬਨ ਡਿਵੈਲਪਮੈਂਟ ਤੇ ਮੋਬਿਲਿਟੀ ਪ੍ਰੋਗਰਾਮ ਸ਼ਹਿਰੀ ਵਿਕਾਸ ਦਾ ਸਮੇਕਿਤ ਮਾਡਲ : ਮੁੱਖ ਮੰਤਰੀ

➢ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਗੁਰੂਗ੍ਰਾਮ ਵਿੱਚ ਆਯੋਜਿਤ 18ਵੇਂ ਅਰਬਨ ਮੋਬਿਲਿਟੀ ਇੰਡੀਆ ਸਮੇਲਨ ਅਤੇ ਪ੍ਰਦਰਸ਼ਨੀ ਦਾ ਕੀਤਾ ਅਵਲੋਕਨ ➢ ਮੁੱਖ ਮੰਤਰੀ ਨੇ ਕਿਹਾ-ਵਿਜਨ 2047 ਤਹਿਤ ਵਿਕਸਿਤ ਰਾਸ਼ਟਰ ਬਨਾਉਣ ਵਿੱਚ ਇਸ ਤਰ੍ਹਾ ਦੇ ਆਯੋਜਨ ਕਾਰਗਰ ਕਦਮ ➢ ਟ੍ਰਾਂਜਿਟ ਓਰਇੰਟੇਡ ਡਿਵੇਲਪਮੈਂਟ ਨੂੰ ਸ਼ਹਿਰ ਦੀ ਯੋਜਨਾ ਦਾ ਮੁੱਖ ਆਧਾਰ ਬਣਾ ਰਹੀ ਸਰਕਾਰ

**ਚੰਡੀਗੜ੍ਹ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅਰਬਨ ਡਿਵੇਲਪਮੈਂਟ ਤੇ ਮੋਬਿਲਿਟੀ ਪ੍ਰੋਗਰਾਮ ਸ਼ਹਿਰੀ ਵਿਕਾਸ ਦਾ ਇੱਕ ਸਮੇਕਿਤ ਮਾਡਲ ਤਿਆਰ ਕਰਦਾ ਹੈ। ਸਮੇਕਿਤ ਮਾਡਲ ਹੀ ਇੱਕ ਮਜਬੂਤ ਸ਼ਹਿਰ ਦਾ ਨਿਰਮਾਣ ਕਰਦਾ ਹੈ ਜਿਸ ਦੇ ਨਾਲ ਹੀ ਮਜਬੂਤ ਰਾਸ਼ਟਰ ਨਿਰਮਾਣ ਦੀ ਦਿਸ਼ਾ ਵਿੱਚ ਅਸੀਂ ਲਗਾਤਾਰ ਅੱਗੇ ਵੱਧ ਰਹੇ ਹਨ। ਇਸ ਤਰ੍ਹਾ ਦੇ ਸਮੇਲਨ ਜਿੱਥੇ ਇਲੋਵੇਸ਼ਨ ਪੱਦਤੀ ਦੇ ਨਾਲ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਦੀ ਯੋਜਨਾਵਾਂ ਦੇ ਲਾਗੂ ਕਰਨ ਵਿੱਚ ਕਾਰਗਰ ਹਨ ਉੱਥੇ ਵਿਜ਼ਨ 2047 ਵਿੱਚ ਵਿਕਸਿਤ ਰਾਸ਼ਟਰ ਬਨਣ ਦੇ ਵੱਲ ਵੱਧਣ ਲਈ ਅਹਿਮ ਹੈ। ਮੁੱਖ ਮੰਤਰੀ ਸ਼ਨੀਵਾਰ ਨੂੰ ਗੁਰੂਗ੍ਰਾਮ ਵਿੱਚ ਆਯੋਜਿਤ 18ਵੇਂ ਅਰਬਨ ਮੋਬਿਲਿਟੀ ਇੰਡੀਆ ਸਮੇਲਨ ਵਿੱਚ ਵੱਖ-ਵੱਖ ਸੂਬਿਆਂ ਤੋਂ ਆਏ ਪ੍ਰਤੀਲਿਧੀ ਨੂੰ ਸੰਬੋਧਿਤ ਕਰ ਰਹੇ ਸਨ। ਮੁੱਖ ਮੰਤਰੀ ਨੇ ਪਰਿਸਰ ਵਿੱਚ ਲੱਗੀ ਸ਼ਹਿਰੀ ਵਿਕਾਸ ਅਤੇ ਗਤੀਸ਼ੀਲਤਾ ਨੂੰ ਦਰਸ਼ਾਉਂਦੀ ਵਿਕਾਸਤਾਮਕ ਪ੍ਰਦਰਸ਼ਨੀ ਦਾ ਅਵਲੋਕਨ ਵੀ ਕੀਤਾ।

ਮੁੱਖ ਮੰਤਰੀ ਨੇ ਪੂਰੇ ਦੇਸ਼ ਤੋਂ ਆਏ ਪ੍ਰਤੀਨਿਧੀ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਇਹ ਮਾਣ ਦਾ ਵਿਸ਼ਾ ਹੈ ਕਿ ਹਰਿਆਣਾ ਨੂੰ ਪਹਿਲੀ ਵਾਰ ਇਸ ਰਾਸ਼ਟਰੀ ਸਮੇਲਨ ਦੀ ਮੇਜਬਾਨੀ ਕਰਨ ਦਾ ਮੌਕਾ ਮਿਲਿਆ ਹੈ। ਉਹ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਅਤੇ ਕੇਂਦਰੀ ਆਵਾਸਨ ਅਤੇ ਸ਼ਹਿਰੀ ਮਾਮਲੇ ਮੰਤਰੀ ਸ੍ਰੀ ਮਨੋਹਰ ਲਾਲ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਦੇ ਕੁਸ਼ਲ ਮਾਰਗਦਰਸ਼ਨ ਅਤੇ ਸਮਰਥਨ ਨਾਲ ਹੀ ਇਹ ਤਿੰਨ ਦਿਨਾਂ ਦੇ ਆਯੋਜਨ ਸੰਭਵ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਸੋਚ ਹੈ ਕਿ ਪਾਰਤ ਦਾ ਭਵਿੱਖ ਹੁਣ ਸਿਰਫ ਮੇਗਾ ਸਿਟੀਜ਼ ਵਿੱਚ ਨਹੀਂ ਹੈ। ਮੌਜੂਦਾ ਮੰਗ ਅਨੁਰੂਪ ਟਿਅਰ-ਟੂ ਅਤੇ ਟਿਅਰ-ਥ੍ਰੀ ਸ਼ਹਿਰ ਵੀ ਤੇਜੀ ਨਾਲ ਵਿਕਸਿਤ ਹੋ ਰਹੇ ਹਨ। ਅਜਿਹੇ ਵਿੱਚ ਸਮਾਵੇਸ਼ੀ ਵਿਕਾਸ ਲਈ ਟਿਅਰ-ਟੂ ਅਤੇ ਟਿਅਰ-ਥ੍ਰੀ ਸ਼ਹਿਰਾਂ ਅਨੁਸਾਰ ਮੋਬਿਲਿਟੀ ਵਿਕਲਪਾਂ 'ਤੇ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸ਼ਹਿਰਾਂ ਦੀ ਯੋਜਨਾ ਵਿੱਚ ਸਥਾਈ ਗਤੀਸ਼ੀਲਤਾ ਅਤੇ ਟ੍ਰਾਂਜਿਟ ਓਰਇਏਂਟੇਡ ਡਿਵੇਲਪਮੈਂਟ ਨੂੰ ਪ੍ਰਾਥਮਿਕਤਾ ਦਿੱਤੀ ਜਾ ਰਹੀ ਹੈ। ਟ੍ਰਾਂਜਿਟ ਓਰਇਏਂਟੇਡ ਡਿਵੇਲਪਮੈਂਟ ਨੂੰ ਸ਼ਹਿਰ ਦੀ ਯੋਜਨਾ ਦਾ ਮੁੱਖ ਆਧਾਰ ਬਨਾਉਣ ਦੀ ਦਿਸ਼ਾ ਵਿੱਚ ਕੇਂਦਰ ਤੇ ਸੂਬਾ ਸਰਕਾਰ ਤੇਜੀ ਨਾਲ ਕੰਮ ਕਰ ਰਹੀ ਹੈ। ਸਰਕਾਰ ਵੱਲੋਂ ਟ੍ਰਾਂਸਪੋਰਟ ਨੂੰ ਇਸ ਤਰ੍ਹਾ ਨਾਲ ਏਕੀਕ੍ਰਿਤ ਕੀਤਾ ਜਾ ਰਿਹਾ ਹੈ ਜਿਸ ਦੇ ਤਹਿਤ ਅਨਕੰਟਰੋਲ ਸ਼ਹਿਰੀਕਰਣ ਨੂੰ ਰੋਕ ਸਕਣਗੇ ਅਤੇ ਸਰੋਤਾਂ ਦਾ ਵੱਧ ਤੋਂ ਵੱਧ ਵਰਤੋ ਕਰ ਸਕਣਗੇ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੱਜ ਅਸੀਂ 21ਵੀਂ ਸਦੀ ਦੇ ਉਸ ਮੋੜ 'ਤੇ ਖੜੇ ਹਨ, ਜਿੱਥੇ ਸ਼ਹਿਰੀ ਵਿਕਾਸ ਦੀ ਗਤੀ ਅਤੇ ਦਿਸ਼ਾ, ਸਾਡੀ ਮੋਬਿਲਿਟੀ ਪ੍ਰਣਾਲੀਆਂ ਨਾਲ ਤੈਅ ਹੁੰਦੀਆਂ ਹਨ। ਇਸੀ ਮੌਜੂਦਗੀ ਨੂੰ ਸਮਝਦੇ ਹੋਏ, ਇਸ ਸਾਲ ਦਾ ਵਿਸ਼ਾ ਸ਼ਹਿਰੀ ਵਿਕਾਸ ਅਤੇ ਗਤੀਸ਼ੀਲਤਾ ਦਾ ਮੇਲ ਚੁਣਿਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਭਾਰਤ ਵਿਸ਼ਵ ਦੀ ਸੱਭ ਤੋਂ ਤੇਜੀ ਨਾਲ ਵੱਧਦੀ ਅਰਥਵਿਵਸਥਾਵਾਂ ਵਿੱਚੋਂ ਇੱਕ ਹੈ। ਸਾਡੇ ਸ਼ਹਿਰ, ਗ੍ਰੋਥ ਦੇ ਇੰਜਨ ਹਨ ਪਰ ਜੇਕਰ ਸ਼ਹਿਰਾਂ ਵਿੱਚ ਜੀਵਨ ਦੀ ਸਹਿਜਤਾ ਯਕੀਨੀ ਕਰਨੀ ਹੈ, ਤਾਂ ਸਾਨੂੰ ਗਤੀਸ਼ੀਲਤਾ ਨੂੰ ਵਿਕਾਸ ਦੇ ਹਰ ਪਹਿਲੂ ਦੇ ਕੇਂਦਰ ਵਿੱਚ ਲਿਆਉਣਾ ਹੋਵੇਗਾ। ਉਨ੍ਹਾਂ ਨੇ ਕਿਹਾਕਿ ਗਤੀਸ਼ੀਲਤਾ ਸਿਰਫ ਇੱਕ ਸਥਾਨ ਤੋਂ ਦੂਜੇ ਸਥਾਨ ਤੱਕ ਪਹੁੰਚਣਾ ਹੀ ਨਹੀਂ ਹੈ। ਇਹ ਨਾਗਰਿਕਾਂ ਦੇ ਮਜਬੂਤੀਕਰਣ, ਅਰਥਵਿਵਸਥਾ ਦੀ ਮਜਬੂਤੀ ਅਤੇ ਵਾਤਾਵਰਣ ਦੀ ਸੁਰੱਖਿਆ ਦਾ ਆਧਾਰ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅਰਬਨ ਮੋਬਿਲਿਟੀ ਇੰਡੀਆ ਪਲੇਟਫਾਰਮ ਸਮਸਿਆਵਾਂ 'ਤੇ ਚਰਚਾ ਕਰ ਕੇ, ਹੱਲ ਸੁਝਾਉਣ ਦਾ ਇੱਕ ਮਜਬੂਤ ਮੰਚ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸਮੇਲਨ ਦਾ ਮੁੱਖ ਉਦੇਸ਼ ਵੀ ਇਹੀ ਹੈ ਕਿ ਸ਼ਹਿਰਾਂ ਨੂੰ ਬੇਸਟ ਅਰਬਨ ਟ੍ਰਾਂਸਪੋਰਟ ਸੇਵਾਵਾਂ ਨਾਲ ਜਾਣੂ ਕਰਾਇਆ ਜਾਵੇ। ਇਹ ਇੱਕ ਅਜਿਹਾ ਮੰਚ ਹੈ, ਜਿੱਥੇ ਪ੍ਰਮੁੱਖ ਫੈਸਲਾ ਕਰਤਾ ਵੱਲੋਂ ਹੋਰ ਪ੍ਰਤੀਨਿਧੀਆਂ ਦੇ ਨਾਲ ਸੰਵਾਦ ਸਥਾਪਿਤ ਕੀਤਾ ਜਾ ਰਿਹਾ ਹੈ। ਇਸ ਸੰਵਾਦ ਦਾ ਟੀਚਾ ਹੈ ਕਿ ਪ੍ਰਤੀਨਿਧੀ ਇੱਥੋਂ ਅਜਿਹੇ ਵਿਚਾਰ ਲੈ ਕੇ ਜਾਣ, ਜੋ ਉਨ੍ਹਾਂ ਦੇ ਸ਼ਹਿਰਾਂ ਵਿੱਚ ਸ਼ਹਿਰੀ ਬਦਲਾਅ ਨੂੰ ਸਥਾਈ ਰੂਪ ਨਾਲ ਵਿਕਸਿਤ ਕਰ ਸਕਣ। ਉਨ੍ਹਾਂ ਨੇ ਕਿਹਾ ਕਿ ਸ਼ਹਿਰਾਂ ਦੀ ਵਿਸ਼ੇਸ਼ ਜਰੂਰਤਾਂ ਨੂੰ ਪੂਰਾ ਕਰਨ ਲਈ ਸ਼ਹਿਰਾਂ ਵਿੱਚ ਸਮਾਰਟ ਬੱਸ ਚਲਾਉਣ ਦੀ ਯੋਜਨਾ ਨੂੰ ਮੂਰਤ ਰੂਪ ਦਿੱਤਾ ਜਾ ਰਿਹਾ ਹੈ ਤਾਂ ਜੋ, ਟ੍ਰਾਂਸਪੋਰਟ ਪ੍ਰਣਾਲੀਆਂ ਨੂੰ ਵਾਤਾਵਰਣ ਦੇਅਨੁਕੂਲ, ਵੱਧ ਕੁਸ਼ਲ, ਭਰੋਸੇਯੋਗ, ਪਾਰਦਰਸ਼ੀ ਤੇ ਜਵਾਬਦੇਹੀ ਬਣਾਇਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਸ਼ਹਿਰਾਂ ਦੇ ਅੰਦਰ ਚੱਲਣ ਵਾਲੀ ਬੱਸਾਂ ਆਰਥਕ ਵਿਕਾਸ ਦਾ ਆਧਾਰ ਵੀ ਹਨ। ਬਿਹਤਰ ਕਨੈਕਟੀਵਿਟੀ ਨਾਲ ਕਾਰੋਬਾਰਾਂ ਦਾ ਵਿਕਾਸ ਹੁੰਦਾ ਹੈ, ਰੁਜ਼ਗਾਰ ਦੇ ਮੋਕੇ ਵੱਧਦੇ ਹਨ ਅਤੇ ਸਾਡੀ ਅਰਥਵਿਵਸਥਾ ਨੂੰ ਵੀ ਗਤੀ ਮਿਲਦੀ ਹੈ।ਮੁੱਖ ਮੰਤਰੀ ਨੇ ਕਿਹਾ ਕਿ ਲਗਾਤਾਰ ਵਿਕਾਸ ਹੀ ਮੌਜੂਦਾ ਪ੍ਰਗਤੀ ਦਾ ਮਾਰਗ ਹੈ। ਅਸੀਂ ਇਹ ਮੰਨਦੇ ਹਨ ਕਿ ਇਹ ਧਰਤੀ ਸਿਰਫ ਸਾਡੀ ਨਹੀਂ ਹੈ, ਸਗੋ ਆਉਣ ਵਾਲੀ ਪੀੜੀਆਂ ਦੀ ਵੀ ਹੈ। ਇਸ ਲਈ ਸਾਡੇ ਵਿਕਾਸ ਕੰਮਾਂ ਦਾ ਉਦੇਸ਼ ਹੈ ਕਿ ਅੱਜ ਦੇ ਸਰੋਤਾਂ ਦੀ ਵਰਤੋ ਇਸ ਤਰ੍ਹਾ ਹੋਵੇ ਕਿ ਅਸੀਂ ਉਨ੍ਹਾਂ ਨੂੰ ਅਗਲੀ ਪੀੜੀ ਨੂੰ ਵੀ ਸੁਰੱਖਿਅਤ ਸੌਂਪ ਸਕਣ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਵਿੱਚ ਹਰਿਤ ਅਤੇ ਸਮਾਵੇਸ਼ੀ ਸ਼ਹਿਰੀ ਟ੍ਰਾਂਸਪੋਰਟ ਨੂੰ ਆਪਣੀ ਪ੍ਰਾਥਮਿਕਤਾ ਵਿੱਚ ਰੱਖਿਆ ਹੈ। ਹਰਿਆਣਾ ਵਿੱਚ ਮੈਟਰੋ ਨੈਟਵਰਕ ਦਾ ਵਿਸਤਾਰ ਗੁਰੂਗ੍ਰਾਮ, ਫਰੀਦਾਬਾਦ, ਬਹਾਦੁਰਗੜ੍ਹ ਅਤੇ ਸੋਨੀਪਤ ਤੱਕ ਕੀਤਾ ਜਾ ਰਿਹਾ ਹੈ, ਤਾਂ ਜੋ ਪ੍ਰਮੁੱਖ ਸ਼ਹਿਰਾਂ ਦੇ ਵਿੱਚ ਆਵਾਜਾਈ ਸਰਲ ਅਤੇ ਸਮੇਂ ਸਿਰ ਹੋ ਸਕੇ। ਇਸੀ ਦੇ ਨਾਲ, ਆਰਆਰਟੀਐਸ ਤੇ ਨਮੋ ਭਾਰਤ ਰੇਲ ਪ੍ਰਣਾਲੀ ਨੂੰ ਵੀ ਹਰਿਆਣਾ ਦੇ ਵਿਕਾਸ ਵਿਜਨ ਵਿੱਚ ਪ੍ਰਮੁੱਖ ਸਥਾਨ ਦਿੱਤਾ ਗਿਆ ਹੈ।

ਇਹ ਤੇਜ ਰਫਤਾਰ ਰੇਲ ਨੈਟਵਰਕ ਦਿੱਲੀ, ਗੁਰੂਗ੍ਰਾਮ, ਕਰਨਾਲ ਅਤੇ ਜੇਵਰ ਕੌਮਾਂਤਰੀ ਹਵਾਈ ਅੱਡੇ ਨੂੰ ਸਿੱਧੇ ਜੋੜੇਗਾ। ਇਸ ਨਾਲ ਕੌਮੀ ਰਾਜਧਾਨੀ ਖੇਤਰ ਵਿੱਚ ਇੱਕ ਨਵਾਂ ਆਰਥਕ ਗਲਿਆਰਾ ਤਿਆਰ ਹੋਵੇਗਾ ਅਤੇ ਲੋਕਾਂ ਨੂੰ ਸੁਰੱਖਿਅਤ, ਆਰਾਮਦਾਇਕ ਅਤੇ ਊਰਜਾ ਕੁਸ਼ਲ ਯਾਤਰਾ ਦਾ ਵਿਕਲਪ ਮਿਲੇਗਾ। ਉਨ੍ਹਾਂ ਨੇ ਕਿਹਾ ਕਿ ਵੱਡੇ ਬੁਨਿਆਦੀ ਢਾਂਚੇ ਦੇ ਨਾਲ ਲਾਸਟ ਮਾਇਲ ਕਨੈਕਟਵਿਟੀ 'ਤੇ ਵੀ ਸਰਕਾਰ ਪੂਰਾ ਧਿਆਨ ਦੇ ਰਹੀ ਹੈ। ਸ਼ਹਿਰਾਂ ਵਿੱਚ ਇਲੈਕਟ੍ਰਿਕ ਅਤੇ ਸੀਐਨਜੀ ਵਸਿਆ, ਈ-ਰਿਕਸ਼ਾ ਅਤੇ ਸਾਈਕਲ ਟੈਕਸ ਨੂੰ ਪ੍ਰੋਤਸਾਹਨ ਦੇ ਰਹੇ ਹਨ। ਉਨ੍ਹਾਂ ਨੇ ਦਸਿਆ ਕਿ ਗੁਰੂਗ੍ਰਾਮ ਤੋਂ ਇਲਾਵਾ 12 ਹੋਰ ਪ੍ਰਮੁੱਖ ਸ਼ਹਿਰਾਂ-ਫਰੀਦਾਬਾਦ, ਪੰਚਕੂਲਾ, ਰੋਹਤਕ, ਕਰਨਾਲ, ਹਿਸਾਰ, ਪਾਣੀਪਤ, ਯਮੁਨਾਨਗਰ, ਸੋਨੀਪਤ, ਭਿਵਾਨੀ, ਰਿਵਾੜੀ, ਕੁਰੂਕਸ਼ੇਤਰ ਅਤੇ ਅੰਬਾਲਾ ਵਿੱਚ ਆਧੁਨਿਕ ਸਿਟੀ ਬੱਸ ਸੇਵਾਵਾਂ ਸ਼ੁਰੂ ਕੀਤੀਆਂ ਹਨ। ਇਸੀ ਤਹਿਤ ਰਾਜ ਦੀ ਇਲੈਕਟ੍ਰਿਕ ਵਾਹਨ ਨੀਤੀ ਦੇ ਤਹਿਤ ਸੂਬੇ ਵਿੱਚ ਚਾਰਜਿੰਗ ਸਟੇਸ਼ਨਾਂ ਦਾ ਤੇਜੀ ਨਾਲ ਵਿਸਤਾਰ ਕੀਤਾ ਜਾ ਰਿਹਾ ਹੈ।

ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਨੇ ਤਿੰਨ ਮਹੱਤਵਪੂਰਣ ਬੁਕਲੇਟ ਦੀ ਘੁੰਡ ਚੁਕਾਈ ਵੀ ਕੀਤੀ ਜਿਨ੍ਹਾਂ ਵਿੱਚ ਮੋਬਿਲਿਟੀ ਜੋਨ, ਰੀਮਾਰਕੇਬਲ ਯੰਗ ਵਾਇਸੇਸ ਇਨ ਟ੍ਰਾਂਸਪੋਰਟ, ਰੀਇਮੇਜਨਿੰਗ ਅਰਬਨ ਮੋਬਿਲਿਟੀ ਫਾਰ ਸਸਟੇਨੇਬਲ ਸਮਾਰਟ ਐਂਡ ਇਕਯੁਸਿਵ ਫਿਯੂਚਰ ਬੁਕਲੇਅ ਸ਼ਾਮਿਲ ਹੈ।

ਇਸ ਮੌਕੇ 'ਤੇ ਗੁਰੂਗ੍ਰਾਮ ਤੋਂ ਵਿਧਾਇਕ ਮੁਕੇਸ਼ ਸ਼ਰਮਾ, ਪਟੌਦੀ ਵਿਧਾਹਿਕ ਬਿਮਲਾ ਚੌਧਰੀ, ਕੌਮੀ ਸੁਸਾਸ਼ਨ ਕੇਂਦਰ ਦੇ ਮਹਾਨਿਦੇਸ਼ਕ ਡਾ. ਸੁਰੇਂਦਰ ਕੁਮਾਰ ਬਾਗੜੇ, ਸ਼ਹਿਰੀ ਵਿਕਾਸ ਵਿਭਾਗ ਹਰਿਆਣਾ ਦੇ ਪ੍ਰਧਾਨ ਸਲਾਹਕਾਰ ਸ੍ਰੀ ਡੀਐਸ ਢੇਸੀ, ਕੇਂਦਰੀ ਆਵਾਸ ਅਤੇ ਸ਼ਹਿਰੀ ਕਾਰਜ ਮੰਤਰਾਲੇ ਵਿੱਚ ਓਐਸਡੀ ਸ੍ਰੀ ਜੈਯਦੀਪ, ਟਾਉਨ ਐਂਡ ਕੰਟਰੀ ਪਲਾਨਿੰਗ ਵਿਭਾਗ ਹਰਿਆਣਾ ਦੇ ਵਧੀਕ ਮੁੱਖ ਸਕੱਤਰ ਸ੍ਰੀ ਏ ਕੇ ਸਿੰਘ, ਗੁਰੂਗ੍ਰਾਮ ਮੈਟਰੋ ਰੇਲ ਲਿਮਿਟੇਡ ਦੇ ਪ੍ਰਬੰਧ ਨਿਦੇਸ਼ਕ ਡਾ. ਚੰਦਰ ਸ਼ੇਖਰ ਖਰੇ, ਦਿੱਲੀ ਮੈਟਰੋ ਰੇਲ ਨਿਗਮ ਲਿਮਿਟੇਡ ਦੇ ਪ੍ਰਬੰਧ ਨਿਦੇਸ਼ਕ ਸ੍ਰੀ ਵਿਕਾਸ ਕੁਮਾਰ, ਰਾਸ਼ਟਰੀ ਰਾਜਧਾਨੀ ਖੇਤਰ ਟ੍ਰਾਂਸਪੋਰਟ ਨਿਗਮ ਦੇ ਪ੍ਰਬੰਧ ਨਿਦੇਸ਼ਕ ਸ੍ਰੀ ਸ਼ਲਭ ਗੋਇਲ, ਡੀਸੀ ਅਜੈ ਕੁਮਾਰ, ਸੀਪੀ ਵਿਕਾਸ ਅਰੋੜਾ, ਗੁਰੂਗ੍ਰਾਮ ਨਗਰ ਨਿਗਮ ਕਮਿਸ਼ਨਰ ਪ੍ਰਦੀਪ ਦਹੀਆ, ਨਗਰ ਨਿਗਮ ਮਾਨੇਸਰ ਕਮਿਸ਼ਨਰ ਆਯੂਸ਼ ਸਿੰਨ੍ਹਾ, ਐਚਐਸਵੀਪੀ ਪ੍ਰਸ਼ਾਸ਼ਕ ਵੈਸ਼ਾਲੀ ਸਿੰਘ ਤੇ ਭਾਜਪਾ ਗੁਰੂਗ੍ਰਾਮ ਮਹਾਨਗਰ ਜਿਲ੍ਹਾ ਪ੍ਰਧਾਨ ਅਜੀਤ ਯਾਦਵ ਸਮੇਤ ਹੋਰ ਮਾਣਯੋਗ ਵਿਅਕਤੀ ਮੌਜੂਦ ਰਹੇ।

# ਜਬਰ-ਜਨਾਹ ਮਗਰੋਂ ਸ਼ੈੱਲਰ ਵਰਕਰ ਦੀ ਹੱਤਿਆ

**ਚਮਕੌਰ ਸਾਹਿਬ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਨਜ਼ਦੀਕੀ ਪਿੰਡ ਮਨਸੂਹਾ ਖੁਰਦ ਵਿੱਚ ਬੀਤੇ ਦਿਨ ਸ਼ੈੱਲਰ ਵਿੱਚ ਕੰਮ ਕਰਦੀ ਪਰਵਾਸੀ ਔਰਤ ਨਾਲ ਜਬਰ-ਜਨਾਹ ਕਰਨ ਤੋਂ ਬਾਅਦ ਉਸ ਦੀ ਹੱਤਿਆ ਕਰ ਦਿੱਤੀ। ਮ੍ਰਿਤਕ ਦੀ ਪਛਾਣ ਸ਼ਾਕਰਾ ਬਾਨੋ (46) ਵਜੋਂ ਹੋਈ ਹੈ। ਪੁਲੀਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਥਾਣਾ ਬੇਲਾ ਵਿੱਚ ਦਰਜ ਕਰਵਾਈ ਗਈ ਐੱਫ ਆਈ ਆਰ ਅਨੁਸਾਰ ਬਾਨੋ ਦੇ ਦਿਓਰ ਸਿਰਾਜ ਅਹਿਮਦ ਨੂਰੀ ਨੇ ਦੱਸਿਆ ਕਿ ਉਸ ਦੀ ਭਰਜਾਈ ਪਿੰਡ ਮਨਸੂਹਾ ਖੁਰਦ ਦੇ ਸ਼ੈਲਰ ਵਿੱਚ ਕੰਮ ਕਰਦੀ ਸੀ। ਬੀਤੀ ਸ਼ਾਮ ਉਹ 7 ਵਜੇ ਤੱਕ ਘਰ ਨਾ ਪੁੱਜੀ ਤਾਂ ਪਰਿਵਾਰ ਨੂੰ ਚਿੰਤਾ ਹੋਈ, ਜਦੋਂ ਉਹ ਸ਼ੈੱਲਰ ਵਿੱਚ ਗਏ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਬਾਨੋ ਸ਼ਾਮ 5:30 ਵਜੇ ਹੀ ਕੰਮ ਖਤਮ ਕਰਕੇ ਘਰ ਚਲੀ ਗਈ ਸੀ।

ਇਸ ਤੋਂ ਬਾਅਦ ਪਰਿਵਾਰਕ ਮੈਂਬਰਾਂ ਅਤੇ ਮੁਹੱਲਾ ਵਾਸੀਆਂ ਨੇ ਉਸ ਦੀ ਭਾਲ ਸ਼ੁਰੂ ਕੀਤੀ। ਜਦੋਂ ਉਹ ਮਨਸੂਹਾ ਤੋਂ ਰੂਪਨਗਰ ਜਾਂਦੇ ਕੱਚੇ ਰਸਤੇ (ਸ਼ਾਰਟਕੱਟ) 'ਤੇ ਪਹੁੰਚੇ ਤਾਂ ਉਨ੍ਹਾਂ ਨੂੰ ਉੱਥੇ ਚੱਪਲਾਂ ਅਤੇ ਸ਼ਰਾਬ ਦੀਆਂ ਖਾਲੀ ਬੋਤਲਾਂ ਮਿਲੀਆਂ। ਥੋੜ੍ਹੀ ਅੱਗੇ ਬਾਨੋ ਦੀ ਲਾਸ਼ ਅੱਧ-ਨੰਗੀ ਹਾਲਤ ਵਿੱਚ ਪਈ ਸੀ। ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲੀਸ ਅਤੇ ਫੌਰੈਂਸਿਕ ਟੀਮ ਮੌਕੇ 'ਤੇ ਪਹੁੰਚ ਗਈ। ਜਾਂਚ ਤੋਂ ਸਪੱਸ਼ਟ ਹੋਇਆ ਕਿ ਜਬਰ-ਜਨਾਹ ਕਰਨ ਤੋਂ ਬਾਅਦ ਉਸ ਦੀ ਹੱਤਿਆ ਕੀਤੀ ਗਈ ਹੈ।

ਕੈਲੀਫੋਰਨੀਆ ਦੀ ਮੌਂਟੇਰੇਅ ਕਾਊਂਟੀ 'ਚ ਸਥਿਤ 17 ਮਾਈਲ ਡਰਾਈਵ, ਅਮਰੀਕਾ ਦੀਆਂ ਸਭ ਤੋਂ ਦਰਸ਼ਨੀ ਡਰਾਈਵਜ਼ 'ਚੋਂ ਹੈ। ਦਸ ਡਾਲਰ ਫ਼ੀਸ ਦੇ ਕੇ ਅਸੀਂ ਡਰਾਈਵ 'ਚ ਦਾਖ਼ਲ ਹੋ ਗਏ। ਵਿਕਸਿਤ ਦੇਸ਼ਾਂ 'ਚ ਬਹੁਤ ਸਾਰੀਆਂ ਜਨਤਕ ਥਾਵਾਂ 'ਤੇ ਐਂਟਰੀ ਫ਼ੀਸ ਹੁੰਦੀ ਤੇ ਉਹ ਸਾਂਭੀਆਂ ਹੁੰਦੀਆਂ ਹਨ...



ਅੰਬਰੀਸ਼



# ਪ੍ਰਸ਼ਾਂਤ ਦੇ ਕਿਨਾਰੇ 'ਤੇ ਸਤਾਰਾਂ ਮੀਲ ਡਰਾਈਵ

'ਸੈਵਨਟੀਨ ਮਾਈਲ ਡਰਾਈਵ' ਸੈਨ ਹੋਜ਼ੇ ਤੋਂ ਅੱਸੀ ਮੀਲ 'ਤੇ ਇਕ ਘੰਟਾ ਵੀਹ ਮਿੰਟ ਦੀ ਕਾਰ -ਦੂਰੀ 'ਤੇ ਹੈ। ਬੀਤੀ ਰਾਤ ਅਸੀਂ ਸਾਢੇ ਚਾਰ ਵਜੇ ਦਿੱਲੀ ਤੋਂ ਚੱਲੇ, ਅੱਜ ਸੁਬ੍ਹਾ ਨੌਂ ਵਜੇ, ਸੈਨ ਫਰੈਂਸਿਸਕੋ ਉੱਤਰੇ ਹਾਂ। ਇਹ ਸੋਲਾਂ ਘੰਟੇ ਲੰਮੀ ਨੌਨ ਸਟੌਪ ਉਡਾਣ ਸੀ। ਦਿੱਲੀ 'ਚ ਇਕ ਬਜ਼ੁਰਗ ਯਾਤਰੀ ਦੇ ਬਿਮਾਰ ਹੋ ਜਾਣ ਕਾਰਨ, ਜਹਾਜ਼ ਇਕ ਘੰਟਾ ਲੇਟ ਚੱਲਿਆ ਸੀ। ਫਿਰ ਜਹਾਜ਼ 'ਚ ਨੀਂਦ ਕਿੱਥੇ ਆਉਂਦੀ ਹੈ। ਬੇਅਰਾਮੀ ਅਤੇ ਅਵਾਜ਼ਾਰੀ ਭਰੇ ਝੌਂਕਿਆਂ ਨਾਲ ਸਿਰ ਸੀਨੇ 'ਤੇ ਡਿੱਗਦਾ ਰਹਿੰਦਾ ਹੈ।

ਏਥੇ ਹਵਾਈ ਅੱਡੇ ਤੋਂ ਸਾਨੂੰ ਲੈਣ ਆਇਆ ਬੇਟਾ ਅਸੀਮ ਕਹਿੰਦਾ : ਤੁਹਾਨੂੰ ਅੱਜ ਸੌਣ ਨਹੀਂ ਦੇਣਾ, ਨਹੀਂ ਤਾਂ ਜੈੱਟ-ਲੈਗ ਕਾਰਨ ਤੁਹਾਡੇ ਦੋ-ਤਿੰਨ ਦਿਨ ਖਰਾਬ ਹੋ ਜਾਣੇ ਹਨ। ਸੋ ਸੈਨ ਹੋਜ਼ੇ ਤਕ ਦੇ, ਘੰਟੇ ਦੇ ਸਫ਼ਰ ਮਗਰੋਂ, ਹਲਕਾ ਨਾਸ਼ਤਾ ਕਰ ਤੇ ਤਾਜ਼ਾਦਮ ਹੋ ਕੇ, 17 ਮਾਈਲ ਡਰਾਈਵ ਲਈ ਨਿਕਲ ਪਏ ਹਾਂ। ਅਸੀਮ ਵੀ ਕੁਦਰਤੀ ਤੇ ਨਵੀਆਂ ਥਾਵਾਂ 'ਤੇ ਜਾਣ ਦਾ ਸ਼ੁਕੀਨ ਹੈ। ਇਨ੍ਹਾਂ 'ਤੇ ਜਾਣ ਵਾਸਤੇ ਉਹਦਾ ਉਮਾਹ ਤੇ ਊਰਜਾ, ਦੂਸਰਿਆਂ ਤਕ ਬਦੋਬਦੀ ਪਹੁੰਚ ਜਾਂਦੀ ਹੈ ; ਸਰੀਰ ਭਾਵੇਂ ਸਾਥ ਨਾ ਵੀ ਦੇਂਦੇ ਹੋਣ, ਜਿਵੇਂ ਅੱਜ ਸਾਡੇ ਨਾਲ ਹੈ।

ਕੈਲੀਫੋਰਨੀਆ ਦੀ ਮੌਂਟੇਰੇਅ ਕਾਊਂਟੀ 'ਚ ਸਥਿਤ 17 - ਮਾਈਲ ਡਰਾਈਵ, ਅਮਰੀਕਾ ਦੀਆਂ ਸਭ ਤੋਂ ਦਰਸ਼ਨੀ ਡਰਾਈਵਜ਼ 'ਚੋਂ ਹੈ। ਦਸ ਡਾਲਰ ਫ਼ੀਸ ਦੇ ਕੇ ਅਸੀਂ ਡਰਾਈਵ 'ਚ ਦਾਖਲ ਹੋ ਗਏ । ਵਿਕਸਿਤ ਦੇਸ਼ਾਂ ਦਾ ਇਹ ਰਿਵਾਜ ਚੰਗਾ ਹੈ। ਬਹੁਤ ਸਾਰੀਆਂ ਜਨਤਕ ਥਾਵਾਂ 'ਤੇ ਐਂਟਰੀ ਫੀਸ ਹੁੰਦੀ, ਪਰ ਉਹ ਬੜੀਆਂ ਆਹਲਾ ਸਾਂਭੀਆਂ ਹੁੰਦੀਆਂ ਨੇ। ਉਂਜ ਅਸੀਂ ਐਸੀਆਂ ਥਾਵਾਂ 'ਤੇ ਵੀ ਗਏ ਹਾਂ ਜਿੱਥੇ ਕੋਈ ਪੈਸਾ ਨਹੀਂ ਲਗਦਾ, ਪਰ ਉਹ ਵੀ ਬਹੁਤ ਸਾਂਭੀਆਂ-ਸੰਭਾਲੀਆਂ ਤੇ ਸਾਫ਼ ਹੁੰਦੀਆਂ ਨੇ।

ਅੰਦਰ ਦਾਖ਼ਲ ਹੁੰਦਿਆਂ ਹੀ ਇਕ ਨਿੱਕਾ ਸ਼ਹਿਰ ਹੈ; ਨਾਂ ਹੁਣ ਮੈਨੂੰ ਭੁੱਲ ਗਿਆ ਹੈ। ਅਸੀਮ ਦੱਸਦਾ ਹੈ ਕਿ ਏਥੇ ਅਤਿ ਅਮੀਰ ਹੀ ਕੋਠੀਆਂ ਖ਼ਰੀਦ ਸਕਦੇ ਨੇ। ਇਹ ਸਮੁੰਦਰ ਦੇ ਐਨ ਕੰਢੇ 'ਤੇ ਸਥਿਤ ਹੈ ਤੇ ਏਥੇ ਸਾਰਾ ਸਾਲ ਮੌਸਮ ਖ਼ੁਸ਼ਗਵਾਰ ਰਹਿੰਦਾ, ਭੀੜ ਹੈ ਨਹੀਂ। ਸੜਕ ਕੰਢੇ ਦੀਆਂ ਕੋਠੀਆਂ ਤੇ ਉਨ੍ਹਾਂ ਦੇ ਬਾਗ਼-ਬਗ਼ੀਚੇ, ਅਸੰਭਵ, ਸੁਪਨਿਆਂ ਦੇ ਘਰਾਂ ਜਿਹੇ ਸੋਹਣੇ ਨੇ। ਕੌਣ ਲੋਕ ਰਹਿੰਦੇ ਏਥੇ, ਮੈਂ ਅੱਧਾ ਖ਼ੁਦ ਤੋਂ, ਅੱਧਾ ਅਸੀਮ ਤੋਂ ਪੁੱਛਦਾ ਹਾਂ। ਸਿਲੇਬਰੇਟੀਜ਼-ਅਸੀਮ ਕਹਿੰਦਾ।

ਭਾਰਤ ਤੇ ਪੰਜਾਬ ਦੇ ਆਮ ਸ਼ਹਿਰਾਂ, ਆਮ ਘਰਾਂ ਤੇ ਆਮ ਇਲਾਕਿਆਂ ਜਿੱਥੇ ਸਦਾ ਭੀੜ, ਰੌਲਾ, ਧੂੜ, ਧੂੰਆਂ ਤੇ ਪ੍ਰਦੂਸ਼ਣ ਰਹਿੰਦਾ, ਨਾਲੋਂ ਇਹ ਕਿੰਨਾ ਅਲੱਗ ਹੈ। ਵੈਸੇ ਮੁਕਾਬਲਾ ਹੀ ਬੇਮਾਇਨਾ ਹੈ; ਇਹ ਦੁਨੀਆ ਵੱਖਰੀ ਹੈ। ਪਰ ਦੋਹਾਂ ਥਾਵਾਂ 'ਤੇ ਰਹਿੰਦੇ ਲੋਕਾਂ ਦੀਆਂ ਮਨੋਸਥਿਤੀਆਂ ਵੀ ਵੱਖਰੀਆਂ ਨੇ? ਕੌਣ ਵਧੇਰੇ ਖ਼ੁਸ਼ ਹੈ? ਫਿਰ, ਮੁਕਾਬਲਾ ਕਰਨ ਦਾ ਕੋਈ ਮਤਲਬ ਨਹੀਂ-ਤੀਸਰੀ ਦੁਨੀਆ ਦਾ ਬੰਦਾ ਅਜੇ ਜੀਣ ਦੇ ਬੁਨਿਆਦੀ ਮਸਲਿਆਂ 'ਚ ਉਲਝਿਆ ਹੈ। ਉੱਥੋਂ ਤੇ ਏਥੋਂ ਦੀ ਖ਼ੁਸ਼ੀ ਦੇ ਮਾਪਦੰਡ ਬਿਲਕੁੱਲ ਵੱਖਰੇ ਨੇ।

ਕੁਝ ਵੀ ਹੋਵੇ, ਇਹ ਘਰ, ਇਹ ਬਾਗ਼-ਬਗ਼ੀਚੇ, ਰੁੱਖ, ਫੁੱਲ, ਏਥੋਂ ਦੀ ਭੂਗੋਲਿਕ ਸਥਿਤੀ, ਮੌਸਮ ਤੇ ਮਾਹੌਲ, ਏਨਾ ਸੁੰਦਰ ਤੇ ਸਕੂਨਦੇਹ ਹੈ, ਕਿ ਮਨ 'ਚ ਟੀਸ ਉੱਠਦੀ ਹੈ। ਪੀੜਾਜਨਕ ਸੁੰਦਰਤਾ ਸ਼ਾਇਦ ਇਹਨੂੰ ਹੀ ਕਹਿੰਦੇ ਨੇ। ਨਿੱਕੇ ਸ਼ਹਿਰ ਦੀ ਹੱਦ 'ਚੋਂ ਬਾਹਰ ਆਏ ਹਾਂ ਤਾਂ ਸੱਪ-ਵਲੇਵੇਂ ਖਾਂਦੀ ਸੜਕ ਦੇ ਸੱਜੇ ਹੱਥ, ਐਨ ਛੋਹ ਲੈਣ ਦੀ ਦੂਰੀ 'ਤੇ, ਪ੍ਰਸ਼ਾਂਤ ਮਹਾਂਸਾਗਰ ਹੈ। ਇਸ ਵੇਲੇ ਉਸ 'ਤੇ ਤੇਜ਼ ਲਹਿਰਾਂ ਉੱਠ ਰਹੀਆਂ ਤੇ ਉਹੀ ਆਦਿ ਕਾਲੀਨ ਸ਼ੋਰ ਮਚਾ ਰਹੀਆਂ ਹਨ। ਤੇਜ਼ ਤੇ ਠੰਢੀ ਤੇ ਉਸੇ ਜਾਣੀ-ਪਛਾਣੀ ਸਿੱਲ੍ਹੀ ਨਮਕੀਨ ਮਹਿਕ ਵਾਲੀ ਸਮੁੰਦਰੀ ਹਵਾ ਵਹਿ ਰਹੀ ਹੈ। ਸ਼ਾਇਦ ਇਹ ਉਹੋ, ਸਕੂਲੀ ਸਿਲੇਬਸ ਵਾਲੀਆਂ, ਵਪਾਰਕ ਹਵਾਵਾਂ ਨੇ, ਜਿਨ੍ਹਾਂ ਸਦਕਾ



ਬਾਦਬਾਨਾਂ ਵਾਲੇ ਵੱਡੇ ਵਪਾਰਕ ਜਹਾਜ਼, ਪੁਰਾਣੇ ਸਮਿਆਂ 'ਚ, ਮਹਾਂਸਾਗਰਾਂ ਦੇ ਆਰਪਾਰ ਵੱਸੇ ਮੁਲਕਾਂ ਦਰਮਿਆਨ ਵਪਾਰ ਕਰਦੇ ਸਨ।

ਸੜਕ ਤੇ ਸਮੁੰਦਰ ਦੇ ਪਾਣੀ ਵਿਚਾਲੀ ਲੰਮੀ, ਵਿੰਗੀ-ਟੇਢੀ, ਪਤਲੀ ਤੇ ਚੱਟਾਨੀ ਪੱਟੀ 'ਤੇ, ਸੰਘਣੀਆਂ, ਮਧਰੀਆਂ ਤੇ ਫੁੱਲਦਾਰ ਜੰਗਲੀ ਝਾੜੀਆਂ ਨੇ। ਸ਼ੋਖ਼ ਪੀਲੇ ਤੇ ਹਲਕੇ ਜਾਮਨੀ ਫੁੱਲਾਂ ਵਾਲੀਆਂ। ਲਗਾਤਾਰ ਤੇਜ਼ ਠੰਢੀਆਂ ਹਵਾਵਾਂ ਅਤੇ ਮਿੱਟੀ ਦੀ ਘੱਟ ਉਪਜਾਕਤਾ ਨੇ ਝਾੜੀਆਂ ਨੂੰ ਏਨਾ ਮਧਰਾ, ਗੋਲਮਟੋਲ ਕਰ ਦਿੱਤਾ ਤੇ ਤਰਾਸ਼ ਦਿੱਤਾ ਹੋਇਆ ਹੈ ਕਿ ਉਹ ਮਨੁੱਖੀ ਹੱਥਾਂ ਤੇ ਸੂਝ ਦੁਆਰਾ ਸਾਧੀਆਂ-ਸਜਾਈਆਂ ਜਾਪਦੀਆਂ ਹਨ।

ਸੜਕ ਦੇ ਖੱਬੇ ਹੱਥ, ਨਾਲੋ-ਨਾਲ, ਕਿਤੇ-ਕਿਤੇ, ਸ਼ਾਨਦਾਰ ਤੇ ਵਿਸ਼ਾਲ ਘਰ ਹਨ। ਨਾਲ ਗੋਲਫ਼ ਦੇ ਲਹਿਰਦਾਰ ਮੈਦਾਨ ਚੱਲਦੇ ਨੇ। ਉਨ੍ਹਾਂ ਚ ਬਣਾਏ ਗਏ ਪੇਤਲੇ ਟੋਇਆਂ 'ਚ ਪਈ ਰੇਤ ਏਨੀ ਸਫ਼ੈਦ ਤੇ ਬਰੀਕ ਹੈ ਕਿ ਦੂਰੋਂ ਬਰਫ਼ ਪਈ ਜਾਪਦੀ ਹੈ। ਇਸ ਪਾਸੇ ਵੱਲ, ਮਨੁੱਖ ਵੱਲੋਂ ਸਾਧੀਆਂ-ਸੰਵਾਰੀਆਂ ਨੀਵੀਆਂ ਝਾੜੀਆਂ, ਫੁੱਲ-ਕਿਆਰੀਆਂ ਤੇ ਟਾਂਵੇਂ ਰੁੱਖ ਨੇ। ਅਸਲ 'ਚ ਇਹ ਵਿਸ਼ਵ ਪ੍ਰਸਿੱਧ ਗੋਲਫ਼ ਗਰਾਊਂਡਾਂ ਹਨ। ਪੰਜ ਯੂ .ਐੱਸ ਓਪਨ ਗੋਲਫ਼ ਟੂਰਨਾਮੈਂਟ ਏਥੇ ਹੋ ਚੁੱਕੇ ਨੇ; 2019 'ਚ ਮੁੜ ਹੋਏਗਾ।

ਅੱਜਕੱਲ੍ਹ ਸਕੂਲਾਂ ਚ ਛੁੱਟੀਆਂ ਨੇ ਤੇ ਬਹੁਤ ਲੋਕ ਬੱਚਿਆਂ ਨਾਲ ਸਮੁੰਦਰ ਕੰਢੇ ਘੁੰਮਣ ਆਏ ਨੇ। ਭੀੜ ਨਹੀਂ, ਪਰ ਰੌਣਕ ਹੈ। ਅਸੀਂ ਇਕ ਥਾਂ ਰੁਕ ਕੇ, ਕਾਰ ਤੋਂ ਬਾਹਰ ਆਏ ਹਾਂ। ਝੱਖੜੀ ਤੇਜ਼ ਤੇ ਠੰਢੀ ਹਵਾ,ਉਡਾਅ-ਉਡਾਅ ਲਈ ਜਾਂਦੀ ਹੈ। ਸਮੁੰਦਰ ਕੰਢੇ ਦੀ ਇਹ ਖ਼ਾਸ ਤਾਜ਼ਗੀ, ਠੰਢ, ਮਹਿਕ ਤੇ ਛੋਹ ਅਤੇ ਉਹਦੀ ਉਹ ਖ਼ਾਸ ਗਰਜਣਾ ਤੇ ਰਹੱਸ, ਮੈਂ ਪਹਿਲਾਂ ਵੀ, ਹੋਰ ਸਮੁੰਦਰਾਂ ਦੇ ਕੰਢਿਆਂ 'ਤੇ ਮਹਿਸੂਸ ਕੀਤੀ ਹੈ। ਇਹ ਰਹੱਸ ਮੋਹਣੋਂ ਨਹੀਂ ਹਟਦਾ। ਇਹ ਬ੍ਰਹਿਮੰਡ ਦੀ ਉਤਪਤੀ ਜਿੱਡਾ ਪੁਰਾਣਾ ਤੇ ਗੂੜ੍ਹ ਹੈ। ਹਰ ਕੋਈ ਇਸ ਰਹੱਸ ਦੀ ਮਿਕਨਾਤੀਸੀ ਖਿੱਚ ਦਾ ਬੱਝਾ, ਵਾਰ-ਵਾਰ ਸਮੁੰਦਰ ਦੇ ਕੋਲ ਆਉਂਦਾ ਹੈ। ਅਸੀਮ ਏਥੇ ਛੇਵੀਂ ਵਾਰ ਆਇਆ ਹੈ। ਅੱਜ ਉਹ ਇਸ ਗੱਲ 'ਤੇ ਹੈਰਾਨ ਹੋ ਰਿਹਾ ਹੈ : ਕਿੱਥੋਂ ਆਇਆ ਹੋਵੇਗਾ ਏਨਾ ਪਾਣੀ?



ਮੈਨੂੰ ਖ਼ਿਆਲ ਆਇਆ, ਮੈਂ ਵੀ ਕਦੇ, ਆਮ ਲੋਕਾਂ ਵਾਂਗ ਹੀ, ਇਹ ਕਦੇ ਸੋਚਿਆ ਹੀ ਨਹੀਂ ਕਿ ਧਰਤੀ ਦੇ ਸੱਤਰ ਫ਼ੀਸਦ ਹਿੱਸੇ 'ਤੇ ਸਮੁੰਦਰ ਨੇ, ਨਦੀਆਂ, ਪਰਬਤੀ ਤੇ ਧਰੁਵੀ ਗਲੇਸ਼ੀਅਰਾਂ, ਝੀਲਾਂ ਤੇ ਜ਼ਮੀਨ ਅੰਦਰਲੇ ਜ਼ਖੀਰਿਆਂ 'ਚ ਮੌਜੂਦ ਏਨਾ ਸਾਰਾ ਪਾਣੀ ਆਇਆ ਕਿੱਥੋਂ ਹੋਏਗਾ। ਸਾਡੀ ਇਸ ਧਰਤੀ ਦਾ ਜਨਮ ਤਾਂ ਚਾਰ ਸਵਾ ਚਾਰ ਅਰਬ ਸਾਲ ਪਹਿਲਾਂ, ਅੱਗ, ਗੈਸਾਂ ਤੇ ਪਿਘਲੇ ਹੋਏ ਤੱਤਾਂ ਦੇ ਰੂਪ 'ਚ ਹੋਇਆ ਸੀ। ਕਰੋੜਾਂ ਵਰ੍ਹੇ ਇਹਨੂੰ ਠੰਢਿਆਂ ਹੋਣ ਨੂੰ ਲੱਗੇ ਸਨ। ਉਸ ਮਾਹੌਲ 'ਚ, ਪਾਣੀ ਦਾ ਕਿਸੇ ਵੀ ਰੂਪ 'ਚ ਬਚੇ ਰਹਿਣਾ ਅਸੰਭਵ ਸੀ। ਫਿਰ ਕਿੱਥੋਂ ਆਇਆ ਇਹ ਏਨਾ ਪਾਣੀ?

ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ, ਠੰਢੀ ਹੋ ਗਈ ਧਰਤੀ ਦੇ ਸ਼ੁਰੂ ਦੇ ਲੱਖਾਂ-ਕਰੋੜਾਂ ਵਰ੍ਹਿਆਂ ਦੌਰਾਨ, ਇਹਦੇ 'ਤੇ ਟਕਰਾਉਂਦੀਆਂ ਰਹਿੰਦੀਆਂ ਅਣਗਿਣਤ ਉਲਕਾਵਾਂ ਤੇ ਧੂਮਕੇਤੂਆਂ 'ਤੇ ਜੰਮੀ ਬਰਫ਼ ਰਾਹੀਂ ਧਰਤੀ 'ਤੇ ਪੁੱਜਾ ਸੀ। ਬਰਫ਼ ਦੇ ਰੂਪ 'ਚ ਪਾਣੀ, ਬ੍ਰਹਿਮੰਡ 'ਚ ਆਮ ਹੈ। ਵਿਗਿਆਨੀਆਂ ਦੀ ਇਕ ਧਾਰਨਾ ਇਹ ਵੀ ਹੈ ਕਿ ਧਰਤੀ 'ਤੇ ਜੀਵਨ ਦੀ ਸ਼ੁਰੂਆਤ ਵੀ, ਇਸੇ ਬਰਫ਼ 'ਚ ਸੁਪਤ ਪਏ ਇਕ-ਕੋਸ਼ੀ ਜੀਵਾਂ ਦੇ ਰਾਹੀਂ ਹੋਈ ਹੈ-ਉਸ ਜ਼ਾਵੀਏ ਤੋਂ, ਅਸੀਂ ਸਭ ਇਸ ਧਰਤੀ 'ਤੇ 'ਏਲੀਅਨ' ਹਾਂ। ਵਿਗਿਆਨੀਆਂ ਨੇ ਇਹ ਵੀ ਹਿਸਾਬ ਲਾਇਆ ਹੈ, ਕਿ ਬ੍ਰਹਿਮੰਡ 'ਚ ਧਰਤੀ ਵਰਗੇ ਜੀਵਨ-ਧਾਰੀ ਹੋਰ ਅਸੰਖ ਗ੍ਰਹਿ ਹੋਣਗੇ।

ਥੋੜ੍ਹੀ ਅਗਾਂਹ ਜਾ ਕੇ ਅਸੀਂ, ਇਕ ਮੁਕਾਬਲਤਨ ਵੀਰਾਨ ਥਾਂ 'ਤੇ, ਸੜਕ ਤੋਂ ਪਾਣੀ ਤਕ ਬਣੀਆਂ ਲੱਕੜ ਦੀਆਂ ਪੌੜੀਆਂ ਉਤਰਦੇ, ਮੁੜ ਪਾਣੀ ਨੂੰ ਆ ਹੱਥ ਲਾਇਆ ਹੈ। ਉਹੀ ਲਹਿਰੋ ਲਹਿਰ, ਝੱਗੋ - ਝੱਗ ਸਮੁੰਦਰ। ਪੈਰਾਂ ਥੱਲੇ ਬੜੀ ਮਹੀਨ, ਨਰਮ ਤੇ ਸਫ਼ੈਦ ਰੇਤ। ਰੇਤ 'ਤੇ ਥਾਂ-ਥਾਂ 'ਤੇ,

ਲੇਸਲੀਆਂ ਲੰਮੀਆਂ ਸਮੁੰਦਰੀ ਬੂਟੀਆਂ। ਗ੍ਰੇਨਾਈਟ ਤੇ ਰੇਤ-ਪੱਥਰ ਦੀਆਂ ਵਿਸ਼ਾਲ ਚੱਟਾਨਾਂ। ਸੜਕ ਦੇ ਕੋਲ, ਮੋਟੇ ਠੁੱਲ੍ਹੇ ਕੈਕਟਸੀ ਪੱਤਿਆਂ ਤੇ ਗੁਲਾਬੀ-ਜਾਮਨੀ ਫੁੱਲਾਂ ਵਾਲੀ ਸੰਘਣੀ ਬੂਟੀ ਤੇ ਹੋਰ ਜੰਗਲੀ ਫੁੱਲ। ਪਰ ਇਨ੍ਹਾਂ ਪਲਾਂ 'ਚ ਜਿਹੜਾ ਨਜ਼ਾਰਾ ਮੈਨੂੰ ਸਭ ਤੋਂ ਵੱਧ ਮੋਹ ਰਿਹਾ ਹੈ, ਉਹ ਹੈ ਸਮੁੰਦਰ ਦੇ ਰੰਗ। ਉਹ ਸਮੁੰਦਰੀ-ਹਰਾ, ਕਿਤੇ ਸਲੇਟੀ-ਕਾਲਾ, ਧੂੰਆਂ-ਨੀਲਾ ਕਿਤੇ ਮਟਿਆਲਾ, ਕਿਤੇ ਬੁਝਿਆ-ਬਿਲੰਬਰੀ ਤੇ ਕਿਤੇ ਟਰਕੁਆਇਸ਼ ਹੈ। ਲਹਿਰਾਂ ਦੀ ਦੂਧੀਆ-ਸਫ਼ੈਦ ਝੱਗ, ਮੌਸ ਨਾਲ ਹਰੀਆਂ ਹੋਈਆਂ ਚੱਟਾਨਾਂ 'ਤੇ ਆ ਕੇ ਟਕਰਾਅ ਰਹੀ ਹੈ।

ਅਨੰਦ 'ਚ ਹਾਂ। ਤੇਜ਼ ਠੰਢੀ ਹਵਾ ਤੋਂ ਬਚਦਿਆਂ, ਮੈਂ ਚੌਂਕੜੀ ਮਾਰ ਕੇ ਇਕ ਸਪਾਟ ਸਿਲ 'ਤੇ ਬੈਠ ਜਾਂਦਾ ਹਾਂ। ਸਮੁੰਦਰ, ਹਵਾ, ਪੱਥਰਾਂ, ਰੇਤ ਤੇ ਬਨਸਪਤੀ ਨਾਲ ਇਕ ਹੋਣ ਦੀ ਕੋਸ਼ਿਸ਼ ਕਰਦਾ ਹਾਂ। ਅਨੰਦ ਨੂੰ ਹੋਰ ਗੂੜ੍ਹਾ ਕਰਨ ਲਈ, ਜੇਬੀ ਬੋਤਲ 'ਚੋਂ 'ਜੈਕ ਡੇਨੀਅਲ' ਦੇ ਘੁੱਟ ਭਰਦਾ ਹਾਂ। ਇਹਦੇ 'ਚ ਅਮਰੀਕਾ ਦਾ, ਤੇ ਚਿਰ ਮਗਰੋਂ ਬੇਟੇ ਤੇ ਨੂੰਹ ਨੂੰ ਮਿਲਣ ਦਾ ਸੁਆਦ ਤੇ ਸਰੂਰ ਹੈ-ਡੇਢ ਦਿਨ ਦੇ ਉਨੀਂਦਰੇ ਨਾਲ ਰਲ ਕੇ ਸਿਰ ਨੂੰ ਚੜ੍ਹਦਾ। ਜ਼ਰਾ ਮਿੱਠਾ, ਕੌੜਾ ਰਤਾ ਕੁ, ਅਣਬਿਆਨ ਮਹਿਕ ਵਾਲਾ।

ਸੜਕ ਦੇ ਖੱਬੇ ਹੱਥ 'ਤੇ ਜਿੱਥੇ ਕਿਤੇ ਏਨੀ ਥਾਂ ਹੁੰਦੀ ਹੈ, ਸੱਜੇ ਹੱਥ ਵੀ, ਸਾਇਪ੍ਰੈੱਸ ਤੇ ਚੀੜ੍ਹ ਦੇ ਵੱਡੇ ਤੇ ਸੰਘਣੇ ਰੁੱਖਾਂ ਚ ਘਿਰੇ ਖੜ੍ਹੇ, ਮਹਿਲਨੁਮਾ ਘਰ ਨੇ। ਸਮੁੰਦਰ ਦੇ ਏਨੀ ਨੇੜੇ, ਸਮੁੰਦਰੀ ਤੂਫ਼ਾਨਾਂ ਤੋਂ ਇਹ ਕਿੰਜ ਬਚਦੇ ਹੋਣਗੇ? ਅਹਿਲ, ਤਾਕਤਵਰ ਰੁੱਖ-ਸੰਤਰੀ ਹੀ ਉਨ੍ਹਾਂ ਤੇਜ਼ ਹਵਾਵਾਂ ਨੂੰ ਰੋਕਦੇ ਹੋਣਗੇ। ਅਸੀਂ 'ਇਕੱਲਾ ਸਾਇਪ੍ਰੈੱਸ' ਨਾਂ ਨਾਲ ਮਸ਼ਹੂਰ ਇਕ ਜਗ੍ਹਾ 'ਤੇ ਰੁਕ ਗਏ ਹਾਂ। ਸਮੁੰਦਰ 'ਚ ਅਗਾਂਹ ਨੂੰ ਵਧੀ ਇਕ ਚੱਟਾਨ 'ਤੇ ਇਹ ਰੁੱਖ, ਇਕੱਲਾ, ਮਜ਼ਬੂਤ ਤੇ ਵਿੰਗਾ-ਟੇਢਾ, ਪਿਛਲੇ ਢਾਈ ਸੌ ਸਾਲਾਂ ਤੋਂ, ਇੰਜ ਹੀ ਤੇਜ਼ ਸੀਤ ਹਵਾਵਾਂ ਤੇ ਸਮੁੰਦਰੀ ਤੂਫ਼ਾਨਾਂ ਨਾਲ ਲੜਦਾ ਖੜ੍ਹਾ ਹੈ। ਇਹ ਕੈਲੇਫੋਰਨੀਆ ਦੇ ਦੇਰਪਾਅ ਥਾਂ-ਨਿਸ਼ਾਨਾਂ 'ਚੋਂ ਇਕ ਹੈ।

ਸੜਕ ਦੇ ਦੋਵੇਂ ਪਾਸੀਂ, ਵਿਸ਼ਾਲ ਤੇ ਪੁਰਾਤਨ ਸਾਇਪ੍ਰੈੱਸ ਤੇ ਚੀੜ੍ਹ ਰੁੱਖਾਂ ਦਾ ਸੰਘਣਾ ਵਣ ਹੈ। ਰੁੱਖਾਂ ਦੇ ਤਣੇ ਤੇ ਟਹਿਣੀਆਂ ਮੋਟੀਆਂ ਤੇ ਮਜ਼ਬੂਤ ਹਨ ਪਰ ਲਗਾਤਾਰ ਤੇਜ਼ ਹਵਾਵਾਂ ਕਾਰਨ ਮੁੜੀਆਂ-ਤੁੜੀਆਂ। ਛਤਰੇ ਸੰਘਣੇ ਤੇ ਸਾਵੇ ਹਨ। ਛਤਰਿਆਂ ਤੇ ਝਾੜੀਆਂ ਨੂੰ ਤੇਜ਼ ਹਵਾਵਾਂ ਨੇ ਆਪਣੇ ਰੁਖ਼ ਮੋੜ ਲਿਆ ਹੋਇਆ ਹੈ। ਇਕ ਹੋਰ ਥਾਂ 'ਤੇ 'ਭੂਤ ਰੁੱਖ' ਹੈ। ਹਵਾਵਾਂ ਕਾਰਨ ਉਹਦੀ ਛਿੱਲ ਉਤਰ ਗਈ ਹੋਈ। ਉਹਦਾ ਮ੍ਰਿਤ ਤਣਾ ਭੂਤ-ਸਫੈਦ (ਅਮਰੀਕਾ ਦੇ ਭੂਤਾਂ ਦਾ ਇਹੀ ਰੰਗ ਹੁੰਦਾ!) ਤੇ ਟੁੱਟਿਆ- ਫੁੱਟਿਆ ਹੈ। ਇਹਦੇ ਨੇੜੇ ਤੇ ਆਲੇ ਦੁਆਲੇ ਇਹੋ ਜਿਹੇ ਹੋਰ ਕਈ ਭੂਤ ਰੁੱਖ ਹਨ। ਨਾਲ ਹੀ ਅੰਞਾਣੇ ਤੇ ਮਜ਼ਬੂਤ ਜਿਉਂਦੇ ਰੁੱਖ, ਹਰੀਆਂ ਕਚੂਰ ਝਾੜੀਆਂ ਤੇ ਰੰਗ ਬਿਰੰਗੇ ਜੰਗਲੀ ਫੁੱਲ ਨੇ। ਜਨਮ ਤੇ ਮਰਨ, ਸੰਗਠਨ ਤੇ ਵਿਘਟਣ ਦੀ ਉਹ ਅਨੰਤ ਖੇਡ ਏਥੇ ਵੀ, ਬ੍ਰਹਿਮੰਡ 'ਚ ਹਰ ਥਾਂ ਵਾਂਗ ਕਾਰਜਸ਼ੀਲ ਹੈ।

ਦੁਨੀਆ 'ਚ ਇਕ ਤੋਂ ਵਧ ਕੇ ਇਕ ਖ਼ੂਬਸੂਰਤ ਥਾਵਾਂ ਹਨ। 'ਸਮੁੰਦਰ ਤੇ ਜ਼ਮੀਨ ਦੇ ਮਿਲਾਪ ਦੀਆਂ ਥਾਵਾਂ 'ਚੋਂ, ਇਸ ਥਾਂ ਤੋਂ ਵਧੇਰੇ ਸੋਹਣੀਆਂ' ਜਿਵੇਂ ਇਸ ਥਾਂ ਬਾਰੇ ਛਪੀ ਇਕ ਰੰਗਦਾਰ ਕਿਤਾਬਚੀ ਦਾ ਦਾਅਵਾ ਹੈ, ਪਰ ਇਸ ਦੁਨੀਆ 'ਚ ਘੱਟ ਹੋਣਗੀਆਂ। ਪਤਾ ਨਹੀਂ ਮੈਂ ਇਸ ਤੋਂ ਮਗਰੋਂ ਕਿੰਨੇ ਕੁ ਸਮੁੰਦਰ-ਤੱਟ ਹੋਰ ਵੇਖਣੇ, ਪਰ ਜਦੋਂ ਵੀ ਕਿਤੇ ਉਨ੍ਹਾਂ ਨੂੰ ਵੇਖਾਂਗਾ, ਤਾਂ ਇਸ ਤੱਟ ਨਾਲ ਮੁਕਾਬਲਾ ਆਪਣੇ ਆਪ ਹੁੰਦਾ ਰਹੇਗਾ। ਤੇ ਯਕੀਨਨ, 'ਵੇਖਣ' ਦਾ ਉਹ ਸਹੀ ਤਰੀਕਾ ਨਹੀਂ ਹੋਏਗਾ। •



ਮੁਖ਼ਤਾਰ ਗਿੱਲ
98140-82217

ਲੰਢੌਰ ਜੇ ਅੱਜ ਵੀ ਹੁਸੀਨ ਤੇ ਅਲੌਕਿਕ ਹੈ ਤਾਂ ਵਜ੍ਹਾ ਕੁਦਰਤ ਨਾਲ ਛੇੜਛਾੜ ਦਾ ਨਾ ਹੋਣਾ ਹੀ ਹੈ। ਜਿਉਂ-ਜਿਉਂ ਤੁਸੀਂ ਤੰਗ ਰਸਤਿਆਂ ਰਾਹੀਂ ਉੱਪਰ ਜਾਓਗੇ ਤਾਂ ਇਹ ਇਲਾਕਾ ਆਪਣੇ ਸੁਹਾਵਣੇਪਨ ਦੀਆਂ ਪਰਤਾਂ ਖੋਲ੍ਹਣ ਲਗਦਾ ਹੈ...

# ਸ਼ਾਂਤ ਤੇ ਪੁਰਸਕੂਨ ਸੈਰਗਾਹ ਲੰਢੌਰ





ਮੈਨੂੰ ਤੇ ਮੇਰੇ ਘੁਮੱਕੜ ਦੋਸਤਾਂ ਨੂੰ ਹਮੇਸ਼ਾ ਸ਼ਾਤ ਤੇ ਪੁਰ ਸਕੂਨ ਸੈਰਗਾਹਾਂ ਦੀ ਤਲਾਸ਼ ਰਹਿੰਦੀ ਹੈ। ਵੀਹ ਪੰਝੀ ਸਾਲ ਅਸਾਂ ਬਰੋਟ ਵੈਲੀ ਢੂੰਡ ਲਈ ਸੀ ਜਿਹੜੀ ਦੇਵ ਭੂਮੀ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹੇ ਮੰਡੀ ਵਿਚ ਸਥਿਤ ਹੈ। ਇਸੇ ਤਰ੍ਹਾਂ ਅਸੀਂ ਭੀੜ ਭਾੜ ਵਾਲੀਆਂ ਸੈਰਗਾਹ ਸ਼ਿਮਲਾ, ਮਨਾਲੀ, ਨੈਨੀਤਾਲ, ਮਾਸੂਰੀ ਅਤੇ ਡਲਹੌਜ਼ੀ ਆਦਿ ਦੀ ਜਗ੍ਹਾ ਹੋਰ ਪ੍ਰਕ੍ਰਿਤਕ ਸੁੰਦਰਤਾ ਤੇ ਸਕੂਨ ਪ੍ਰਦਾਨ ਕਰਨ ਵਾਲੀਆਂ ਹਰੀਆਂ ਭਰੀਆਂ ਘਾਟੀਆਂ ਤਲਾਸ਼ ਲਈਆਂ ਜਿਨ੍ਹਾਂ ਵਿੱਚੋਂ ਹੈ ਰੂਹ ਦੇ ਰੂਹਾਨੀ ਅਹਿਸਾਸਾਂ ਨਾਲ ਘੁਲ ਮਿਲ ਜਾਣ ਵਾਲੀ ਲੰਢੌਰ ਵਾਦੀ। ਰੁਟੀਨ ਦੀ ਜ਼ਿੰਦਗੀ ਤੋਂ ਥੱਕ ਚੁੱਕੇ ਸਾਡੇ ਵਰਗੇ ਲੋਕਾਂ ਲਈ ਦੂਨ ਵਾਦੀ ਕਾਫ਼ੀ ਸਕੂਨ ਦੇਣ ਵਾਲੀ ਹੈ। ਸੋ ਅਸੀਂ ਅੰਮ੍ਰਿਤਸਰ ਤੋਂ ਚਲ ਕੇ ਚੰਡੀਗੜ੍ਹ ਰਾਤ ਕੱਟ ਅਗਲੇ ਦਿਨ ਅਸੀਂ ਰੇਣੂਕਾ ਝੀਲ ਦੀ ਸੁੰਦਰਤਾ ਮਾਣਨ ਜਾ ਪਹੁੰਚੇ। ਵਿਸ਼ਾਲ ਝੀਲ ਤੇ ਮੰਦਰ ਦੀ ਜ਼ਿਆਰਤ ਕਰਨ ਲਈ ਅਸੀਂ ਨਾਹਨ ਜਾ ਪਹੁੰਚੇ।

ਨਾਹਨ ਘੁੰਮ ਫਿਰ ਸ਼ਾਮ ਨੂੰ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਯਮਨਾ ਨਦੀ ਕੰਢੇ ਵਸਾਏ ਨਗਰ ਪਾਉਂਟਾ ਸਾਹਿਬ ਪੁੱਜ ਗਏ। ਥੱਕੇ ਸੀ ਖੂਬ ਨੀਂਦ ਆਈ। ਸਵੇਰੇ ਉੱਠ, ਇਸ਼ਨਾਨ ਪਾਣੀ ਕਰ, ਗੁਰਦੁਆਰਾ ਸਾਹਿਬ ਮੱਥਾ ਟੇਕ ਗੁਰਬਾਣੀ ਦਾ ਰਸਭਿੰਨਾ ਕੀਰਤਨ ਸਰਵਣ ਕੀਤਾ। 52 ਕਵੀਆਂ ਦੇ ਇਤਿਹਾਸਕ ਸਥਾਨ ਦੇ ਦਰਸ਼ਨ ਕਰ ਕੇ ਲੰਗਰ ਛੱਕ ਦੇਹਰਾ ਦੂਨ ਵੱਲ ਚਾਲੇ ਪਾ ਦਿੱਤੇ। ਸ਼ਿਵਾਲਕ ਪਹਾੜੀਆਂ 'ਚ ਸਥਿਤ ਪੂਰੀ ਦੂਨ ਘਾਟੀ ਉਤਰਾਖੰਡ ਦੀ ਸਭ ਤੋਂ ਪ੍ਰਸਿੱਧ ਸੈਰਗਾਹ ਹੈ। ਦੇਹਰਾਦੂਨ ਤੋਂ 15 ਕੁ ਕਿਲੋਮੀਟਰ ਦੂਰ ਸ਼ਾਂਤ, ਰਮਣੀਕ ਤੇ ਪ੍ਰਦੂਸ਼ਣ ਰਹਿਤ ਸੈਰਗਾਹ ਚਕਰਾਤ ਸ਼ੁਧ ਹਵਾ ਪਾਣੀ ਲਈ ਪ੍ਰਸਿੱਧ ਹੈ।

ਸੋ ਅਸੀਂ ਇੱਥੋਂ ਦੇਹਰਾਦੂਨ ਸ਼ਹਿਰ ਦੇ ਉੱਤਰ 'ਚ ਸਰਦੀ ਅਤੇ ਗਰਮ ਰੁੱਤ ਦੀ ਹਰਮਨ ਪਿਆਰੀ ਸੈਰਗਾਹ ਮਾਸੂਰੀ ਹੈ। ਇਥੇ ਬਹੁਤ ਮਾਤਰਾ 'ਚ ਮੰਸੂਰ ਦੇ ਦਰੱਖ਼ਤਾਂ ਦੀ ਵਜ੍ਹਾ ਕਰਕੇ ਇਸ ਦਾ ਨਾਂ ਮਸੂਰੀ ਪੈ ਗਿਆ। ਅਜੇ ਵੀ ਕੁਝ ਲੋਕ 'ਮੰਸੂਰੀ' ਕਹਿੰਦੇ ਹਨ। ਮਸੂਰੀ ਦੀ ਖੋਜ ਯੁੰਗ ਨਾਮ ਦੇ ਫ਼ੌਜੀ ਅਫਸਰ ਨੇ 1828 ਵਿਚ ਕੀਤੀ ਸੀ। ਅੰਗਰੇਜ਼ ਜਦੋਂ ਇੱਥੇ ਪਹਿਲੀ ਵਾਰ ਆਏ ਤਾਂ ਇਸ ਦੀ ਖ਼ੂਬਸੂਰਤੀ ਵੇਖ ਮੰਤਰ ਮੁਗਧ ਹੋ ਗਏ ਸਨ। ਉਨ੍ਹਾਂ ਇਸ ਸ਼ਾਂਤ ਸਵਰਗ 'ਚ ਕਾਟੇਜ ਤੇ ਅਸਟੇਟ ਬਣਾਏ ਸੀ ਜਿਨ੍ਹਾਂ ਵਿਚ ਜ਼ਿਆਦਾਤਰ ਆਇਰਸ਼ ਤੇ ਸਕਾਟਿਸ਼ ਸਨ। ਮਾਸੂਰੀ ਦੇ ਗਨ ਹਿੱਲ, ਮਾਲ ਰੋਡ, ਕੰਪਨੀਬਾਗ਼ (ਮਿਊਂਸਪਲ ਗਾਰਡਨ) ਕੈਂਪਟੀ ਫਾਲ (ਖ਼ੂਬਸੂਰਤ ਝਰਨਾ) ਹੈ ਜਿਹੜਾ ਕੈਂਪ ਜਮ੍ਹਾ ਟੀ (ਚਾਹ) ਪਲੱਸ ਫਾਲ (ਝਰਨਾ) ਕੈਂਪਟੀਫਾਲ ਹੋ ਗਿਆ। ਮਾਲ ਰੋਡ 'ਤੇ ਸਥਿਤ ਕੈਂਬਰਿਜ ਬੁੱਕ ਡੀਪੂ ਹੈ ਜਿਥੇ ਪ੍ਰਸਿੱਧ ਲੇਖਕ ਰਸਕਿਨ ਬਾਂਡ ਅਕਸਰ ਆਪਣੇ ਪਾਠਕਾਂ ਨੂੰ ਮਿਲਦੇ ਹਨ, ਆਟੋਗ੍ਰਾਫ ਤੇ ਸੈਲਫ਼ੀ ਲੈਣ ਦਿੰਦੇ ਹਨ। ਰਸਕਿਨ ਬਾਂਡ ਪੁਸਤਕ ਨੂੰ ਅੰਤ (ਪਿਛਲੇ ਪਾਸਿਉਂ) ਤੋਂ ਪੜ੍ਹਨਾ ਸ਼ੁਰੂ ਕਰਦੇ ਹਨ। ਮੈਂ ਉਨ੍ਹਾਂ ਦਾ ਕਹਾਣੀ ਸੰਗ੍ਰਿਹ,'ਦੇਵਦਾਰੋਂ ਕੇ ਸਾਏ ਮੇ (ਪੁਰਾਣੇ ਦੌਰ ਦੀ ਮਾਸੂਰੀ ਨਾਲ ਸਬੰਧਤ 8 ਕਹਾਣੀਆਂ) ਪੜ੍ਹੀਆਂ ਸਨ।

**ਲੰਢੌਰ ਆਉਣਾ ਕਿਸੇ ਸੁਪਨੇ ਨਾਲ ਰੂ-ਬ-ਰੂ ਹੋਣ ਵਾਂਗ ਹੈ। ਮਸੂਰੀ ਦੀ ਮਾਲ ਰੋਡ ਤੋਂ 5 ਕੁ ਕਿਲੋਮੀਟਰ ਦੂਰ ਸ਼ਾਂਤ ਸ਼ੁੱਧ ਹਵਾ, ਉੱਚੇ ਪਹਾੜਾਂ ਦੀਆਂ ਕਤਾਰਾਂ, ਹਰੀਆਂ ਭਰੀਆਂ ਵਾਦੀਆਂ ਅਤੇ ਦੇਵਦਾਰ ਦੇ ਹਜ਼ਾਰ ਦਰੱਖ਼ਤਾਂ 'ਚ ਘਿਰਿਆ ਅਦਭੁੱਤ ਸੰਸਾਰ!**

ਉਥੇ ਹੀ ਕਿਸੇ ਸੁਝਾਅ ਦਿੱਤਾ ਸੀ ਕਿ ਜੇ ਤੁਸੀਂ ਕੁਦਰਤੀ ਸੁੰਦਰਤਾ ਮਾਣਨ ਅਤੇ ਸ਼ਾਂਤ ਪੁਰਸਕੂਨ ਜਗ੍ਹਾ ਤਲਾਸ਼ ਰਹੇ ਹੋ ਤਾਂ ਲੰਢੌਰ (ਲ਼ਓਨਦੌਰ) ਜਾਓ।

ਲੰਢੌਰ ਆਉਣਾ ਕਿਸੇ ਸੁਪਨੇ ਨਾਲ ਰੂ-ਬ-ਰੂ ਹੋਣ ਵਾਂਗ ਹੈ। ਮਸੂਰੀ ਦੀ ਮਾਲ ਰੋਡ ਤੋਂ 5 ਕੁ ਕਿਲੋਮੀਟਰ ਦੂਰ ਸ਼ਾਂਤ ਸ਼ੁੱਧ ਹਵਾ, ਉੱਚੇ ਪਹਾੜਾਂ ਦੀਆਂ ਕਤਾਰਾਂ, ਹਰੀਆਂ ਭਰੀਆਂ ਵਾਦੀਆਂ ਅਤੇ ਦੇਵਦਾਰ ਦੇ ਹਜ਼ਾਰ ਦਰੱਖ਼ਤਾਂ 'ਚ ਘਿਰਿਆ ਅਦਭੁੱਤ ਸੰਸਾਰ! ਲੰਢੌਰ ਲੇਖਕਾਂ, ਬੁੱਧੀਜੀਵੀਆਂ ਤੇ ਫਿਲਾਸਫਰਾਂ ਦਾ ਮਨਪਸੰਦ ਸਥਾਨ ਬਣ ਗਿਆ। ਇੱਥੋਂ ਦੀਆਂ ਫ਼ਿਜਾਵਾਂ ਵਿਚ ਵੱਖਰੀ ਗੱਲ 'ਤੇ ਅਲੱਗ ਸੰਗੀਤ ਹੈ, ਬੇਹੱਦ ਮੌਲਿਕ। ਲੰਢੌਰ ਜੇ ਅੱਜ ਵੀ ਹੁਸੀਨ ਤੇ ਅਲੌਕਿਕ ਹੈ ਤਾਂ ਵਜ੍ਹਾ ਕੁਦਰਤ ਨਾਲ ਛੇੜਛਾੜ ਦਾ ਨਾ ਹੋਣਾ ਹੀ ਹੈ। ਕਿਉਂਕਿ ਇਥੇ ਚੋਣਵੇਂ ਲੋਕ ਵਸਦੇ ਹਨ। ਜਿਉਂ-ਜਿਉਂ ਤੁਸੀਂ ਇਸਦੇ ਸੀਮੇਂਟਨੁਮਾ ਤੰਗ ਘੁਮਾਅਦਾਰ ਰਸਤਿਆਂ ਰਾਹੀਂ ਉੱਪਰ ਜਾਓਗੇ ਤਾਂ ਇਹ ਇਲਾਕਾ ਆਪਣੇ ਸੁਹਾਵਣੇਪਨ ਦੀਆਂ ਪਰਤਾਂ ਖੋਲ੍ਹਣ ਲਗਦਾ ਹੈ। ਦੇਵਦਾਰ, ਹਿਮਾਲੀਅਨ ਓਕ, ਚੀੜ੍ਹ, ਪਾਈਨ, ਬਲਿਊ ਪਾਈਨ ਅਤੇ ਤਮਾਮ ਪਹਾੜੀ ਪੇੜ ਪੌਦਿਆਂ ਦੇ ਵਿਚਕਾਰ ਫੁੱਲਾਂ ਦੀ ਖ਼ੂਬਸੂਰਤ ਚਾਦਰ ਖ਼ੁਸ਼ਆਮਦੀਦ ਕਹੇਗੀ। ਪੰਛੀਆਂ ਦੀ ਚਹਿਚਹਾਟ ਮਨ ਨੂੰ ਮੋਹ ਲਵੇਗੀ। ਇਥੇ 350 ਪੰਛੀਆਂ ਦੀਆਂ ਪ੍ਰਜਾਤੀਆਂ ਤਾਂ ਹਮੇਸ਼ਾ ਮਿਲ ਹੀ ਜਾਣਗੀਆਂ। ਹਲਕੀ ਬਰਸਾਤ ਵਿਚ ਪਹੁੰਚੋਗੇ ਤਾਂ ਉਚਾਈ ਤੇ ਧੁੰਦ ਵਿਚਾਲੇ ਫੁਹਾਰਾਂ ਟੱਪ-ਟੱਪ ਕਰਦੀਆਂ ਮਿਲਣਗੀਆਂ। ਉੱਪਰ ਬਰਫ਼ ਨਾਲ ਢੱਕੀਆਂ ਪਹਾੜੀ ਚੋਟੀਆਂ ਤੇ ਹੇਠਾਂ ਸਬਜ਼ ਵਾਦੀਆਂ। ਚਾਰੇ ਪਾਸੇ ਨਜ਼ਰ ਮਾਰੋਗੇ ਤਾਂ ਹਰ ਪਲ ਇਕ ਵੱਖਰਾ ਖੁਸ਼ਨੁਮਾ ਕੈਨਵਸ ਦਿਸੇਗਾ।

ਇਥੋਂ ਦੀਆਂ ਲਾਲ ਛੱਤਾਂ ਵਾਲੀਆਂ ਕੋਠੀਆਂ ਵਿਚ ਰਸਕਿਨ ਬਾਂਡ ਦੀ ਵੀ ਕੋਠੀ ਹੈ। ਉਨ੍ਹਾਂ ਦੀਆਂ ਕਹਾਣੀਆਂ 'ਚ ਇੱਥੋਂ ਦੀ ਖ਼ੂਬਸੂਰਤੀ ਅਤੇ ਨਿਰਛੱਲਤਾ ਝਾਕਦੀ ਹੈ। ਵਿਕਟਰ ਬੈਨਰਜੀ, ਟਾਮ ਆੱਲਟਰ, ਐਨ ਡੀ ਟੀ ਵੀ ਦੇ ਪ੍ਰਣਯ ਰਾਏ, ਵਿਸ਼ਾਲ ਭਾਰਦਵਾਜ ਵੀ ਬਾਂਡ ਦੇ ਗੁਆਂਢ ਰਹਿੰਦੇ ਹਨ। ਸਚਿਨ ਤੇਂਦੁਲਕਰ ਨੇ ਇਥੇ ਕੋਠੀ ਖ਼ਰੀਦੀ ਹੈ। ਇੱਥੇ ਪ੍ਰਾਚੀਨ ਚਰਚ ਵੇਖਣ ਯੋਗ ਹੈ ਅਤੇ ਛੋਟਾ ਜਿਹਾ ਬਾਜ਼ਾਰ ਸੈਲਾਨੀਆਂ ਦੀਆਂ ਹਰ ਲੋੜਾਂ ਪੂਰੀਆਂ ਕਰਦਾ ਹੈ। ਜਦੋਂ ਤੁਸੀਂ ਕਦੇ (ਜੁਲਾਈ ਦੀਆਂ ਬਾਰਿਸ਼ਾਂ ਤੋਂ ਬਾਅਦ ਸਰਦੀ ਤੋਂ ਪਹਿਲਾਂ) ਮਾਸੂਰੀ ਜਾਓ ਤਾਂ ਲੰਢੌਰ ਜ਼ਰੂਰ ਦਸਤਕ ਦੇਣੀ। ਇਸ ਦੇ ਕਦੀ ਨਾ ਭੁੱਲਣਯੋਗ ਦ੍ਰਿਸ਼ ਤੁਹਾਡੇ ਚੇਤਿਆਂ 'ਚ ਵਸੇ ਰਹਿਣਗੇ। •



ਡਾ. ਵਿਦਵਾਨ ਸਿੰਘ ਸੋਨੀ
98143-48697

ਸ਼ਾਮ ਨੂੰ ਅਸੀਂ ਨੇੜੇ ਲੱਗਦਾ ਜਿਹਲਮ ਦਰਿਆ 'ਤੇ ਬਣਿਆ ਇਤਿਹਾਸਕ 'ਅਮੀਰਾ ਕਦਲ' ਪੁਲ਼ ਦੇਖਿਆ। ਇਹ ਪੁਲ਼ 1774-77 ਦੌਰਾਨ ਅਫ਼ਗਾਨੀ ਗਵਰਨਰ 'ਅਮੀਰਾ ਖ਼ਾਨ ਸ਼ੇਰ ਜਵਾਨ' ਨੇ ਬਣਾਇਆ ਸੀ...



# ਭਲੇ ਸਮਿਆਂ 'ਚ ਕੀਤੀ ਕਸ਼ਮੀਰ ਦੀ ਯਾਤਰਾ

ਸਰਕਾਰੀ ਕਾਲਜ ਗੁਰਦਾਸਪੁਰ ਦੇ ਤਿੰਨ ਪ੍ਰੋਫੈਸਰਾਂ ਨੇ ਭਲਿਆਂ ਵੇਲਿਆਂ 'ਚ ਰਲਕੇ ਕਸ਼ਮੀਰ ਜਾਣ ਦਾ ਮਨ ਬਣਾਇਆ। ਮੇਰੇ ਨਾਲ ਸਨ ਪ੍ਰੋ. ਕਿਰਪਾਲ ਸਿੰਘ ਯੋਗੀ ਤੇ ਸਰਦੂਲ ਸਿੰਘ। ਉਨ੍ਹਾਂ ਦਿਨਾਂ 'ਚ ਕਸ਼ਮੀਰ ਵਿਚ ਅੱਜ ਵਰਗਾ ਮਾੜਾ ਮਾਹੌਲ ਨਹੀਂ ਸੀ। ਅਸੀਂ ਬੱਸ ਫੜਕੇ ਪਠਾਨਕੋਟ ਤੋਂ ਕੁੱਦ ਪਹੁੰਚੇ ਜਿੱਥੇ ਪਹਿਲੀ ਰਾਤ ਬਿਤਾਈ। ਉਦੋਂ ਬੱਸਾਂ ਰਾਹ ਵਿਚ ਇਕ ਰਾਤ ਕੁੱਦ ਠਹਿਰਦੀਆਂ ਹੁੰਦੀਆਂ ਸਨ। ਅਗਲੇ ਦਿਨ ਸਵੇਰੇ ਉਸੇ ਬੱਸ 'ਤੇ ਦੁਪਹਿਰ ਤਕ ਸ੍ਰੀਨਗਰ ਪਹੁੰਚ ਗਏ। ਸ਼ਾਮ ਨੂੰ ਅਸੀਂ ਨੇੜੇ ਲੱਗਦਾ ਜਿਹਲਮ ਦਰਿਆ ਤੇ ਬਣਿਆ ਇਤਿਹਾਸਕ 'ਅਮੀਰਾ ਕਦਲ' ਪੁਲ਼ ਦੇਖਿਆ। ਇਹ ਪੁਲ਼ 1774-77 ਦੌਰਾਨ ਅਫ਼ਗਾਨੀ ਗਵਰਨਰ 'ਅਮੀਰਾ ਖ਼ਾਨ ਸ਼ੇਰ ਜਵਾਨ' ਨੇ ਬਣਾਇਆ ਸੀ। ਫਿਰ ਅਸੀਂ ਜ਼ੀਰੋ ਬਰਿੱਜ ਦੇਖਿਆ, ਜੋ ਪਿਛਲੀ ਸਦੀ ਦੇ ਛੇਵੇਂ ਦਹਾਕੇ ਵਿਚ ਕਸ਼ਮੀਰ ਦੇ ਉਦੋਂ ਦੇ ਪ੍ਰਧਾਨ ਮੰਤਰੀ ਬਖਸ਼ੀ ਗੁਲਾਮ ਮੁਹੰਮਦ ਵੇਲੇ ਬਣਿਆ ਸੀ। ਜ਼ੀਰੋ ਸ਼ਬਦ ਕਸ਼ਮੀਰੀ ਭਾਸ਼ਾ ਦੇ ਸ਼ਬਦ 'ਜੌਰ' ਤੋਂ ਵਿਗੜ ਕੇ ਬਣਿਆ ਹੈ ਜਿਸ ਦਾ ਅਰਥ ਹੁੰਦਾ ਹੈ 'ਬੋਲ਼ਾ', ਕਿਉਂਕਿ ਇਸ ਨੂੰ ਬਣਾਉਣ ਵਾਲਾ ਠੇਕੇਦਾਰ ਬੋਲ਼ਾ ਸੀ। ਓਦੋਂ ਅਸੀਂ ਜ਼ੀਰੋ ਪੁਲ ਹੇਠਾਂ ਸੈਲਾਨੀਆਂ ਦੀਆਂ ਕਿਸ਼ਤੀਆਂ ਦੀ ਬਹੁਤ ਚਹਿਲ ਪਹਿਲ ਦੇਖੀ, ਜੋ ਅੱਜ ਕੱਲ੍ਹ ਸ਼ਾਇਦ ਨਾ ਹੁੰਦੀ ਹੋਵੇ।

ਅਗਲੇ ਦਿਨ ਅਸੀਂ ਟਾਂਗਾ ਕਰ ਕੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਰਦਵਾਰੇ ਗਏ ਜੋ ਲਾਲ ਚੌਂਕ ਤੋਂ 4-5 ਕਿਲੋਮੀਟਰ ਦੀ ਦੂਰੀ 'ਤੇ ਸੀ। ਗੁਰੂ ਸਾਹਿਬ ਜਦੋਂ ਕਸ਼ਮੀਰ ਵਾਦੀ ਵਿਚ ਗਏ ਸੀ ਤਾਂ ਉਹ ਇਸ ਸਥਾਨ 'ਤੇ ਠਹਿਰੇ ਸੀ, ਜਿਨ੍ਹਾਂ ਦੀ ਯਾਦ ਵਿਚ ਇਹ ਗੁਰਦਵਾਰਾ ਬਣਾਇਆ ਗਿਆ ਹੈ। ਉੱਥੇ ਚਾਰ ਪੰਜ ਘੰਟੇ ਬਿਤਾਕੇ ਅਸੀਂ ਵਾਪਸੀ ਫਿਰ ਟਾਂਗਾ ਕਰ ਲਿਆ। ਟਾਂਗੇ ਵਾਲਾ ਰਾਹ ਵਿਚ ਘੋੜੇ ਨੂੰ ਛਾਂਟੇ ਮਾਰਦਾ ਹੋਇਆ ਦੂਰ ਹੱਥ ਕਰ ਕੇ ਕਹਿਣ ਲੱਗਾ ਕਿ ਜਨਾਬ ਕਭੀ ਵੋ ਪਾਕਿਸਤਾਨ ਕੀ ਬਾਰਡਰ ਭੀ ਖੁਲ੍ਹੇਗੀ, ਜ਼ਰੂਰ ਖੁਲ੍ਹੇਗੀ। ਅਸੀਂ ਚੁੱਪ ਕਰਕੇ ਸੁਣਦੇ ਰਹੇ, ਬਹਿਸਣ ਦੀ ਲੋੜ ਹੀ ਨਹੀਂ ਸੀ! ਫਿਰ ਅੱਗੇ ਜਾ ਕੇ ਇਕ ਪ੍ਰਾਇਮਰੀ ਸਕੂਲ ਕੋਲੋਂ ਲੰਘੇ ਜਿਸ ਵਿਚ ਛੁੱਟੀ ਹੋ ਕੇ ਹਟੀ ਸੀ। ਅਸੀਂ ਟਾਂਗਾ ਰੋਕ ਕੇ ਕੁਝ ਬੱਚਿਆਂ ਨਾਲ ਗੱਲਾਂ ਕਰਨ ਲੱਗੇ ਤਾਂ ਇਕ ਤਕੜਾ ਜਿਹਾ ਮੁੰਡਾ ਪੁੱਛਣ ਲੱਗਾ, 'ਕਿਆ ਆਪ ਹਿੰਦੂ ਹੈਂ?' ਫਿਰ ਉਹ ਇਕ ਮੁੰਡੇ ਨੂੰ ਬੋਦੀ ਤੋਂ ਫੜਕੇ ਸਾਡੇ ਵੱਲ ਲੈ ਆਇਆ ਤੇ ਕਹਿਣ ਲੱਗਾ;'ਯੇ ਭੀ ਹਿੰਦੂ ਹੈ', ਤੇ ਸਾਰੇ ਮੁੰਡੇ ਹੱਸਣ ਲੱਗ ਪਏ। ਹਿੰਦੂ ਮੁੰਡਾ ਵਿਚਾਰਾ ਛਿੱਥਾ ਜਿਹਾ ਹੋ ਕੇ ਸਿਰ ਨੀਵਾਂ ਕਰ ਖੜ੍ਹਾ ਰਿਹਾ। ਅਸੀਂ ਉਥੋਂ ਚੱਲ ਪਏ ਤੇ ਸੋਚਣ ਲੱਗੇ ਕਿ ਜਿੱਥੇ ਕਿਤੇ ਹਿੰਦੂ-ਸਿੱਖਾਂ ਦੀ ਆਬਾਦੀ ਘੱਟ ਹੈ ਉੱਥੇ ਇਸ ਤਰ੍ਹਾਂ ਹੀ ਹੁੰਦਾ ਹੋਊ। ਉਦੋਂ ਵੀ ਲੱਗਾ ਸੀ ਕਿ ਬਹੁਤੇ ਕਸ਼ਮੀਰੀ ਮੁਸਲਮਾਨਾਂ ਨੇ ਭਾਰਤ ਨੂੰ ਦਿਲੋਂ ਸਵੀਕਾਰ ਨਹੀਂ ਕੀਤਾ ਜਾਪਦਾ।

ਚੌਥੇ ਦਿਨ ਅਸੀਂ ਸ੍ਰੀਨਗਰ ਦੇ ਮਸ਼ਹੂਰ ਬਾਗ਼ਾਂ ਦੀ ਸੈਰ ਕੀਤੀ। ਪਹਿਲਾਂ ਅਸੀਂ ਟੂਰਿਸਟ ਬੱਸ ਵਿਚ ਬੈਠ ਕੇ ਵੂੱਲਰ ਝੀਲ ਦੀ ਪਰਿਕਰਮਾ ਕੀਤੀ ਤੇ ਉਸਦਾ ਸੁੰਦਰ ਨਜ਼ਾਰਾ ਦੇਖਿਆ। ਵਾਪਸ ਆ ਕੇ ਸ੍ਰੀਨਗਰ ਦੇ ਕੁਝ ਮਸ਼ਹੂਰ ਬਾਗਾਂ ਵਿਚ ਫਿਰੇ। ਪਹਿਲਾਂ ਬੱਸ 'ਤੇ ਬੈਠ ਕੇ ਚਸ਼ਮੇ ਸ਼ਾਹੀ ਬਾਗ ਗਏ ਉੱਥੋਂ ਫਿਰ ਪੈਦਲ ਟੁਰ ਕੇ ਨਿਸ਼ਾਤ ਬਾਗ਼, ਨਸੀਮ ਬਾਗ਼ ਤੇ ਸ਼ਾਲੀਮਾਰ ਬਾਗ਼ ਗਏ ਜੋ ਸਾਰੇ ਡਲ ਝੀਲ ਦੁਆਲੇ ਹੀ ਬਣੇ ਹੋਏ ਸਨ। ਝੀਲ ਦਾ ਸੁੰਦਰ ਦ੍ਰਿਸ਼ ਤੇ ਪਿਛੋਕੜ ਵਿਚ ਹਰੇ ਨੀਲੇ ਤੇ ਕਿਤੇ ਕਿਤੇ ਚਿੱਟੇ ਪਰਬਤ ਵੇਖਦਿਆਂ ਨਜ਼ਾਰਾ ਆ ਜਾਂਦਾ ਸੀ। ਹਰ ਥਾਂ ਅੱਧਾ ਕੁ ਘੰਟਾ ਬਿਤਾਉਂਦੇ, ਝੀਲ ਕਿਨਾਰੇ ਬੈਠਕੇ ਯੋਗੀ ਸਾਹਿਬ ਤੋਂ ਕੋਈ ਪੁਰਾਣਾ ਗੀਤ ਸੁਣਦੇ ਤਾਂ ਬਿਰਤੀ ਪਾਣੀ ਦੀਆਂ ਲਹਿਰਾਂ ਵਿਚ ਗੁਆਚ ਜਾਂਦੀ। ਉਹ ਨੂਰ ਜਹਾਂ ਦੇ ਗਾਏ ਗੀਤ ਸੁਣਾਉਂਦੇ, ਫਿਲਮ ਬੰਦਨੀ ਤੇ ਸ਼ਬਾਬ ਦੇ ਲਗਪਗ ਸਾਰੇ ਗੀਤ ਉਨ੍ਹਾਂ ਨੂੰ ਸਹੀ ਤਰਜਾਂ ਵਿਚ ਜ਼ਬਾਨੀ ਯਾਦ ਸਨ ਤੇ ਉਹ ਉੱਚੀ ਆਵਾਜ਼ ਵਿਚ ਗਾਉਂਦੇ ਸਨ। ਹਰ ਬਾਗ਼ ਵਿਚ ਅਸੀਂ ਉਨ੍ਹਾਂ ਤੋਂ ਵੱਖਰਾ ਗੀਤ ਸੁਣਦੇ ਤੇ ਚੌਗਿਰਦੇ ਦਾ ਆਨੰਦ ਮਾਣਦੇ। ਫਿਰ ਅਸੀਂ ਸ਼ਿਕਰੇ 'ਤੇ ਸਵਾਰ ਹੋ ਕੇ ਚਾਰ-ਚਿਨਾਰ ਵੱਲ ਚੱਲ ਪਏ। ਸ਼ਿਕਰਾ ਹੌਲੀ-ਹੌਲੀ ਤੈਰ ਰਿਹਾ ਸੀ ਤੇ ਜਾਪਦਾ ਸੀ ਜਿਵੇਂ ਕਿ ਉਹ ਚਿਨਾਰ ਸਾਡੇ ਵੱਲ ਸਰਕਦੇ ਆ ਰਹੇ ਹੋਣ।

ਯੋਗੀ ਨੇ ਉੱਚੀ ਆਵਾਜ਼ ਵਿਚ ਐੱਸ. ਡੀ. ਬਰਮਨ ਦਾ ਗੀਤ ਛੁਹ ਲਿਆ, 'ਹੋ ਰੇ ਮਾਝੀ ਹੋ ਓ-ਓ ਮੇਰੇ ਮਾਝੀ, ਮੇਰੇ ਸਾਜਨ ਹੈਂ ਉਸ ਪਾਰ, ਮੈਂ ਮਨ ਮਾਰ, ਹੂੰ ਇਸ ਪਾਰ, ਓ ਮੇਰੇ ਮਾਝੀ, ਅਬ ਕੀ ਬਾਰ, ਲੇ ਚੱਲ ਪਾਰ, ਲੇ ਚੱਲ ਪਾਰ।'

ਏਨਾ ਰਸ ਸੀ ਉਸਦੀ ਆਵਾਜ਼ ਵਿਚ ਕਿ ਆਲੇ ਦੁਆਲੇ ਦੇ ਸ਼ਿਕਰੇ ਵੀ ਸਾਡੇ ਵੱਲ ਖਿੱਚੇ ਆਉਣ ਲੱਗੇ। ਡੂੰਘੀ ਆਵਾਜ਼ ਵਿਚ ਗੀਤ ਸੁਣਕੇ ਸਾਰੇ ਵਾਹ-ਵਾਹ ਕਰ ਰਹੇ ਸਨ। ਜਦੋਂ ਉੱਥੇ ਪੁੱਜ ਗਏ, ਤਾਂ ਕਈ ਲੋਕਾਂ ਨੇ ਯੋਗੀ ਸਾਹਿਬ ਨਾਲ ਫੋਟੋਆਂ ਵੀ ਖਿਚਵਾਈਆਂ। ਉੱਥੇ ਕੁਝ ਚਿਰ ਬੈਠਕੇ ਅਸੀਂ ਕਾਫੀ ਪੀਤੀ, ਲੋਕਾਂ ਦੀ ਸਿਫਾਰਿਸ਼ ਤੇ ਯੋਗੀ ਸਾਹਿਬ ਨੇ ਇਕ ਦੋ ਗੀਤ ਹੋਰ ਸੁਣਾਏ, ਤੇ ਫਿਰ ਵਾਪਸ ਟੁਰ ਪਏ।

ਅਗਲੇ ਦਿਨ ਅਸੀਂ ਗੁਲਮਰਗ ਜਾਣ ਦਾ ਪ੍ਰੋਗਰਾਮ ਬਣਾਇਆ। ਇਕ ਟੂਰਿਸਟ ਬੱਸ ਤੇ ਸਵਾਰ ਹੋਏ, ਜਿਸ ਨੇ ਸਾਨੂੰ ਪਹਿਲਾਂ ਅਵਾਂਤੀਪੁਰੇ ਦੇ ਖੰਡਰ ਦਿਖਾਏ, ਫਿਰ ਇੱਛਾਬਲ ਦਾ ਚਸ਼ਮਿਆਂ ਵਾਲਾ ਬਾਗ਼ ਦੇਖਿਆ। ਸਾਨੂੰ ਉੱਥੇ ਭਾਈ ਵੀਰ ਸਿੰਘ ਦੀ ਕਵਿਤਾ ਆ ਗਈ, "ਇੱਛਾਬਲ ਦੀਆਂ ਡੂੰਘੀਆਂ ਸ਼ਾਮਾਂ"। ਅੱਗੇ ਜਾ ਕੇ ਬੱਸ ਨੇ ਸਾਨੂੰ ਟੰਗ ਮਰਗ ਉਤਾਰ ਦਿੱਤਾ, ਤੇ ਅੱਗੋਂ ਅਸੀਂ ਪੈਦਲ ਤੁਰਕੇ ਚੜ੍ਹਾਈ ਚੜ੍ਹਦੇ ਹੋਏ ਗੁਲਮਰਗ ਪਹੁੰਚੇ। ਬੜਾ ਵਿਸ਼ਾਲ ਹਰਿਆਲਾ ਮੈਦਾਨ ਸੀ ਤੇ ਵਿਚ-ਵਿਚ ਪੈ ਚੁੱਕੀ ਬਰਫ਼ ਵੀ ਬਚੀ ਹੋਈ ਸੀ। ਆਲੇ ਦੁਆਲੇ ਬਰਫ਼ੀਲੀਆਂ ਚੋਟੀਆਂ ਨਾਲ ਘਿਰੇ ਗੁਲਮਰਗ ਦਾ ਨਜ਼ਾਰਾ ਬਹੁਤ ਸੁੰਦਰ ਸੀ। ਘਾਹ ਦੇ ਮੈਦਾਨ ਵਿਚ ਘੁੰਮਦੇ ਰਹੇ ਤੇ ਸ਼ਾਮ ਨੂੰ ਵਾਪਸ ਆ ਗਏ।

ਛੇਵੇਂ ਦਿਨ ਸਵੇਰੇ ਉੱਠ ਕੇ ਅਸੀਂ ਬੱਸ 'ਤੇ ਪਹਿਲਗਾਮ ਗਏ। ਇਸ ਬਹੁਤ ਸੁੰਦਰ ਵਾਦੀ ਦਾ ਨਜ਼ਾਰਾ ਕੁਝ ਵੱਖਰਾ ਹੀ ਸੀ। ਪਹਿਲਗਾਮ ਅਸੀਂ ਦੋ ਰਾਤਾਂ ਉੱਥੋਂ ਦੇ ਖ਼ਾਲਸਾ ਹੋਟਲ ਵਿਚ ਠਹਿਰੇ। ਪਹਿਲੇ ਦਿਨ ਬਾਈਸਰਨ ਵੱਲ ਪੈਦਲ ਯਾਤਰਾ ਕੀਤੀ। ਰਸਤਾ ਬੜਾ ਰਮਣੀਕ ਸੀ। ਰਾਹ ਵਿਚ ਦਿਓਦਾਰ ਦੇ ਬਿਰਖਾਂ ਦੇ ਜੰਗਲ ਲੰਘੇ, ਪਰ ਚੜ੍ਹਾਈ ਬੜੀ ਸੀ।

ਉੱਪਰ ਪੁੱਜਕੇ ਦੇਖਿਆ ਕਿ ਉੱਥੇ ਦਿਓਦਾਰਾਂ ਨਾਲ ਘਿਰਿਆ ਹੋਇਆ ਇਕ ਘਾਹ ਦਾ ਮੈਦਾਨ ਸੀ, ਖਜਿਆਰ ਵਰਗਾ। ਉਸ ਵਿਚ ਅੰਮ੍ਰਿਤਸਰ ਦੇ ਕਿਸੇ ਕੁੜੀਆਂ ਦੇ ਕਾਲਜ ਦੀ ਟੀਮ ਬੈਠੀ ਸੀ। ਉਸ ਨਾਲ ਆਏ ਪ੍ਰੋਫੈਸਰ ਸਾਨੂੰ ਮਿਲੇ। ਉਨ੍ਹਾਂ ਨੇ ਆਪਣੇ ਸਾਥੀ ਜਾਣਕੇ ਸਾਡਾ ਸੁਆਗਤ ਕੀਤਾ। ਸਾਨੂੰ ਲੰਗਰ ਵੀ ਛਕਾਇਆ, ਗੱਲਾਂ ਕੀਤੀਆਂ ਤੇ ਯੋਗੀ ਸਾਹਿਬ ਦੇ ਗੀਤ ਸੁਣੇ। ਯੋਗੀ ਸਾਹਿਬ ਨੇ ਫਿਲਮ ਸ਼ਬਾਬ ਦਾ ਗੀਤ ਬੜੀ ਸਹੀ ਸੁਰ ਵਿਚ ਗਾ ਕੇ ਸੁਣਾਇਆ 'ਜੋਗਨ ਬਣ ਜਾਊਂਗੀ ਸੰਈਯਾ ਤੋਰੇ ਕਾਰਨ। ਸੰਈਯਾ ਤੋਰੇ ਕਾਰਨ ਓ ਬਲਮਾਂ ਤੋਰੇ ਕਾਰਨ-- ਜੋਗਨ --।

ਛੋੜਕੇ ਊਂਚੇ ਮਹਿਲ ਦੁਮਹਿਲੇ, ਮੈਂ ਤੇਰੀ ਗਲੀ ਆਊਂਗੀ ਬਣਕੇ ਭਿਖਾਰਨ--ਸੰਈਯਾ ਤੋਰੇ ਕਾਰਨ ਓ ਬਲਮਾਂ ਤੋਰੇ ਕਾਰਨ-ਜੋਗਨ ਬਣ ਜਾਊਂਗੀ-।' •





# ਗੁਣਕਾਰੀ ਹੈ ਨਿੰਮ



***ਨਿੰਮ ਸਾਡੇ ਸਰੀਰ ਲਈ ਬਹੁਤ ਹੀ ਫ਼ਾਇਦੇਮੰਦ ਹੈ। ਇਸ ਦੀ ਵਰਤੋਂ ਦਵਾਈਆਂ 'ਚ ਵੀ ਕੀਤੀ ਜਾਂਦੀ ਹੈ ...***

ਨਿੰਮ ਇਕ ਚਮਤਕਾਰੀ ਪੌਦਾ ਮੰਨਿਆ ਜਾਂਦਾ ਹੈ। ਭਾਰਤ 'ਚ ਇਕ ਪ੍ਰਚਲਿਤ ਕਹਾਵਤ ਹੈ ਕਿ ਜਿਸ ਧਰਤੀ 'ਤੇ ਨਿੰਮ ਦਾ ਪੌਦਾ ਹੁੰਦਾ ਹੈ ਉੱਥੇ ਮੌਤ ਤੇ ਬਿਮਾਰੀ ਨਹੀਂ ਹੁੰਦੀ। ਇਹ ਕਈਆ ਬਿਮਾਰੀਆਂ ਨੂੰ ਦੂਰ ਕਰਦੀ ਹੈ। ਸੁਆਦ 'ਚ ਬਹੁਤ ਹੀ ਕੌੜੀ ਹੈ ਪਰ ਸਰੀਰ ਲਈ ਬਹੁਤ ਹੀ ਮਹੱਤਵਪੂਰਨ ਹੈ। ਨਿੰਮ ਦੇ ਪੌਦਿਆਂ ਦੇ ਵੱਖ-ਵੱਖ ਹਿੱਸੇ ਜਿਵੇਂ ਪੱਤੇ, ਫਲ, ਤੇਲ, ਟਾਹਣੀ ਆਦਿ ਸਾਡੇ ਜੀਵਨ ਨੂੰ ਰੋਗ ਮੁਕਤ ਬਣਾਉਣ 'ਚ ਕਾਫ਼ੀ ਮਦਦਗਾਰ ਹਨ। ਨਿੰਮ 'ਚ ਬਹੁਤ ਹੀ ਜ਼ਿਆਦਾ ਗੁਣ ਹੁੰਦੇ ਹਨ। ਇਸ ਨੂੰ ਹਰ ਇਕ ਬਿਮਾਰੀ ਦੇ ਲਈ ਵਰਤਿਆ ਜਾਂਦਾ ਹੈ।

### ਜਲੇ ਤੇ ਫੋੜੇ-ਫਿੰਸੀਆਂ ਲਈ

ਸਰੀਰ ਦਾ ਕੋਈ ਵੀ ਹਿੱਸਾ ਜਲਿਆ ਹੋਵੇ ਤਾਂ ਤੇਲ ਜਾਂ ਪੱਤੇ ਨੂੰ ਪੀਸ ਕੇ ਉਸ 'ਤੇ ਲਗਾਉਣ ਨਾਲ ਆਰਾਮ ਮਿਲਦਾ ਹੈ। ਜੇ ਤੁਸੀ ਫੋੜੇ ਜਾਂ ਫਿੰਸੀਆਂ ਦੀ ਸਮੱਸਿਆ ਤੋਂ ਬਚਣਾ ਚਾਹੁੰਦੇ ਹੋ ਤਾਂ ਨਿੰਮ ਦੇ ਪੱਤੇ ਤੇ ਫਲਾਂ ਨੂੰ ਬਰਾਬਰ ਮਾਤਰਾ 'ਚ ਪੀਸ ਲਵੋ ਤੇ ਫਿਰ ਇਸ ਦੀ ਪੇਸਟ ਬਣਾ ਕੇ ਚਮੜੀ 'ਤੇ ਲਗਾਓ। ਇਸ ਨਾਲ ਫੋੜੇ-ਫਿੰਸੀਆਂ ਜਲਦੀ ਠੀਕ ਹੋ ਜਾਂਦੇ ਹਨ। ਨਿੰਮ ਦੀਆਂ ਪੱਤੀਆਂ ਨੂੰ ਪਾਣੀ 'ਚ ਉਬਾਲ ਕੇ ਉਸ ਪਾਣੀ ਨੂੰ ਠੰਢਾ ਕਰ ਕੇ ਉਸ ਨਾਲ ਮੂੰਹ ਧੋਣ ਨਾਲ ਚਿਹਰੇ ਤੋਂ ਦਾਗ਼ ਵੀ ਖ਼ਤਮ ਹੋ ਜਾਂਦੇ ਹਨ।

### ਪੀਲੀਆ

ਪੀਲੀਏ 'ਚ ਨਿੰਮ ਦਾ ਸੇਵਨ ਕਰਨਾ ਬਹੁਤ ਹੀ ਲਾਭਕਾਰੀ ਹੈ। ਰੋਗੀ ਨੂੰ ਨਿੰਮ ਦੇ ਪੱਤਿਆਂ ਦਾ ਚੂਰਨ ਬਣਾ ਕੇ ਦੇਣਾ ਚਾਹੀਦਾ ਹੈ। ਪੱਤਿਆਂ ਦੇ ਰਸ 'ਚ ਸ਼ਹਿਦ ਮਿਲਾ ਕੇ ਪੀਣ ਨਾਲ ਪੀਲੀਆ ਠੀਕ ਹੋਣ ਦੀ ਸੰਭਾਵਨਾ ਹੁੰਦੀ ਹੈ।

### ਪੱਥਰੀ 'ਚ ਲਾਭਕਾਰੀ

ਪੱਥਰੀ ਦੀ ਸਮੱਸਿਆ ਤੋਂ ਬਚਣ ਲਈ ਲਗਪਗ 150 ਗ੍ਰਾਮ ਨਿੰਮ ਦੀਆਂ ਪੱਤੀਆਂ ਨੂੰ 1 ਲਿਟਰ ਪਾਣੀ 'ਚ ਪੀਸ ਕੇ ਉਬਾਲ ਲਵੋ। ਇਸ ਪਾਣੀ ਨੂੰ ਠੰਢਾ ਕਰ ਕੇ ਪੀਣ 'ਤੇ ਪੱਥਰੀ ਦੀ ਸਮੱਸਿਆ ਤੋਂ ਨਜਾਤ ਪਾਈ ਜਾ ਸਕਦੀ ਹੈ। ਜੇ ਪੱਥਰੀ ਕਿਡਨੀ 'ਚ ਹੈ ਤਾਂ ਫਿਰ ਨਿੰਮ ਦੇ ਪੱਤਿਆਂ ਦੀ ਲਗਪਗ 2 ਗ੍ਰਾਮ ਰਾਖ ਪਾਣੀ ਦੇ ਨਾਲ ਲਵੋ। ਇਸ ਨਾਲ ਕਾਫ਼ੀ ਲਾਭ ਹੋ ਸਕਦਾ ਹੈ।

### ਪੇਟ ਸਬੰਧੀ ਸਮੱਸਿਆਵਾਂ

ਜੇ ਤੁਹਾਡੇ ਪੇਟ 'ਚ ਅਨੇਕਾਂ ਪਰੇਸ਼ਾਨੀਆਂ ਹਨ ਤਾਂ ਇਸ ਤਰ੍ਹਾਂ ਦੇ ਹਾਲਾਤ 'ਚ ਤੁਸੀ ਨਿੰਮ ਦਾ ਇਸਤੇਮਾਲ ਕਰ ਸਕਦੇ ਹੋ। ਪੇਟ ਦੇ ਕੀੜਿਆਂ ਨੂੰ ਨਸ਼ਟ ਕਰਨ ਲਈ ਨਿੰਮ ਦੇ ਪੱਤਿਆਂ ਦਾ ਰਸ ਸ਼ਹਿਦ ਤੇ ਕਾਲੀ ਮਿਰਚ 'ਚ ਮਿਲਾ ਕੇ ਪੀਣ ਨਾਲ ਇਸ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਨਿੰਮ ਦੇ ਫੁੱਲਾਂ ਨੂੰ ਪੀਸ ਕੇ ਗਰਮ ਪਾਣੀ 'ਚ ਪਾ ਲਵੋ ਤੇ ਫਿਰ ਛਾਣ ਕੇ ਪੀ ਲਵੋ। ਇਸ ਨਾਲ ਕਬਜ਼ ਦੂਰ ਹੋ ਜਾਂਦੀ ਹੈ। ਇਸ ਦੀਆਂ ਪੱਤੀਆਂ ਨੂੰ ਖਾਣ ਨਾਲ ਪੇਟ ਨੂੰ ਆਰਾਮ ਮਿਲਦਾ ਹੈ।

### ਡਾਇਬਟੀਜ਼ ਤੇ ਕੋਲੈਸਟ੍ਰੋਲ

ਸਵੇਰ ਸਮੇਂ ਨਿੰਮ ਦਾ ਜੂਸ ਪੀਣ ਨਾਲ ਡਾਇਬਟੀਜ਼ ਦੀ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਨਿੰਮ ਤੇ ਮੇਥੀ ਦੇ ਚੂਰਨ ਦਾ ਕਾੜ੍ਹਾ ਬਣਾ ਕੇ ਪੀਣ ਨਾਲ ਡਾਇਬਟੀਜ਼ 'ਚ ਲਾਭ ਮਿਲਦਾ ਹੈ। ਇਸ ਦੇ ਇਲਾਵਾ ਨਿੰਮ ਦੇ ਪੱਤਿਆਂ ਦਾ ਜੂਸ ਤੇ ਕੰਵਾਰ ਗੰਦਲ ਜੂਸ ਦੇ ਨਾਲ ਮਿਲਾ ਕੇ ਪੀਣ ਨਾਲ ਸ਼ੂਗਰ ਕੰਟਰੋਲ ਕੀਤੀ ਜਾ ਸਕਦੀ ਹੈ। 200 ਗ੍ਰਾਮ ਨਿੰਮ ਦੀਆਂ ਪੱਤੀਆਂ ਦੀ ਵਰਤੋਂ ਕਰਨ ਨਾਲ ਕੋਲੈਸਟ੍ਰੋਲ ਦੀ ਮਾਤਰਾ ਕਾਫ਼ੀ ਘੱਟ ਹੋ ਜਾਂਦੀ ਹੈ। ਨਿੰਮ ਦਾ ਮਹੀਨੇ 'ਚ 10 ਦਿਨ ਸੇਵਨ ਕਰਨ ਨਾਲ ਹਾਰਟ ਅਟੈਕ ਦਾ ਖ਼ਤਰਾ ਘੱਟ ਜਾਂਦਾ ਹੈ। • **ਫੀਚਰ ਡੈਸਕ**

### ਕੰਨਾਂ ਤੇ ਦੰਦਾਂ ਦੇ ਰੋਗ

**ਕੰਨ 'ਚ ਨਿੰਮ ਦਾ ਤੇਲ ਪਾਉਣ ਨਾਲ ਕੰਨ ਦਾ ਦਰਦ ਠੀਕ ਹੋ ਜਾਂਦਾ ਹੈ। ਨਿੰਮ ਦੇ ਤੇਲ ਨੂੰ ਤੇਜ਼ ਗਰਮ ਕਰ ਕੇ ਪੂਰੀ ਤਰ੍ਹਾਂ ਸਾੜ ਲਵੇ ਤੇ ਠੰਢਾ ਹੋਣ 'ਤੇ ਲਗਾਤਾਰ ਇਕ ਹਫ਼ਤੇ ਤਕ ਪਾਓ ਕੁੱਝ ਕੁ ਦਿਨਾਂ 'ਚ ਕੰਨ ਠੀਕ ਹੋ ਜਾਵੇਗਾ। ਇਸ ਦੇ ਇਲਾਵਾ ਨਿੰਮ ਦੰਦਾਂ ਦੇ ਲਈ ਵੀ ਲਾਭਕਾਰੀ ਹੈ। ਨਿੰਮ ਦਾ ਟੁੱਥਪੇਸਟ ਇਸਤੇਮਾਲ ਕਰਨ ਨਾਲ ਦੰਦਾਂ 'ਚ ਪਾਏ ਜਾਣ ਵਾਲੇ ਕੀਟਾਣੂ ਨਸ਼ਟ ਹੋ ਜਾਂਦੇ ਹਨ। ਇਸ ਨਾਲ ਮਸੂੜੇ ਮਜ਼ਬੂਤ, ਦੰਦ ਚਮਕੀਲੇ ਤੇ ਨਿਰੋਗੀ ਹੋ ਜਾਂਦੇ ਹਨ। ਇਸ ਦੀਆਂ ਪੱਤੀਆਂ ਉਬਾਲ ਕੇ ਪਾਣੀ ਨੂੰ ਠੰਢਾ ਕਰ ਕੇ ਉਸ ਪਾਣੀ ਨਾਲ ਕਰੂਲਾ ਕਰਨਾ ਵੀ ਫ਼ਾਇਦੇਮੰਦ ਹੁੰਦਾ ਹੈ।**

# ਸਿਹਤ ਦੇ ਲਈ ਫ਼ਾਇਦੇਮੰਦ ਹੈ ਹਰੀ ਮਿਰਚ

ਜ਼ਿਆਦਾ ਤਿੱਖਾ ਜਾਂ ਮਸਾਲੇਦਾਰ ਖਾਣਾ ਖਾਣ ਨਾਲ ਤੁਹਾਡੇ ਪੇਟ ਤੇ ਸੀਨੇ 'ਚ ਜਲਣ ਹੋਣੀ ਸ਼ੁਰੂ ਹੋ ਜਾਂਦੀ ਹੈ। ਜਿਸ ਕਰ ਕੇ ਹੋਰ ਵੀ ਅਨੇਕਾਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਜੇ ਤੁਸੀ ਹਰੀ ਮਿਰਚ ਦਾ ਸੇਵਨ ਕਰਦੇ ਹੋ ਤਾਂ ਇਹ ਸਿਹਤ ਲਈ ਬਹੁਤ ਹੀ ਲਾਭਕਾਰੀ ਹੈ। ਹਰੀ ਮਿਰਚ 'ਚ ਕਈ ਤਰ੍ਹਾਂ ਦੇ ਤੱਤ ਪਾਏ ਜਾਂਦੇ ਹਨ ਜਿਵੇਂ-ਵਿਟਾਮਿਨ ਈ, ਬੀ-6, ਸੀ, ਆਇਰਨ, ਪ੍ਰੋਟੀਨ ਤੇ ਕਾਰਬਨਹਾਈਡਰੇਟ ਮੌਜੂਦ ਹੁੰਦੇ ਹਨ। ਆਓ ਜਾਣਦੇ ਹਾਂ ਕਿ ਹਰੀ ਮਿਰਚ ਖਾਣ ਨਾਲ ਤੁਹਾਨੂੰ ਕੀ-ਕੀ ਫ਼ਾਇਦੇ ਮਿਲਦੇ ਹਨ।



### ਚਮੜੀ ਲਈ ਲਾਭਕਾਰੀ

*ਹਰੀ ਮਿਰਚ 'ਚ ਬਹੁਤ ਸਾਰੇ ਵਿਟਾਮਿਨ ਪਾਏ ਜਾਂਦੇ ਹਨ ਜੋ ਚਮੜੀ ਦੇ ਲਈ ਫ਼ਾਇਦੇਮੰਦ ਹੁੰਦੇ ਹਨ ਜੇ ਤੁਸੀਂ ਹਰੀ ਮਿਰਚ ਦਾ ਸੇਵਨ ਕਰਦੇ ਹੋ ਤਾਂ ਇਸ ਨਾਲ ਸੁੰਦਰਤਾ 'ਚ ਵੀ ਨਿਖ਼ਾਰ ਆਉਂਦਾ ਹੈ।*

### ਕੈਂਸਰ ਦਾ ਖ਼ਤਰਾ ਘੱਟ

ਹਰੀ ਮਿਰਚ ਖਾਣ ਨਾਲ ਫੇਫੜਿਆਂ ਦੇ ਕੈਂਸਰ ਦਾ ਖ਼ਤਰਾ ਘੱਟ ਹੁੰਦਾ ਹੈ। ਮਰਦਾਂ ਨੂੰ ਹਰੀ ਮਿਰਚ ਜ਼ਿਆਦਾ ਖਾਣੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਨੂੰ ਪ੍ਰੋਸਟੇਟ ਕੈਂਸਰ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਹਰੀ ਮਿਰਚ ਖਾਣ ਨਾਲ ਪ੍ਰੋਸਟੇਟ ਦੀ ਸਮੱਸਿਆ ਤੋਂ ਪੂਰੀ ਤਰ੍ਹਾਂ ਛੁਟਕਾਰਾ ਪਾਇਆ ਜਾ ਸਕਦਾ ਹੈ।

### ਦਰਦ, ਦਮਾ

ਹਰੀ ਤਾਜ਼ੀ ਮਿਰਚ ਦਾ ਇਕ ਚਮਚ ਰਸ ਸ਼ਹਿਦ 'ਚ ਮਿਲਾ ਕੇ ਖ਼ਾਲੀ ਪੇਟ ਖਾਣ ਨਾਲ ਦਮੇ ਦੇ ਰੋਗ ਤੋਂ ਰਾਹਤ ਮਿਲਦੀ ਹੈ। ਇਸ ਦੀ ਵਰਤੋਂ 10 ਦਿਨ ਤਕ ਕਰਨ ਨਾਲ ਲਾਭ ਮਿਲਦਾ ਹੈ। ਹਰੀ ਮਿਰਚ ਖਾਣ ਨਾਲ ਗਰਮੀ ਨਿਕਲਦੀ ਹੈ।

### ਖ਼ੂਨ ਦੇ ਵਹਾਅ ਨੂੰ ਰੋਕਣਾ

ਸੱਟ ਲੱਗਣ 'ਤੇ ਜ਼ਿਆਦਾ ਖ਼ੂਨ ਨਿਕਲਦਾ ਹੈ ਤਾਂ ਹਰੀ ਮਿਰਚ ਖਾਣੀ ਸ਼ੁਰੂ ਕਰ ਦਿਓ। ਇਸ 'ਚ ਵਿਟਾਮਿਨ ਮੌਜੂਦ ਹੁੰਦੇ ਹਨ ਜੋ ਖ਼ੂਨ ਨੂੰ ਜਮਾਉਣ 'ਚ ਮਦਦ ਕਰਦੇ ਹਨ।

### ਆਇਰਨ ਵਧਾਉਣ 'ਚ ਮਦਦਗਾਰ

ਔਰਤਾਂ 'ਚ ਅਕਸਰ ਹੀ ਆਇਰਨ ਦੀ ਘਾਟ ਹੁੰਦੀ ਹੈ ਪਰ ਜੇ ਤੁਸੀ ਹਰ ਰੋਜ਼ ਹਰੀ ਮਿਰਚ ਖਾਓਗੇ ਤਾਂ ਇਹ ਘਾਟ ਦੂਰ ਹੋ ਜਾਵੇਗੀ। ਇਸ 'ਚ ਵਿਟਾਮਿਨ ਸੀ ਵੀ ਹੁੰਦਾ ਹੈ। ਇਸ ਨੂੰ ਠੰਢੀ ਜਗ੍ਹਾ 'ਤੇ ਹੀ ਰੱਖਣਾ ਚਾਹੀਦਾ ਹੈ ਕਿਉਂਕਿ ਗਰਮੀ ਨਾਲ ਹਰੀ ਮਿਰਚ ਦੇ ਤੱਤ ਖ਼ਤਮ ਹੋ ਜਾਂਦੇ ਹਨ। • **ਫੀਚਰ ਡੈਸਕ**

# ਦੰਦਾਂ ਤੇ ਮਸੂੜਿਆਂ ਦਾ ਅਸਰਦਾਰ ਉਪਾਅ

ਸਫ਼ੈਦ ਤੇ ਮਜ਼ਬੂਤ ਦੰਦ ਤੰਦਰੁਸਤੀ ਦੀ ਨਿਸ਼ਾਨੀ ਹੈ ਪਰ ਜਿਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕਈ ਵਾਰ ਦੰਦਾਂ ਦਾ ਦਰਦ, ਕਮਜ਼ੋਰ ਮਸੂੜੇ ਤੇ ਸਮੇਂ ਤੋਂ ਪਹਿਲਾਂ ਦੰਦਾਂ ਦੇ ਟੁੱਟਣ ਨਾਲ ਸਿਹਤ ਨਾਲ ਜੁੜੀਆਂ ਹੋਰ ਵੀ ਕਈ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਨਾਲ ਖਾਣ-ਪੀਣ 'ਚ ਪਰੇਸ਼ਾਨੀ ਆਉਂਦੀ ਹੈ। ਜੇ ਖਾਣਾ ਸਹੀ ਤਰੀਕੇ ਨਾਲ ਨਾ ਚਬਾਇਆ ਜਾਵੇ ਤਾਂ ਪਾਚਣ ਕਿਰਿਆ 'ਤੇ ਵੀ ਬੁਰਾ ਅਸਰ ਪੈਂਦਾ ਹੈ। ਸਵੇਰ-ਸ਼ਾਮ ਬਰੱਸ਼ ਕਰਨਾ ਹੀ ਨਹੀਂ ਬਲਕਿ ਇਸ ਦੇ ਇਲਾਵਾ ਇਨ੍ਹਾਂ ਦੀ ਦੇਖਭਾਲ ਵੀ ਕਰਨਾ ਜ਼ਰੂਰੀ ਹੈ। ਆਓ ਜਾਣਦੇ ਹਾਂ ਕਿ ਕਿਸ ਤਰ੍ਹਾਂ ਕਰਨੀ ਚਾਹੀਦੀ ਹੈ ਦੰਦਾਂ ਦੀ ਦੇਖਭਾਲ...

### ਮੂਲੀ

ਮੂਲੀ ਕੈਲਸ਼ੀਅਮ ਨਾਲ ਭਰਪੂਰ ਹੁੰਦੀ ਹੈ। ਇਸ ਨੂੰ ਸਲਾਦ ਤੇ ਸਬਜ਼ੀ ਦੇ ਰੂਪ 'ਚ ਵੀ ਖਾਧਾ ਜਾਂਦਾ ਹੈ। ਇਹ ਦੰਦਾਂ ਲਈ ਬਹੁਤ ਹੀ ਵਧੀਆ ਹੈ। ਮੂਲੀ ਨੂੰ ਸਲਾਦ ਦੇ ਤੌਰ 'ਤੇ ਰੋਜ਼ ਖਾਓ। ਇਸ ਨਾਲ ਕਮਜ਼ੋਰ ਦੰਦ ਤੇ ਮਸੂੜਿਆਂ ਨੂੰ ਮਜ਼ਬੂਤੀ ਮਿਲੇਗੀ।



***ਮੇਥੀ :*** *ਦੰਦ ਕਮਜ਼ੋਰ ਹਨ ਤਾਂ ਜ਼ਿਆਦਾ ਠੰਢਾ ਜਾਂ ਗਰਮ ਪੀਣ ਨਾਲ ਪਰੇਸ਼ਾਨੀ ਆਉਂਦੀ ਹੈ ਤਾਂ ਪਾਣੀ 'ਚ ਮੇਥੀ ਦੇ ਦਾਣੇ ਉਬਾਲ ਲਵੋ। ਇਸ ਪਾਣੀ ਨੂੰ ਠੰਢਾ ਕਰ ਕੇ ਇਸ ਦਾ ਕਰੂਲਾ ਕਰੋ। ਇਸ ਨਾਲ ਫ਼ਾਇਦਾ ਮਿਲੇਗਾ।*

### ਮੂੰਗਫਲੀ

ਮੂੰਗਫਲੀ ਨੂੰ ਚੰਗੀ ਤਰ੍ਹਾਂ ਚਬਾ ਕੇ ਖਾਓ। ਇਸ ਨਾਲ ਦੰਦਾਂ ਨੂੰ ਮਜ਼ਬੂਤੀ ਮਿਲਦੀ ਹੈ।

### ਅਨਾਰ

ਅਨਾਰ ਦੇ ਫਲ ਦੀ ਤਰ੍ਹਾਂ ਇਸ ਦੇ ਫੁੱਲ ਵੀ ਬਹੁਤ ਹੀ ਗੁਣਕਾਰੀ ਹੈ। ਇਸ ਦੇ ਫੁੱਲਾਂ ਨੂੰ ਸੁਕਾ ਕੇ ਬਾਰੀਕ ਚੂਰਨ ਬਣਾ ਲਵੋ ਤੇ ਫਿਰ ਇਸ ਚੂਰਨ ਦਾ ਮੰਜਨ ਰੋਜ਼ਾਨਾ ਦੰਦਾਂ ਤੇ ਮਸੂੜਿਆਂ 'ਤੇ ਲਗਾਓ। ਇਸ ਨਾਲ ਦੰਦਾਂ ਦੀ ਪਰੇਸ਼ਾਨੀ ਦੂਰ ਹੋ ਸਕਦੀ ਹੈ। • **ਫੀਚਰ ਡੈਸਕ**

**ਭਾਰਤ ਨੂੰ ਕੁਦਰਤ ਨੇ ਉਮਰ ਪ੍ਰਦਾਨ ਕਰਨ ਵਾਲੀਆਂ ਅਲਮੁੱਲੀਆਂ ਜੜ੍ਹੀ-ਬੂਟੀਆਂ ਦੀ ਦਾਤ ਬਖ਼ਸ਼ੀ ਹੈ ਵੈਦਿਕ ਕਾਲ ਵਿਚ ਦੇਸ਼ ਦੇ ਰਿਸ਼ੀਆਂ ਮੁਨੀਆਂ ਨੇ ਅਰੋਗ ਤੇ ਲੰਬੀ ਉਮਰ ਦੇ ਕਲਪਾਂ ਦੀ ਖੋਜ ਕਰ ਕੇ ਆਪਣੇ ਗ੍ਰੰਥਾਂ ਵਿਚ ਇਸ ਦਾ ਜ਼ਿਕਰ ਸ਼ਾਮਲ ਕੀਤਾ...**

# ਗ੍ਰੰਥਾਂ 'ਚ ਸ਼ਾਮਲ ਅਰੋਗ ਤੇ ਲੰਬੀ ਉਮਰ ਦੇ ਭੇਤ

**ਨਿਰਮਲ ਸਿੰਘ ਕਾਹਲੋਂ**

ਧਰਤੀ ਉੱਪਰ ਮਨੁੱਖ ਜਾਤੀ ਨੂੰ ਪੈਦਾ ਹੋਇਆਂ ਲਗਪਗ 14 ਲੱਖ ਸਾਲ ਹੋ ਗਏ ਹਨ ਤੇ ਸੱਭਿਅਤਾ ਨੂੰ ਹੋਂਦ ਵਿਚ ਆਇਆਂ ਵੀ ਲਗਪਗ ਏਨਾ ਹੀ ਸਮਾਂ ਹੋ ਗਿਆ ਹੈ। ਇਹ ਧਰਤੀ ਇੰਨੀ ਸੁੰਦਰ ਹੈ, ਇਸ ਉੱਤੇ ਕੋਈ ਵੀ ਆ ਜਾਵੇ ਤਾਂ ਉਸ ਦਾ ਇਥੋਂ ਜਾਣ ਨੂੰ ਦਿਲ ਨਹੀਂ ਕਰਦਾ। ਜਿਸ ਸਮੇਂ ਤੋਂ ਮਨੁੱਖ ਜਾਤੀ ਸੱਭਿਅਕ ਹੋਈ ਹੈ, ਉਸ ਸਮੇਂ ਤੋਂ ਹੀ ਅਰੋਗ ਤੇ ਲੰਬੀ ਉਮਰ ਭੋਗਣ ਦੇ ਕਲਪਾਂ ਦੀ ਖੋਜ ਕੀਤੀ ਜਾ ਰਹੀ ਹੈ। ਕਈ ਰਾਜਿਆਂ ਨੇ ਵੀ ਆਪਣੇ ਰਾਜ ਵੈਦਾਂ ਨੂੰ ਲੰਬੀ ਉਮਰ ਦੇ ਕਲਪਾਂ ਵਾਲੀਆਂ ਜੜ੍ਹੀ-ਬੂਟੀਆਂ ਦੀ ਖੋਜ ਕਰਨ ਵਾਸਤੇ ਬੜੀ ਦੂਰ-ਦੂਰ ਭੇਜਿਆ। ਭਾਰਤ ਨੂੰ ਕੁਦਰਤ ਨੇ ਭਰਪੂਰ ਲੰਬੀ ਉਮਰ ਪ੍ਰਦਾਨ ਕਰਨ ਵਾਲੀਆਂ ਅਨਮੁੱਲੀਆਂ ਜੜ੍ਹੀ-ਬੂਟੀਆਂ ਦੀ ਦਾਤ ਬਖ਼ਸ਼ੀ ਹੈ। ਵੈਦਿਕ ਕਾਲ ਵਿਚ ਦੇਸ਼ ਦੇ ਰਿਸ਼ੀਆਂ ਮੁਨੀਆਂ ਨੇ ਅਰੋਗ ਤੇ ਲੰਬੀ ਉਮਰ ਦੇ ਕਲਪਾਂ ਦੀ ਖੋਜ ਕਰ ਕੇ ਆਪਣੇ ਗ੍ਰੰਥਾਂ ਵਿਚ ਇਸ ਦਾ ਜ਼ਿਕਰ ਸ਼ਾਮਲ ਕੀਤਾ।

### ਗ੍ਰੰਥਾਂ 'ਚ ਦਰਜ ਵੇਰਵੇ

ਮਾਰਕੰਡੇ ਰਿਸ਼ੀ ਨੇ 18 ਪੁਰਾਣਾਂ ਦੀ ਰਚਨਾ ਕੀਤੀ ਹੈ। ਇਨ੍ਹਾਂ ਵਿੱਚੋਂ ਇਕ 'ਅਗਨੀ ਪੁਰਾਣ' ਹੈ। ਅਗਨੀ ਪੁਰਾਣ ਵਿਚ ਕੁੱਝ ਇਕ ਇਸ ਤਰ੍ਹਾਂ ਦੇ ਕਲਪ ਦਰਜ ਹਨ, ਜਿਨ੍ਹਾਂ ਦੀ ਵਰਤੋਂ ਕਰਨ ਵਾਲਾ ਵਿਅਕਤੀ ਅਰੋਗ ਤੇ ਬੜੀ ਲੰਬੀ ਉਮਰ ਭੋਗ ਸਕਦਾ ਹੈ। ਇਸ ਪੁਰਾਣ ਵਿਚ ਲਿਖਿਆ ਹੈ, 'ਅਨੇਕ ਕਲਪ ਇਸ ਤਰ੍ਹਾਂ ਦੇ ਹਨ, ਜਿਹੜੇ ਲੰਬੀ ਉਮਰ ਦੇਣ ਵਾਲੇ ਹਨ ਅਤੇ ਰੋਗਾਂ ਦਾ ਨਾਸ਼ ਵੀ ਕਰਦੇ ਹਨ। ਰੋਗੀ ਵਿਅਕਤੀ ਲੰਬੀ ਉਮਰ ਭੋਗ ਨਹੀਂ ਸਕਦਾ। ਕੁੱਝ ਇਕ ਕਲਪਾਂ ਦਾ ਜ਼ਿਕਰ ਇਨ੍ਹਾਂ ਗ੍ਰੰਥਾਂ ਵਿਚ ਇਸ ਪ੍ਰਕਾਰ ਕੀਤਾ ਗਿਆ ਹੈ :

### ਗੰਭੀਰ ਬਿਮਾਰੀਆਂ ਤੋਂ ਬਚਾਅ

ਘਿਓ ਅਤੇ ਸ਼ਹਿਦ ਦਾ ਰੋਜ਼ਾਨਾ ਸੇਵਨ ਕਰਨ ਵਾਲਿਆਂ ਦੇ ਰੋਗ ਨਾਸ਼ ਹੁੰਦੇ ਹਨ ਤੇ ਉਮਰ ਵੀ ਲੰਬੀ ਹੁੰਦੀ ਹੈ। ਤ੍ਰਿਫਲਾ ਚੂਰਨ (ਹਰੜ-ਬਹੇੜੇ-ਆਂਵਲਾ) ਦੀ ਦੁੱਧ ਨਾਲ ਵਰਤੋਂ ਕਰਨ ਤੇ ਸਤਾਵਰ ਦੇ ਚੂਰਨ ਨੂੰ ਸ਼ਹਿਦ ਤੇ ਘਿਓ ਨਾਲ ਮਿਲਾ ਕੇ ਖਾਣ ਵਾਲਾ ਗਹਿਰ ਗੰਭੀਰ ਬਿਮਾਰੀਆਂ ਨੂੰ ਵੀ ਜਿੱਤ ਲੈਂਦਾ ਹੈ।

### ਵਾਲ਼ ਰਹਿਣਗੇ ਕਾਲੇ

ਪੁਰਾਤਨ ਗ੍ਰੰਥਾਂ ਅਨੁਸਾਰ ਸੁੰਢ ਅਤੇ ਪੀਪਰ (ਮਘਾਂ) ਦਾ ਚੂਰਨ ਬਣਾ ਕੇ ਵਰਤੋਂ ਕਰਨ ਵਾਲੇ ਦੀ ਉਮਰ 300 ਸਾਲ ਤਕ ਹੋ ਸਕਦੀ ਹੈ। ਜੇ ਇਸ ਵਿਚ ਸਤਾਵਰ ਦਾ ਚੂਰਨ ਵੀ ਪਾਇਆ ਜਾਵੇ ਤਾਂ ਉਮਰ ਬੇਹੱਦ ਲੰਬੀ ਹੋ ਸਕਦੀ ਹੈ। ਰੋਜ਼ਾਨਾ ਸ਼ਹਿਦ ਅਤੇ ਹਰੜ ਖਾ ਕੇ ਹਲਕਾ ਭੋਜਨ ਖਾਣ ਨਾਲ ਵਿਅਕਤੀ ਨਿਰੋਗ ਰਹਿੰਦਾ ਹੈ ਤੇ ਵਾਲ਼ ਵੀ ਲੰਬੇ ਸਮੇਂ ਤਕ ਕਾਲੇ ਰਹਿੰਦੇ ਹਨ। ਇਸ ਤੋਂ ਇਲਾਵਾ ਗ੍ਰੰਥਾਂ ਵਿਚ ਇਹ ਵੀ ਜ਼ਿਕਰ ਮਿਲਦਾ ਹੈ ਕਿ ਸਤਾਵਰ, ਵਾ-ਵੜਿੰਗ ਤੇ ਬਹੇੜੇ ਦੇ ਚੂਰਨ ਵਿਚ ਘਿਓ ਤੇ ਸ਼ਹਿਦ ਮਿਲਾ ਕੇ ਰੋਜ਼ਾਨਾ ਸੇਵਨ ਕਰਨ ਵਾਲੇ ਨਿਰੋਗ ਰਹਿੰਦੇ ਹਨ ਤੇ ਲੰਬੀ ਉਮਰ ਭੋਗਦੇ ਹਨ।

### ਜੜ੍ਹੀ-ਬੂਟੀਆਂ 'ਚ ਲੁਕੇ ਲੰਬੀ ਉਮਰ ਦੇ ਭੇਤ

ਰੋਜ਼ਾਨਾ 4 ਤੋਲੇ ਤ੍ਰਿਫਲਾ (ਜਾਂ ਇਕ ਹਰੜ, ਇਕ ਬਹੇੜਾ ਤੇ ਇਕ ਆਮਲਾ) ਸ਼ਹਿਦ ਅਤੇ ਘਿਓ ਨਾਲ ਸੇਵਨ ਕਰਨ ਨਾਲ, ਤਥਾ ਵਿਲਵਾ ਦੇ ਬੀਜ ਦਾ ਤੇਲ ਹਰ ਰੋਜ਼ ਇਕ ਮਹੀਨਾ ਸੇਵਨ ਕਰਨ ਨਾਲ ਕਾਫ਼ੀ ਲੰਬੀ ਉਮਰ ਭੋਗੀ ਜਾ ਸਕਦੀ ਹੈ। ਹਰ ਰੋਜ਼ ਇਕ ਤੋਲਾ ਸੁੰਢ, ਸ਼ਹਿਦ ਅਤੇ ਘਿਓ ਨਾਲ ਸੇਵਨ ਕਰਨ ਵਾਲਾ ਮੌਤ ਦਾ ਕਾਰਨ ਬਣਨ ਵਾਲੀਆਂ ਕਈ ਬਿਮਾਰੀਆਂ ਤੋਂ ਦੂਰ ਰਹਿੰਦਾ ਹੈ। ਅੰਬ ਦੀ ਗਿੱਟਕ, ਗਰੂਚੀ, ਨਿਸੋਦ ਅਤੇ ਗੰਧਕ ਬਰਾਬਰ ਵਜ਼ਨ ਨੂੰ ਕੰਵਾਰ ਗੰਦਲ ਦੇ ਰਸ ਨੂੰ ਸੁਕਾ ਕੇ ਹਰ ਰੋਜ਼ 2 ਰੱਤੀ ਘਿਓ 'ਚ ਮਿਲਾ ਕੇ ਖਾਣ ਨਾਲ ਉਮਰ ਲੰਬੀ ਹੁੰਦੀ ਹੈ।

### ਧਮੂਚੀ, ਸ਼ਹਿਦ, ਪਲਾਸ ਦੇ ਗੁਣ

ਇਨ੍ਹਾਂ ਪੁਰਾਤਨ ਗ੍ਰੰਥਾਂ ਅਨੁਸਾਰ ਹਰ ਰੋਜ਼ ਧਮੂਚੀ ਦੀ ਜੜ੍ਹ ਇਕ ਤੋਲਾ, ਸ਼ਹਿਦ ਨਾਲ ਸੇਵਨ ਕਰ ਕੇ ਦੁੱਧ ਪੀਣ ਵਾਲਾ ਵਿਅਕਤੀ ਲੰਬੇ ਸਮੇਂ ਤਕ ਅਰੋਗ ਰਹਿੰਦਾ ਹੈ। ਪਲਾਸ ਦੇ ਬੀਜ ਦਾ ਤੇਲ ਇਕ ਤੋਲਾ ਹਰ ਰੋਜ਼ ਸੇਵਨ ਕਰਨ ਵਾਲਾ, ਜਿਸ ਸਮੇਂ ਭੁੱਖ ਲੱਗੇ ਸਿਰਫ਼ ਦੁੱਧ ਹੀ ਪੀਵੇ, ਉਸ ਵਿਅਕਤੀ ਤੋਂ ਮੌਤ ਲੰਬਾ ਸਮਾਂ ਦੂਰ ਰਹਿੰਦੀ ਹੈ। ਪਲਾਸ ਦੇ ਰੁੱਖ ਦੱਖਣੀ ਭਾਰਤ ਵਿਚ ਸਮੁੰਦਰ ਦੇ ਪੱਛਮੀ ਕੰਢੇ ਵੱਲ ਪੈਦਾ ਹੁੰਦੇ ਹਨ। ਬਿਧਾਰਾ ਤੇ ਸਤਾਵਰ ਵਿਚ ਲੋਹ ਭਸਮ ਮਿਲਾ ਕੇ ਹਰ ਰੋਜ਼ ਇਕ ਤੋਲਾ, ਘਿਓ ਅਤੇ ਸ਼ਹਿਦ ਨਾਲ ਖਾਣ ਵਾਲਾ ਵਿਅਕਤੀ ਲੰਬੀ ਉਮਰ ਭੋਗ ਸਕਦਾ ਹੈ।



### *100 ਸਾਲ ਤੋਂ ਲੰਬੀ ਉਮਰ*

*ਅਸਗੰਧ, ਸ਼ਹਿਦ ਅਤੇ ਘਿਓ ਖਾਣ ਨਾਲ ਸਰੀਰ ਵਿਚੋਂ ਰੋਗ ਖ਼ਤਮ ਹੋ ਕੇ ਉਮਰ 100 ਤੋਂ ਵੀ ਲੰਬੀ ਹੋ ਸਕਦੀ ਹੈ। ਬਧਾਰਾ ਅਤੇ ਸਤਾਵਰ ਵਿਚ ਲੋਹ ਭਸਮ ਮਿਲਾ ਕੇ ਰੋਜ਼ਾਨਾ ਇਕ ਤੋਲਾ, ਘਿਓ ਅਤੇ ਸ਼ਹਿਦ ਨਾਲ ਖਾਣ ਵਾਲਾ ਵਿਅਕਤੀ ਕਾਫ਼ੀ ਲੰਬੀ ਉਮਰ ਭੋਗ ਸਕਦਾ ਹੈ। ਤ੍ਰਿਫਲਾ ਪਾਊਡਰ ਤੇ ਆਮਲਾ ਪਾਊਡਰ ਨੂੰ ਬਰਾਬਰ ਵਜ਼ਨ ਵਿਚ ਥੋੜ੍ਹਾ ਜਿਹਾ ਮਿੱਠਾ ਜਾਂ ਕੌੜਾ ਤੇਲ ਪਾ ਕੇ ਚੰਗੀ ਤਰ੍ਹਾਂ ਮਿਲਾ ਕੇ ਭੂਰਾ ਕਰ ਲਵੋ। ਤ੍ਰਿਫਲਾ ਸਰੀਰ ਨੂੰ ਰੋਗਾਂ ਤੋਂ ਬਚਾਉਂਦਾ ਹੈ ਅਤੇ ਆਮਲਾ ਲੰਮੀ ਉਮਰ ਪ੍ਰਦਾਨ ਕਰਦਾ ਹੈ।*

### ਖਾਣ ਦੀ ਵਿਧੀ

ਅਗਨੀ ਪੁਰਾਣ ਵਿਚ ਦਵਾਈ ਬਣਾਉਣ ਤੇ ਸੇਵਨ ਕਰਨ ਦੀ ਵਿਧੀ ਨਹੀਂ ਲਿਖੀ ਗਈ। ਵਿਅਕਤੀ ਆਪਣੀ ਸੂਝ-ਬੂਝ ਨਾਲ ਦਵਾਈ ਬਣਾ ਕੇ ਜਿਸ ਤਰ੍ਹਾਂ ਉਹ ਮਾਫਿਕ ਆਏ, ਸੇਵਨ ਕਰ ਸਕਦਾ ਹੈ। ਤ੍ਰਿਫਲਾ ਪਾਊਡਰ ਬਾਜ਼ਾਰ ਵਿੱਚੋਂ ਬਣਿਆ-ਬਣਾਇਆ ਵੀ ਮਿਲ ਜਾਂਦਾ ਹੈ ਤੇ ਆਪ ਵੀ ਬਣਾਇਆ ਜਾ ਸਕਦਾ ਹੈ। ਇਸ ਦੀ ਖ਼ੁਰਾਕ ਇਕ ਚਮਚ ਹੀ ਠੀਕ ਰਹਿੰਦੀ ਹੈ।

### ਕੁੱਝ ਅਹਿਮ ਗੱਲਾਂ

- ਹਰੜ, ਬਹੇੜੇ ਅਤੇ ਆਮਲੇ ਨੂੰ ਗਿਟਕਾਂ ਕੱਢ ਕੇ ਬਰਾਬਰ ਵਜ਼ਨ 'ਚ ਮਿਲਾ ਲਵੋ, ਇਸ ਨੂੰ ਤ੍ਰਿਫਲਾ ਆਖਦੇ ਹਨ।
- ਘਿਓ ਤੋਂ ਭਾਵ ਦੇਸੀ ਘਿਓ ਦੀ ਵਰਤੋਂ ਤੋਂ ਹੈ।
- ਉਕਤ ਕਿਸੇ ਵੀ ਕਲਪ ਵਿਚ ਕੋਈ ਵੀ ਜ਼ਹਿਰੀਲਾ ਤੱਤ ਜਾਂ ਨਸ਼ੇ ਵਾਲੀ ਸਮੱਗਰੀ ਨਹੀਂ ਹੈ, ਇਸ ਲਈ ਇਨ੍ਹਾਂ ਦਾ ਸਰੀਰ ਉੱਤੇ ਕੋਈ ਮਾੜਾ ਅਸਰ ਨਹੀਂ ਪੈਂਦਾ।
- ਪੁਰਾਣ ਵਿਚ ਉਕਤ ਕਲਪਾਂ ਦੀ ਵਰਤੋਂ ਕਰਨ ਨਾਲ ਉਮਰ ਦੇ 300 ਤੋਂ 1,000 ਸਾਲ ਤਕ ਵੱਧ ਜਾਣ ਤੇ ਮੌਤ ਉੱਪਰ ਜਿੱਤ ਪ੍ਰਾਪਤ ਕਰ ਲੈਣ ਦਾ ਵੀ ਜ਼ਿਕਰ ਆਉਂਦਾ ਹੈ ਪਰ ਵਿਗਿਆਨਕ ਤੌਰ 'ਤੇ ਇਹ ਗੱਲ ਮੰਨਣ ਵਿਚ ਨਹੀਂ ਆਉਂਦੀ। ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਉਕਤ ਜੜ੍ਹੀ-ਬੂਟੀਆਂ ਜਾਂ ਕਿਸੇ ਇਕ ਕਲਪ ਦੀ ਰੋਜ਼ਾਨਾ ਵਰਤੋਂ ਕਰਨ ਨਾਲ ਬਿਮਾਰੀਆਂ ਨੂੰ ਆਪਣੇ ਆਪ ਤੋਂ ਦੂਰ ਰੱਖਿਆ ਜਾ ਸਕਦਾ ਹੈ ਤੇ ਮਨੁੱਖ ਲੰਬੀ ਉਮਰ ਭੋਗ ਸਕਦਾ ਹੈ।
- ਜੇ ਪੇਟ ਜਾਂ ਛਾਤੀ ਵਿਚ ਜਲਨ ਰਹਿੰਦੀ ਹੋਵੇ ਤਾਂ ਇਸ ਦਾ ਇਲਾਜ ਕਰਨ ਤੋਂ ਬਾਅਦ ਹੀ ਕਿਸੇ ਕਲਪ ਦਾ ਸੇਵਨ ਕਰੋ।

### ਪਰਹੇਜ਼

ਅਰੋਗ ਤੇ ਲੰਮੀ ਉਮਰ ਭੋਗਣ ਲਈ ਖਾਣ-ਪੀਣ ਦਾ ਪਰਹੇਜ਼ ਕਰਨਾ ਵੀ ਬੇਹੱਦ ਜ਼ਰੂਰੀ ਹੈ। ਮਾਸ, ਸ਼ਰਾਬ, ਹਰ ਪ੍ਰਕਾਰ ਦੇ ਨਸ਼ੇ, ਤੰਬਾਕੂ, ਚਾਹ ਅਤੇ ਕੌਫ਼ੀ ਕੁਦਰਤੀ ਭੋਜਨ ਨਹੀਂ ਹਨ ਅਤੇ ਇਹ ਹੀ ਰੋਗਾਂ ਦਾ ਕਾਰਨ ਬਣਦੇ ਹਨ। ਇਨ੍ਹਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਦੁੱਧ, ਘਿਓ, ਮੱਖਣ, ਦਹੀਂ ਅਤੇ ਲੱਸੀ ਕੁਦਰਤੀ ਭੋਜਨ ਹਨ, ਇਨ੍ਹਾਂ ਦੀ ਵੱਧ ਤੋਂ ਵੱਧ ਵਰਤੋਂ ਕਰੋ। ਇਸ ਸਮੇਂ ਚਾਹ ਵੀ ਕਈ ਲਾਇਲਾਜ ਰੋਗਾਂ ਦਾ ਕਾਰਨ ਬਣੀ ਹੋਈ ਹੈ। ਚਾਹ ਦੇ ਬਦਲ ਦੇ ਰੂਪ 'ਚ ਤੁਸੀਂ ਦੇਸੀ ਚਾਹ ਜਾਂ ਗਰਮ ਪਾਣੀ ਦੀ ਵਰਤੋਂ ਕਰ ਸਕਦੇ ਹੋ। ਦੇਸੀ ਚਾਹ ਵਿਚ ਬਹੁਤ ਸਾਰੇ ਗੁਣ ਹਨ। ਇਹ ਕਈ ਰੋਗਾਂ ਤੋਂ ਬਚਾਉਂਦੀ ਹੈ। ਇਸ ਦੀ ਵਰਤੋਂ ਹਰ ਉਮਰ ਵਰਗ ਦਾ ਇਨਸਾਨ ਕਰ ਸਕਦਾ ਹੈ। •

86993-51060





# ਇਨ੍ਹਾਂ ਬੀਜਾਂ ਨਾਲ ਦੂਰ ਹੁੰਦੀਆਂ ਹਨ ਕਈ ਬਿਮਾਰੀਆਂ

ਬਦਲਦੇ ਲਾਇਫ਼ ਸਟਾਈਲ ਜਾਂ ਖਾਣ-ਪੀਣ ਕਾਰਨ ਲੋਕ ਕਈ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਤੰਦਰੁਸਤ ਰਹਿਣ ਲਈ ਦਵਾਈਆਂ ਦਾ ਇਸਤੇਮਾਲ ਕਰਦੇ ਹਨ ਜਾਂ ਫਿਰ ਹਰੀ ਸਬਜ਼ੀਆਂ ਤੇ ਫਲਾਂ ਦਾ ਸੇਵਨ ਕਰਦੇ ਹਨ। ਆਓ ਅੱਜ ਬੀਜਾਂ ਦੇ ਸੇਵਨ ਤੋਂ ਹੋਣ ਵਾਲੇ ਫ਼ਾਇਦਿਆਂ ਬਾਰੇ ਗੱਲ ਕਰਦੇ ਹਾਂ। ਇਨ੍ਹਾਂ ਬੀਜਾਂ ਦਾ ਥੋੜ੍ਹਾ ਜਿਹਾ ਸੇਵਨ ਕਰਨਾ ਸਿਹਤ ਲਈ ਫ਼ਾਇਦੇਮੰਦ ਹੈ।

**ਕੱਦੂ :** ਇਸ ਦੇ ਬੀਜ ਸਰੀਰ ਲਈ ਬਹੁਤ ਲਾਭਕਾਰੀ ਹਨ। ਇਸ 'ਚ ਮੌਜੂਦ ਆਇਰਨ, ਵਿਟਾਮਿਨ ਸੀ, ਈ, ਪੋਟੈਸ਼ਿਅਮ ਕੈਲਸ਼ੀਅਮ ਤੇ ਫਾਇਬਰ ਵਰਗੇ ਗੁਣ ਪੇਟ ਤੇ ਖ਼ੂਨ ਨੂੰ ਸਾਫ਼ ਕਰਦੇ ਹਨ।

**ਤਿਲ :** ਇਸ 'ਚ ਕੈਲਸ਼ੀਅਮ, ਐਂਟੀ ਔਕਸੀਡੇਂਟ੍ਰਸ ਤੇ ਅਨਸੈਚੁਰੇਟਡ ਫੈਟਸ ਕਾਫ਼ੀ ਮਾਤਰਾ 'ਚ ਮੌਜੂਦ ਹੁੰਦੇ ਹਨ। ਜਿਸ ਦੇ ਸੇਵਨ ਨਾਲ ਕੈਂਸਰ ਤੇ ਡਾਇਬਟੀਜ਼ ਵਰਗੀਆਂ ਗੰਭੀਰ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

**ਅਲਸੀ ਦੇ ਬੀਜ :** ਇਸ 'ਚ ਪ੍ਰੋਟੀਨ, ਪੋਟੈਸ਼ਿਅਮ, ਜ਼ਿੰਕ, ਐਸਿਡ, ਫਾਇਬਰ ਕਾਫ਼ੀ ਮਾਤਰਾ 'ਚ ਪਾਏ ਜਾਂਦੇ ਹਨ। ਇਸ ਦੇ ਸੇਵਨ ਨਾਲ ਸਰੀਰ ਨੂੰ ਊਰਜਾ ਪ੍ਰਾਪਤ ਹੁੰਦੀ ਹੈ। ਇਸ ਦੇ ਇਲਾਵਾ ਬੁਖ਼ਾਰ, ਖ਼ਾਂਸੀ ਤੇ ਜ਼ੁਕਾਮ ਆਦਿ ਰੋਗਾਂ ਤੋਂ ਬਚਿਆ ਜਾ ਸਕਦਾ ਹੈ।

**ਮੇਥੀ :** ਮੇਥੀ ਦੇ ਬੀਜਾਂ ਦਾ ਸੇਵਨ ਕਰਨ ਨਾਲ ਬੁਖ਼ਾਰ, ਖ਼ਾਂਸੀ, ਉਲਟੀਆਂ, ਬਵਾਸੀਰ ਤੇ ਕੈਂਸਰ ਵਰਗੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। •

# ਜ਼ਿਆਦਾ ਚਾਹ ਪੀਣ ਵਾਲੇ ਹੋ ਜਾਓ ਸਾਵਧਾਨ

ਜ਼ਿਆਦਾਤਰ ਲੋਕ ਚਾਹ ਪੀਣ ਦੇ ਸ਼ੌਕੀਨ ਹੁੰਦੇ ਹਨ ਤੇ ਉਹ ਦਿਨ 'ਚ 1-2 ਵਾਰ ਤੋਂ ਵੱਧ ਚਾਹ ਦਾ ਸੇਵਨ ਕਰਦੇ ਹਨ। ਜਿਸ ਨਾਲ ਉਨ੍ਹਾਂ ਨੂੰ ਕਾਫ਼ੀ ਨੁਕਸਾਨ ਹੁੰਦਾ ਹੈ। ਕਈ ਲੋਕ ਚਾਹ ਦਾ ਘੱਟ ਸੇਵਨ ਕਰਦੇ ਹਨ ਜਿਸ ਨਾਲ ਕੋਈ ਨੁਕਸਾਨ ਨਹੀਂ ਹੁੰਦਾ। ਇਸ ਨਾਲ ਤੇਜ਼ਾਬ ਤੇ ਗੈਸ ਆਦਿ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਓ ਜਾਣਦੇ ਹਾਂ ਕਿ ਜ਼ਿਆਦਾ ਚਾਹ ਪੀਣੀ ਸਿਹਤ ਲਈ ਕਿੰਨੀ ਕੁ ਖ਼ਤਰਨਾਕ ਹੈ।

### ਡੀਹਾਈਡ੍ਰੇਸ਼ਨ ਤੇ ਕਬਜ਼

ਕਈ ਲੋਕ ਮੰਨਦੇ ਹਨ ਕਿ ਸਵੇਰ ਦੀ ਚਾਹ ਪੀਣ ਨਾਲ ਪੇਟ ਸਾਫ਼ ਹੁੰਦਾ ਹੈ ਪਰ ਘੱਟ ਹੀ ਲੋਕਾਂ ਨੂੰ ਪਤਾ ਹੈ ਕਿ ਜ਼ਿਆਦਾ ਚਾਹ ਪੀਣ ਨਾਲ ਕਬਜ਼ ਦੀ ਪਰੇਸ਼ਾਨੀ ਹੋ ਸਕਦੀ ਹੈ। ਚਾਹ 'ਚ ਮੌਜੂਦ ਇਕ ਰਾਸਾਇਣ ਥਿਓਫਿਲਾਇਨ ਨਾਲ ਸਰੀਰ 'ਚ ਡੀਹਾਈਡ੍ਰੇਸ਼ਨ ਹੋ ਜਾਂਦੀ ਹੈ ਜੋ ਬਾਅਦ 'ਚ ਕਬਜ਼ ਦਾ ਕਾਰਨ ਬਣ ਜਾਂਦੀ ਹੈ।



### ਪ੍ਰੋਸਟੇਟ ਕੈਂਸਰ

ਚਾਹ ਪ੍ਰੋਸਟੇਟ ਲਈ ਵਧੀਆ ਨਹੀਂ ਹੈ ਦੇਖਿਆ ਗਿਆ ਹੈ ਕਿ ਦਿਨ 'ਚ ਜ਼ਿਆਦਾ ਮਾਤਰਾ 'ਚ ਚਾਹ ਪੀਣ ਵਾਲੇ ਲੋਕਾਂ ਨੂੰ ਪ੍ਰੋਸਟੇਟ ਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ।

### ਸੋਜ

ਜ਼ਿਆਦਾ ਚਾਹ ਪੀਣ ਨਾਲ ਪੇਟ ਫੁਲਿਆ ਹੋਇਆ ਮਹਿਸੂਸ ਹੋਵੇਗਾ। ਕੁੱਝ ਲੋਕਾਂ ਨੂੰ ਕੈਫਿਨ ਕਾਰਨ ਸੋਜ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਤੋਂ ਬਾਅਦ ਸੋਜ ਮਹਿਸੂਸ ਹੁੰਦੀ ਹੈ।

### ਹੱਡੀਆਂ ਕਮਜ਼ੋਰ ਹੋਣੀਆਂ

ਚਾਹ ਤੁਹਾਡੀਆਂ ਹੱਡੀਆਂ ਤੇ ਦੰਦਾਂ ਨੂੰ ਕਮਜ਼ੋਰ ਕਰ ਸਕਦੀ ਹੈ ਇਸ ਕਰ ਕੇ ਆਪਣੀ ਸਿਹਤ ਨੂੰ ਸਹੀ ਸਲਾਮਤ ਰੱਖਣ ਲਈ ਚਾਹ ਦਾ ਜ਼ਿਆਦਾ ਸੇਵਨ ਨਾ ਕਰੋ। •

**ਕਿਸੇ ਦੇ ਜੀਵਨ ਵਿਚ ਅਚਾਨਕ ਹੋਈ ਅਣਹੋਣੀ ਬਰੋਕਨ ਹਾਰਟ ਸਿੰਡਰੋਮ ਦਾ ਮੁੱਖ ਕਾਰਨ ਬਣਦੀ ਹੈ। ਸਟ੍ਰੈੱਸ ਕਹੋ ਜਾਂ ਤਣਾਅ, ਇਹ ਸਿੰਡਰੋਮ ਦਾ ਹੀ ਕਾਰਨ ਹੁੰਦਾ ਹੈ ...**

# ਬਰੋਕਨ ਹਾਰਟ ਸਿੰਡਰੋਮ



**ਡਾ. ਰਿਪੁਦਮਨ ਸਿੰਘ**
*ਮੋਬਾਈਲ 98152-00134*

ਡਾਕਟਰੀ ਭਾਸ਼ਾ ਵਿਚ ਸਿੰਡਰੋਮ 'ਚ ਅਸਲ ਬਿਮਾਰੀ ਵਰਗੇ ਲੱਛਣ ਵਿਖਾਈ ਦਿੰਦੇ ਹਨ। ਇਹ ਲੱਛਣ ਹਕੀਕੀ ਬਿਮਾਰੀ ਨਾਲ ਅਜਿਹੇ ਮਿਲਦੇ ਹੁੰਦੇ ਹਨ ਕਿ ਬੰਦਾ ਤਾਂ ਕੀ, ਡਾਕਟਰ ਵੀ ਚੱਕਰ ਵਿਚ ਫਸ ਜਾਂਦੇ ਹਨ ਅਤੇ ਦਵਾਈਆਂ ਦੇ-ਦੇ ਕੇ ਬਿਮਾਰੀ ਖੜ੍ਹੀ ਕਰ ਦਿੰਦੇ ਹਨ। 'ਜਬ ਦਿਲ ਹੀ ਟੂਟ ਗਿਆ ਤੋ ਜੀ ਕਰ ਕਯਾ ਕਰੇਗੇ' ਦੇ ਬੋਲ ਸੱਚ ਹੋਣ ਲੱਗਦੇ ਹਨ। ਕਿਸੇ ਦੇ ਜੀਵਨ ਵਿਚ ਅਚਾਨਕ ਹੋਈ ਅਣਹੋਣੀ ਬਰੋਕਨ ਹਾਰਟ ਸਿੰਡਰੋਮ ਦਾ ਮੁੱਖ ਕਾਰਨ ਬਣਦੀ ਹੈ। ਸਟ੍ਰੈੱਸ ਕਹੋ ਜਾਂ ਤਣਾਅ, ਇਹ ਸਿੰਡਰੋਮ ਦਾ ਕਾਰਨ ਹੁੰਦਾ ਹੈ ਅਤੇ ਮਾੜੀ ਖ਼ਬਰ ਦੇ ਚੱਲਦਿਆਂ ਬੰਦੇ ਅੰਦਰ ਸਟ੍ਰੈੱਸ ਦੀ ਲਹਿਰ ਪੈਦਾ ਹੁੰਦੀ ਹੈ ਅਤੇ ਦਿਲ ਚੰਗੀ ਤਰ੍ਹਾਂ ਪੰਪ ਨਹੀਂ ਕਰਦਾ ਪਰ ਬਾਕੀ ਸਾਰੇ ਕੰਮ ਪਹਿਲਾਂ ਨਾਲੋਂ ਵਧੇਰੇ ਤਾਕਤ ਨਾਲ ਹੁੰਦੇ ਹਨ। ਇਹ ਸਥਿਤੀ ਆਰਜ਼ੀ ਹੁੰਦੀ ਹੈ ਤੇ ਸਮੇਂ ਨਾਲ ਠੀਕ ਵੀ ਹੋ ਜਾਂਦੀ ਹੈ। ਇਸ ਨੂੰ ਪਹਿਲਾਂ ਟੈਕਟੋਸੁਬੋ ਕਾਰਡੀਓ-ਮਾਇਓਪੈਥੀ ਆਖਦੇ ਸਨ ਪਰ ਅੱਜਕੱਲ੍ਹ ਇਸ ਨੂੰ 'ਸਟ੍ਰੈੱਸ ਕਾਰਡੀਓ-ਮਾਇਓਪੈਥੀ' ਜਾਂ 'ਏਪੀਕਲ ਬਲੂਨਿੰਗ ਸਿੰਡਰੋਮ' ਆਖਿਆ ਜਾਣ ਲੱਗਾ ਹੈ। ਬਹੁਤ ਚੰਗੀ ਗੱਲ ਇਸ ਸਿੰਡਰੋਮ ਦੀ ਇਹ ਹੈ ਕਿ ਇਹ ਲਾਇਲਾਜ ਨਹੀਂ ਹੈ।



### ਲੱਛਣ

ਬੰਦੇ ਅੰਦਰ ਹੂ-ਬ-ਹੂ ਦਿਲ ਦੀ ਬਿਮਾਰੀ ਵਰਗੇ ਲੱਛਣ ਨਜ਼ਰ ਆਉਣ ਲੱਗ ਪੈਂਦੇ ਹਨ ਅਤੇ ਜਾਪਦਾ ਹੈ ਕਿ ਕੁੱਝ ਹੋ ਰਿਹਾ ਹੈ-ਦਿਲ ਵਾਲੇ ਪਾਸੇ ਤੇਜ਼ ਦਰਦ, ਦਿਲ ਦੀ ਧੜਕਣ ਦਾ ਤੇਜ਼ ਹੋ ਜਾਣਾ ਜਾਂ ਇਕ ਦਮ ਘੱਟ ਜਾਣਾ, ਮੂੰਹ ਤੇ ਬੁੱਲ੍ਹ ਸੁਕਣ ਲੱਗਣੇ, ਪਿਸ਼ਾਬ ਨਿਕਲ ਜਾਣਾ ਅਤੇ ਇਥੋਂ ਤਕ ਕੇ ਖਾਣੇ ਦਾ ਠੀਕ ਤਰ੍ਹਾਂ ਨਾ ਪਚਣਾ, ਚੱਕਰ ਜਿਹੇ ਆਉਣੇ, ਬਾਹਰ ਨੂੰ ਭੱਜਣਾ, ਸਾਹ ਦਾ ਔਖਾ ਹੋਣਾ ਤੇ ਸਰੀਰਕ ਕਮਜ਼ੋਰੀ ਹੋਣੀ ਅਤੇ ਇਸ ਦੇ ਨਾਲ ਹੀ ਇਹ ਵੀ ਲੱਗਦਾ ਕਿ ਪ੍ਰਾਣ ਨਿਕਲਣ ਵਾਲੀ ਸਥਿਤੀ ਪੈਦਾ ਹੋ ਗਈ ਹੋਵੇ। ਲੱਖ ਕੋਸ਼ਿਸ਼ ਕਰਨ ਤੇ ਰੋਟੀ-ਪਾਣੀ ਅੰਦਰ ਨਹੀਂ ਲੰਘਦੇ। ਈਸੀਜੀ ਵਿਚ ਵੀ ਤਬਦੀਲੀਆਂ ਨਜ਼ਰੀਂ ਪੈਂਦੀਆਂ ਹਨ, ਭਾਵ ਐੱਮਆਈ ਜਿਹਾ ਲੱਗਣ ਲੱਗਦਾ ਹੈ। ਇਹ ਧਿਆਨ ਯੋਗ ਗੱਲ ਹੈ ਕਿ ਕੋਈ ਵੀ ਲੰਬੇ ਸਮੇਂ ਤਕ ਰਹਿਣ ਵਾਲਾ ਛਾਤੀ ਦਾ ਦਰਦ, ਦਿਲ ਦੀ ਤਕਲੀਫ਼ ਹੋ ਸਕਦੀ ਹੈ ਅਤੇ ਜੇ ਕਿਸੇ ਨਾਲ ਇੰਜ ਹੋ ਰਿਹਾ ਹੈ ਤਾਂ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੈ।

### ਕਿੰਨਾ ਘਾਤਕ ਹੈ ਸਿੰਡਰੋਮ?

ਵੇਖਣ ਵਿਚ ਆਇਆ ਹੈ ਕਿ ਇਹ ਸਿੰਡਰੋਮ ਔਰਤਾਂ ਵਿਚ ਵਧੇਰੇ ਪਾਇਆ ਜਾਂਦਾ ਹੈ। ਅਜਿਹਾ ਕਿਉਂ ਹੈ, ਇਸ ਬਾਰੇ ਖੋਜ ਚੱਲ ਰਹੀ ਹੈ ਪਰ ਮਨੋਵਿਗਿਆਨਿਕ ਤੌਰ 'ਤੇ ਮਰਦਾਂ ਦੇ ਮੁਕਾਬਲੇ ਔਰਤਾਂ ਦੇ ਵਧੇਰੇ ਸੰਵੇਦਨਸ਼ੀਲ ਹੋਣ ਨੂੰ ਵੀ ਇਸ ਦਾ ਇਕ ਕਾਰਨ ਮੰਨਿਆ ਜਾਂਦਾ। ਪੰਦਰਾਂ ਸਾਲ ਦੀ ਉਮਰ ਤੋਂ ਲਗਪਗ 55 ਸਾਲ ਦੀ ਉਮਰ ਤਕ ਔਰਤਾਂ ਦੀ ਮਾਨਸਿਕ ਹਾਲਤ ਉੱਪਰ ਬਹੁਤ ਅਸਰ ਪੈਂਦਾ ਹੈ। ਬਹੁਤ ਘੱਟ ਅੰਕੜੇ ਹਨ ਕਿ ਇਸ ਨਾਲ ਕਿਸੇ ਦੀ ਮੌਤ ਹੋਈ ਹੋਵੇ, ਇਸ ਲਈ ਬਹੁਤੀ ਫ਼ਿਕਰ ਵਾਲੀ ਗੱਲ ਨਹੀਂ ਹੈ ਪਰ ਇਸ ਨੂੰ ਅਣਗੌਲਿਆਂ ਕਰਨਾ ਘਾਤਕ ਹੋ ਸਕਦਾ ਹੈ। ਇਸ ਨਾਲ ਦਿਲ ਦੀ ਧੜਕਣ ਅਨਿਯਮਿਤ ਹੋ ਸਕਦੀ ਹੈ, ਧੜਕਮ ਮਿਸ ਹੋ ਸਕਦੀ ਹੈ, ਜਿਸ ਨੂੰ ਆਮ ਭਾਸ਼ਾ ਵਿਚ ਹੌਲ ਜਾਂ ਗੋਤਾ ਪੈਣਾ ਵੀ ਆਖਦੇ ਹਨ। ਧੜਕਣ ਵੱਧ ਵੀ ਰਹਿਣ ਲੱਗ ਸਕਦੀ ਹੈ। ਮਾੜੀ ਗੱਲ ਇਹ ਹੈ ਕਿ ਫ਼ੇਫੜਿਆਂ ਵਿਚ ਤਰਲ ਜਮ੍ਹਾਂ ਹੋਣ ਲੱਗ ਸਕਦਾ ਹੈ ਜਿਸ ਨੂੰ 'ਪਲਮੋਨਰੀ ਓਡੀਮਾ' ਆਖਦੇ ਹਨ। ਇਸ ਨਾਲ ਸਾਹ ਛੋਟਾ ਹੋ ਸਕਦਾ ਹੈ, ਗਲ਼ਾ ਵੀ ਸੁੱਕਾ ਹੋ ਸਕਦਾ ਹੈ।

ਇਹ ਸਿੰਡਰੋਮ ਦੀ ਨਿਸ਼ਾਨੀ ਹੈ। ਜੇ ਕੋਈ ਇਸ ਦੌਰ ਵਿਚੋ ਲੰਘ ਰਿਹਾ ਹੋਵੇ ਤਾਂ ਉਹ ਜਾਂ ਉਸ ਦੇ ਘਰ-ਪਰਿਵਾਰ ਤੇ ਦੋਸਤਾਂ ਦਾ ਫਰਜ਼ ਹੈ ਕਿ ਡਾਕਟਰ ਨੂੰ ਪੂਰੀ ਜਾਣਕਾਰੀ ਦਿੱਤੀ ਜਾਵੇ। ਜਿਵੇਂ ਕਿ, ਬੰਦੇ ਦੀ ਮਨੋਸਥਿਤੀ ਕਿਹੋ ਜਿਹੀ ਹੈ? ਕੀ ਕਦੇ ਪਹਿਲਾਂ ਵੀ ਅਜਿਹਾ ਵਾਪਰਿਆ ਹੈ? ਛਾਤੀ ਦੀ ਕੋਈ ਤਕਲੀਫ਼ ਹੋਈ ਹੋਵੇ ਆਦਿ। ਆਪਣੇ ਆਪ ਨੂੰ ਸਮਾਂ ਦੇਣਾ ਚਾਹੀਦਾ ਹੈ। ਰੱਬ ਵੱਲ ਧਿਆਨ ਕਰਨਾ ਵੀ ਲਾਹੇਵੰਦ ਰਹਿੰਦਾ ਹੈ। ਫ਼ਿਕਰ ਦੀ ਲੋੜ ਨਹੀਂ, ਡਾਕਟਰੀ ਇਲਾਜ ਤੇ ਪਰਹੇਜ਼ ਕਰਨਾ ਚਾਹੀਦਾ ਹੈ। •

### ਕੀ ਹਨ ਕਾਰਨ?

*ਭਾਵੇਂ ਸੰਸਾਰ ਭਰ ਦੇ ਸਿਹਤ ਵਿਗਿਆਨੀਆਂ ਨੂੰ ਬਰੋਕਨ ਹਾਰਟ ਸਿੰਡਰੋਮ ਦਾ ਅਸਲ ਕਾਰਨ ਅੱਜ ਤਕ ਪਤਾ ਨਹੀਂ ਲੱਗ ਸਕਿਆ ਪਰ ਫਿਰ ਵੀ ਮੰਨਿਆ ਜਾਂਦਾ ਹੈ ਕਿ ਇਹ ਇਕਦਮ ਪੈਦਾ ਹੋਈ ਤਣਾਅ ਦੀ ਲਹਿਰ ਨਾਲ ਪੈਦਾ ਹੋਏ ਐਡਰਨਾਲੀਨ ਹਾਰਮੋਨ ਕਾਰਨ ਦਿਲ ਨੂੰ ਹੋਣ ਵਾਲੇ ਨੁਕਸਾਨ ਦਾ ਇਕ ਆਧਾਰ ਜਿਹਾ ਲਗਦਾ ਹੈ। ਇਸ ਤਕਲੀਫ਼ ਲਈ ਕੋਈ ਅਸਹਿਣਯੋਗ ਘਰੇਲੂ ਹਾਲਾਤ, ਨਾ ਵਿਚਾਰਨਯੋਗ ਘਟਨਾ, ਇਕਦਮ ਕਿਸੇ ਬੇਸ਼ਕੀਮਤੀ ਵਸਤੂ ਦਾ ਗੁੰਮ ਹੋ ਜਾਣਾ, ਸਰੀਰਕ ਤਕਲੀਫ਼ ਜਿਵੇਂ ਦਮਾ, ਇਨਫੈਕਸ਼ਨ, ਐਕਸੀਡੈਂਟ ਆਦਿ ਜ਼ਿੰਮੇਵਾਰ ਹੋ ਸਕਦੇ ਹਨ।*

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਪਟਿਆਲਾ 'ਚ ਹੋਣ ਵਾਲੇ ਸਮਾਗਮਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਤੇ ਸੰਗਤ 'ਚ ਉਤਸ਼ਾਹ : ਡਾ. ਪ੍ਰੀਤੀ ਯਾਦਵ

## ➢ 350 ਸਾਲਾ ਸ਼ਹੀਦੀ ਸ਼ਤਾਬਦੀ ਬਾਬਤ ਕੀਰਤਨ ਸਮਾਗਮ ਤੇ ਨਗਰ ਕੀਰਤਨ ਦੇ ਪ੍ਰਬੰਧਾਂ ਦਾ ਜਾਇਜ਼ਾ ➢ ਜ਼ਿਲ੍ਹਾ ਪ੍ਰਸ਼ਾਸਨ ਇੱਕ ਸ਼ਰਧਾਲੂ ਦੀ ਤਰ੍ਹਾਂ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਤੇ ਅਕੀਦਤ ਨਾਲ ਨਿਭਾਏਗਾ: ਡਿਪਟੀ ਕਮਿਸ਼ਨਰ



**ਪਟਿਆਲਾ, 11 ਨਵੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਤੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਯਾਦਗਾਰੀ ਸਮਾਗਮਾਂ ਦੀ ਸ਼ੁਰੂਆਤ ਲਾਈਟ ਐਂਡ ਸਾਊਂਡ ਸ਼ੋਅ ਨਾਲ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ 36 ਅਸਥਾਨ, ਜਿਨ੍ਹਾਂ ਵਿੱਚੋਂ 30 ਅਸਥਾਨਾਂ ਵਿਖੇ ਸਥਾਨਕ ਸੰਗਤ ਦੇ ਸਹਿਯੋਗ ਤੇ ਪ੍ਰਬੰਧਕ ਕਮੇਟੀ ਨਾਲ ਮਿਲਕੇ ਵੱਖ-ਵੱਖ ਧਾਰਮਿਕ ਸਮਾਗਮ ਉਲੀਕੇ ਗਏ ਹਨ।

ਜ਼ਿਲ੍ਹਾ ਸੱਭਿਆਚਾਰਕ ਸੁਸਾਇਟੀ ਦੀ ਬੈਠਕ ਦੀ ਪ੍ਰਧਾਨਗੀ ਕਰਦਿਆਂ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਇਸ ਮਹੀਨੇ ਦੌਰਾਨ ਪਟਿਆਲਾ ਵਿਖੇ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਨਤਮਸਤਕ ਹੋਣ ਲਈ ਇੱਕ ਵਿਸ਼ੇਸ਼ ਕੀਰਤਨ ਸਮਾਗਮ ਕਰਵਾਇਆ ਜਾਵੇਗਾ ਉਥੇ ਸ੍ਰੀ ਤਲਵੰਡੀ ਸਾਬੋ (ਬਠਿੰਡਾ) ਤੋਂ ਚੱਲਣ ਵਾਲੀ ਧਾਰਮਿਕ ਯਾਤਰਾ 21 ਨਵੰਬਰ ਕਰੀਬ 12 ਵਜੇ ਪਟਿਆਲਾ ਵਿਖੇ ਪੁੱਜੇਗੀ ਤੇ ਇਸੇ ਦਿਨ ਅੱਗੇ ਮੋਹਾਲੀ ਜ਼ਿਲ੍ਹੇ ਲਈ ਰਵਾਨਾ ਹੋਵੇਗੀ। ਇਸ ਯਾਤਰਾ ਨੂੰ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਵਿਖੇ ਪਟਿਆਲਾ ਪੁਲਿਸ ਵੱਲੋਂ ਗਾਰਡ ਆਫ਼ ਆਨਰ ਦਿੱਤਾ ਜਾਵੇਗਾ ਅਤੇ ਇਸ ਯਾਤਰਾ ਦੀ ਆਮਦ ਦੇ ਰੂਟ ਦੁਆਲੇ ਸ਼ਰਾਬ ਦੇ ਠੇਕੇ, ਮੀਟ ਦੀਆਂ ਦੁਕਾਨਾਂ ਤੇ ਰੇਹੜੀਆਂ ਆਦਿ ਬੰਦ ਰਹਿਣਗੀਆਂ।

ਡਾ. ਪ੍ਰੀਤੀ ਯਾਦਵ ਨੇ ਪਟਿਆਲਾ ਜ਼ਿਲ੍ਹੇ ਦੀ ਸੰਗਤ ਵੱਲੋਂ 4 ਨਵੰਬਰ ਨੂੰ ਹਿੰਦ ਦੀ ਚਾਦਰ ਲਾਈਟ ਐਂਡ ਸਾਊਂਡ ਸ਼ੋਅ ਵਿੱਚ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਨ ਲਈ ਧੰਨਵਾਦ ਕਰਦਿਆਂ ਬੇਨਤੀ ਕੀਤੀ ਕਿ ਅਗਲੇ ਸਮਾਗਮਾਂ ਵਿੱਚ ਵੀ ਸੰਗਤ ਇਸੇ ਤਰ੍ਹਾਂ ਵੱਧ-ਚੜ੍ਹਕੇ ਹਿੱਸਾ ਲੈਣ ਦੀ ਖੇਚਲ ਕਰੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਮਾਗਮਾਂ ਨੂੰ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਜ਼ਿਲ੍ਹੇ ਦੀ ਸੰਗਤ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਕੁਰਬਾਨੀ ਵਰਗੀ ਮਿਸਾਲ ਦੁਨੀਆਂ ਵਿੱਚ ਹੋਰ ਕਿਧਰੇ ਨਹੀ ਮਿਲਦੀ, ਜਿਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਮੂਹ ਸੰਗਤ ਦੇ ਸਹਿਯੋਗ ਨਾਲ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਵੱਡੇ ਪ੍ਰੋਗਰਾਮ ਉਲੀਕੇ ਹਨ।

ਉਨ੍ਹਾਂ ਦੱਸਿਆ ਕਿ ਪਟਿਆਲਾ ਵਿਖੇ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਤੋਂ ਇਲਾਵਾ, ਗੁਰਦੁਆਰਾ ਮੋਤੀ ਬਾਗ ਸਾਹਿਬ, ਗੁਰਦੁਆਰਾ ਸਾਹਿਬ ਬੀੜ ਬਹਾਦਰਗੜ੍ਹ, ਉਗਾਣੀ, ਮਗਰ ਸਾਹਿਬ, ਬੀਬੀਪੁਰ ਖੁਰਦ, ਮਹਿਮੂਦਪੁਰ ਜੱਟਾਂ, ਸੀਲ, ਹਰਪਾਲਪੁਰ, ਕਬੂਲਪੁਰ ਹਸਨਪੁਰ, ਲੋਹ ਅਸਿੰਬਲੀ, ਬੁਧਮੋਰ, ਧੰਗੇੜਾ, ਰੋਹਟਾ ਸਾਹਿਬ, ਥੂਹੀ, ਗੁਣੀਕੇ, ਗੁਰਦੁਆਰਾ ਥੜ੍ਹਾ ਸਾਹਿਬ ਸਮਾਣਾ, ਕਰਹਾਲੀ ਸਾਹਿਬ, ਬਹਿਰਜੱਛ, ਰੀਠਖੇੜੀ, ਲੰਗ, ਮਹਿੰਦਰਗੰਜ, ਢਕਾਨਸੂ ਕਲਾਂ, ਅਗੌਲ, ਸਿੰਬੜੋ, ਰਾਮਗੜ੍ਹ ਬੌੜਾਂ ਕਲਾਂ, ਕੋਟਲੀ, ਦੋਦੜਾ, ਟਹਿਲਪੁਰਾ ਤੇ ਦੂਧਨਸਾਧਾਂ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨ ਛੋਹ ਅਸਥਾਨ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਅਸਥਾਨਾਂ ਨੇੜੇ ਵਿਕਾਸ ਕਾਰਜਾਂ ਲਈ ਵਿਸ਼ੇਸ਼ ਯੋਜਨਾ ਤਹਿਤ ਕਾਰਜ ਹੋ ਰਹੇ ਹਨ।

ਮੀਟਿੰਗ ਮੌਕੇ ਡਿਪਟੀ ਕਮਿਸ਼ਨਰ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਮਾਗਮਾਂ ਦੇ ਪ੍ਰਬੰਧਾਂ 'ਚ ਕੋਈ ਕਮੀ ਨਾ ਛੱਡੀ ਜਾਵੇ। ਉਨ੍ਹਾਂ ਨੇ ਸਫ਼ਾਈ, ਸੜਕਾਂ ਦੀ ਮੁਰੰਮਤ ਤੇ ਸਜਾਵਟ ਸਮੇਤ ਹੋਰ ਪ੍ਰਬੰਧਾਂ ਬਾਰੇ ਵਿਸਥਾਰ 'ਚ ਚਰਚਾ ਕੀਤੀ ਤੇ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ।

ਇਸ ਮੌਕੇ ਏ.ਡੀ.ਸੀਜ ਦਮਨਜੀਤ ਸਿੰਘ ਮਾਨ, ਨਵਰੀਤ ਕੌਰ ਸੇਖੋਂ ਤੇ ਸਿਮਰਪ੍ਰੀਤ ਕੌਰ, ਐਸ.ਪੀ ਵੈਭਵ ਚੌਧਰੀ, ਐਸ.ਪੀ. ਪਲਵਿੰਦਰ ਸਿੰਘ ਚੀਮਾ (ਆਨਲਾਈਨ ਵੀ.ਸੀ. ਰਾਹੀਂ) ਐਸ.ਡੀ.ਐਮਜ ਡਾ. ਇਸਮਤ ਵਿਜੇ ਸਿੰਘ, ਕਿਰਪਾਲਵੀਰ ਸਿੰਘ, ਹਰਜੋਤ ਕੌਰ, ਰਿਚਾ ਗੋਇਲ ਸਮੇਤ ਲੋਕ ਨਿਰਮਾਣ, ਨਗਰ ਨਿਗਮ ਤੇ ਹੋਰ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਵੀ (ਆਨਲਾਈਨ) ਮੌਜੂਦ ਸਨ।

# ਪ੍ਰਧਾਨ ਮੰਤਰੀ ਮੋਦੀ ਵੱਲੋਂ ਮਾਲਵਾ ਖੇਤਰ ਨੂੰ ਵੱਡੀ ਸੌਗਾਤ: ਫਿਰੋਜ਼ਪੁਰ-ਦਿੱਲੀ ਵੰਦੇ ਭਾਰਤ ਐਕਸਪ੍ਰੈੱਸ ਦੀ ਸ਼ੁਰੂਆਤ

## ਵੰਦੇ ਭਾਰਤ ਦੇ ਰੇਲ ਨਾਲ ਵਿਦਿਆਰਥੀਆਂ, ਨੌਕਰੀ ਪੇਸ਼ਾ ਲੋਕਾਂ ਅਤੇ ਖਾਸ ਕਰਕੇ ਵਪਾਰੀਆਂ ਨੂੰ ਬਹੁਤ ਲਾਭ ਮਿਲੇਗਾ: ਜੈ ਇੰਦਰ ਕੌਰ




**ਪਟਿਆਲਾ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮਾਲਵਾ ਖੇਤਰ ਲਈ ਇੱਕ ਇਤਿਹਾਸਕ ਪਲ ਨੂੰ ਦਰਸਾਉਂਦੇ ਹੋਏ, ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵੱਲੋਂ ਅੱਜ ਫਿਰੋਜ਼ਪੁਰ ਤੋਂ ਨਵੀਂ ਦਿੱਲੀ ਤੱਕ ਵੰਦੇ ਭਾਰਤ ਐਕਸਪ੍ਰੈੱਸ ਰੇਲਗੱਡੀ ਦੀ ਸ਼ੁਰੂਆਤ ਕੀਤੀ ਗਈ। ਇਸ ਸੁਪਰਫਾਸਟ ਸੇਵਾ ਨੇ ਅੱਜ ਸ਼ਨੀਵਾਰ ਨੂੰ ਪੰਜਾਬ ਦੇ ਸਰਹੱਦੀ ਜ਼ਿਲ੍ਹੇ ਫਿਰੋਜ਼ਪੁਰ ਤੋਂ ਆਪਣੀ ਪਹਿਲੀ ਯਾਤਰਾ ਲਈ ਰਵਾਨਗੀ ਕੀਤੀ।

ਇਸ ਖਾਸ ਮੌਕੇ 'ਤੇ, ਰੇਲ ਰਾਜ ਮੰਤਰੀ, ਸ਼੍ਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਇਹ ਕਦਮ ਇਤਿਹਾਸਕ ਹੈ ਅਤੇ ਇਹ ਨਾ ਸਿਰਫ਼ ਪਟਿਆਲਾ ਨੂੰ ਵਿਕਾਸ ਦੇ ਇੱਕ ਨਵੇਂ ਰਾਹ 'ਤੇ ਪਾਵੇਗਾ, ਸਗੋਂ ਸਮੁੱਚੇ ਮਾਲਵਾ ਖੇਤਰ ਦੇ ਵਪਾਰੀਆਂ ਸਮੇਤ ਹਰ ਵਰਗ ਦੇ ਲੋਕਾਂ ਨੂੰ ਬਹੁਤ ਵੱਡਾ ਲਾਭ ਪਹੁੰਚਾਏਗਾ। ਉਨ੍ਹਾਂ ਜ਼ੋਰ ਦਿੱਤਾ ਕਿ ਇਹ ਰੇਲਗੱਡੀ ਮਾਲਵਾ ਖੇਤਰ ਲਈ ਵਰਦਾਨ ਸਾਬਤ ਹੋਵੇਗੀ ਕਿਉਂਕਿ ਇਸਦੀ ਉੱਚ-ਰਫ਼ਤਾਰ ਘੱਟ ਤੋਂ ਘੱਟ ਸਮੇਂ ਵਿੱਚ ਵੱਧ ਤੋਂ ਵੱਧ ਦੂਰੀ ਤੈਅ ਕਰੇਗੀ।

ਪੰਜਾਬ ਮਹਿਲਾ ਮੋਰਚਾ ਪ੍ਰਧਾਨ, ਜੈ ਇੰਦਰ ਕੌਰ ਨੇ ਵੀ ਇਸ ਪਹਿਲਕਦਮੀ ਦੀ ਭਰਪੂਰ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ, ਪਟਿਆਲਾ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਮੰਗ ਸੀ ਕਿ ਦਿੱਲੀ ਨਾਲ ਸਿੱਧੀ ਅਤੇ ਸੁਪਰਫਾਸਟ ਰੇਲ ਕਨੈਕਟੀਵਿਟੀ ਹੋਵੇ। ਵੰਦੇ ਭਾਰਤ ਦੀ ਸ਼ੁਰੂਆਤ ਨਾਲ ਇਹ ਮੰਗ ਪੂਰੀ ਹੋ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਨਾਲ ਪਟਿਆਲਾ ਦੀ ਕਨੈਕਟੀਵਿਟੀ ਪੰਜਾਬ ਦੇ ਹੋਰ ਹਿੱਸਿਆਂ ਦੇ ਨਾਲ-ਨਾਲ ਹਰਿਆਣਾ ਅਤੇ ਦਿੱਲੀ ਨਾਲ ਵੀ ਸੁਪਰਫਾਸਟ ਹੋ ਜਾਵੇਗੀ, ਜਿਸ ਨਾਲ ਯਾਤਰਾ ਦਾ ਕੀਮਤੀ ਸਮਾਂ ਬਚੇਗਾ।

ਸ਼੍ਰੀਮਤੀ ਜੈ ਇੰਦਰ ਕੌਰ ਨੇ ਖਾਸ ਤੌਰ 'ਤੇ ਦੱਸਿਆ ਕਿ ਪਟਿਆਲਾ ਵਿੱਚ ਵੰਦੇ ਭਾਰਤ ਦੇ ਠਹਿਰਾਅ ਨਾਲ ਵਿਦਿਆਰਥੀਆਂ, ਨੌਕਰੀ ਪੇਸ਼ਾ ਲੋਕਾਂ ਅਤੇ ਖਾਸ ਕਰਕੇ ਵਪਾਰੀਆਂ ਨੂੰ ਬਹੁਤ ਲਾਭ ਮਿਲੇਗਾ। ਉਨ੍ਹਾਂ ਦੇ ਅਨੁਸਾਰ, ਇਸ ਨਾਲ ਖੇਤਰ ਵਿੱਚ ਵਪਾਰਕ ਗਤੀਵਿਧੀਆਂ ਨੂੰ ਵੱਡਾ ਹੁਲਾਰਾ ਮਿਲੇਗਾ ਅਤੇ ਸਥਾਨਕ ਆਰਥਿਕਤਾ ਮਜ਼ਬੂਤ ਹੋਵੇਗੀ।

ਇਹ ਵੰਦੇ ਭਾਰਤ ਐਕਸਪ੍ਰੈੱਸ ਫਿਰੋਜ਼ਪੁਰ ਤੋਂ ਚੱਲ ਕੇ ਫ਼ਰੀਦਕੋਟ, ਬਠਿੰਡਾ, ਪਟਿਆਲਾ, ਕੁਰੂਕਸ਼ੇਤਰ ਅਤੇ ਪਾਨੀਪਤ ਦੇ ਰਸਤੇ ਹੁੰਦੀ ਹੋਈ ਦਿੱਲੀ ਪਹੁੰਚੇਗੀ, ਜਿਸ ਨਾਲ ਮਾਲਵਾ ਖੇਤਰ ਦੇ ਕਈ ਮਹੱਤਵਪੂਰਨ ਸ਼ਹਿਰ ਰਾਜਧਾਨੀ ਨਾਲ ਜੁੜ ਜਾਣਗੇ।

ਸ਼੍ਰੀਮਤੀ ਜੈ ਇੰਦਰ ਕੌਰ ਨੇ ਇਸ ਸ਼ਲਾਘਾਯੋਗ ਅਤੇ ਸਮਾਂਬੱਧ ਕਦਮ ਲਈ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ, ਰੇਲ ਮੰਤਰੀ ਸ਼੍ਰੀ ਅਸ਼ਵਨੀ ਵੈਸ਼ਨਵ, ਅਤੇ ਰੇਲਵੇ ਰਾਜ ਮੰਤਰੀ ਸ਼੍ਰੀ ਰਵਨੀਤ ਸਿੰਘ ਬਿੱਟੂ ਜੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਕੇਂਦਰ ਸਰਕਾਰ ਦੀ ਪੰਜਾਬ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਅੰਤ ਵਿੱਚ, ਕੇਂਦਰੀ ਰਾਜ ਮੰਤਰੀ ਸ਼੍ਰੀ ਬਿੱਟੂ ਨੇ ਉਮੀਦ ਜਤਾਈ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵਿਕਾਸ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ ਅਤੇ ਉਨ੍ਹਾਂ ਰਾਜ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਖੇਤਰੀ ਵਿਕਾਸ ਲਈ ਕੇਂਦਰ ਸਰਕਾਰ ਨਾਲ ਸਹਿਯੋਗ ਕਰੇ।

ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਪਟਿਆਲਾ (ਸ਼ਹਿਰੀ) ਵਿਜੈ ਕੁਮਾਰ ਕੂਕਾ, ਮਹਾਂਮੰਤਰੀ ਹਰਦੇਵ ਬੱਲੀ, ਅਤੁਲ ਜੋਸ਼ੀ, ਸਤਬੀਰ ਖਟੜਾ, ਯੁਵਾ ਮੋਰਚਾ ਪ੍ਰਧਾਨ ਨਿਖਿਲ ਕੁਮਾਰ ਕਾਕਾ, ਸੰਦੀਪ ਮਲੋਹੋਟਰਾ, ਮੰਡਲ ਪ੍ਰਧਾਨ ਹਰੀਸ਼ ਕਪੂਰ, ਮਹਾਂਮੰਤਰੀ ਵਰਿੰਦਰ ਗੁਪਤਾ, ਮੰਡਲ ਪ੍ਰਧਾਨ ਗੁਰਭਜਨ ਸਿੰਘ, ਨਕੁਲ ਸੋਫਤ, ਮੰਡਲ ਪ੍ਰਧਾਨ ਆਰ ਕੇ ਸਿੰਧੀ, ਦਵਿੰਦਰ ਲਾਲੀ ਅਤੇ ਸਮੁੱਚੀ ਪਟਿਆਲਾ ਭਾਜਪਾ ਦੀ ਟੀਮ ਹਾਜ਼ਰ ਰਹੀ।

# ਬੁੱਲੇਵਾਲ ਦਾ 10ਵਾਂ ਸਲਾਨਾ ਛਿੰਝ ਮੇਲਾ ਹੋਵੇਗਾ 16 ਨਵੰਬਰ ਨੂੰ

**ਮਾਛੀਵਾੜਾ ਸਾਹਿਬ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਨਜ਼ਦੀਕੀ ਪਿੰਡ ਬੁੱਲੇਵਾਲ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਕਮੇਟੀ ਵੱਲੋਂ ਪਿੰਡ ਵਾਸੀ, ਐਨ.ਆਰ.ਆਈ. ਵੀਰਾਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸਲਾਨਾ ਦਸਵਾਂ ਛਿੰਝ ਮੇਲਾ 16 ਨਵੰਬਰ ਨੂੰ ਕਰਵਾਇਆ ਜਾ ਰਿਹਾ ਹੈ। ਉੱਘੇ ਖੇਡ ਪ੍ਰਮੋਟਰ ਹਰਵਿੰਦਰ ਸਿੰਘ ਬੁੱਲੇਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 16 ਨਵੰਬਰ ਨੂੰ ਸਲਾਨਾ ਦੰਗਲ ਮੇਲਾ ਕਰਵਾਇਆ ਜਾ ਰਿਹਾ ਜਿਸ ਵਿੱਚ , ਪਿੰਡ ਵਾਸੀ ,ਨਗਰ ਪੰਚਾਇਤ, ਐਨ.ਆਰ.ਆਈ. ਵੀਰਾਂ ਅਤੇ ਇਲਾਕਾ ਨਿਵਾਸੀਆਂ ਦਾ ਵੱਡਾ ਸਹਿਯੋਗ ਹੈ। ਉਹਨਾਂ ਦੱਸਿਆ ਕਿ ਇਸ ਕੁਸ਼ਤੀ ਦੰਗਲ ਮੇਲੇ ਵਿੱਚ ਪਿਓਰ ਸੱਦਾ ਪੱਤਰ ਵਾਲੇ ਪਹਿਲਵਾਨਾਂ ਦੀਆਂ ਕੁਸ਼ਤੀਆਂ ਹੀ ਕਰਵਾਈਆਂ ਜਾਣਗੀਆਂ। ਬਿਨ੍ਹਾਂ ਬੁਲਾਏ ਕਿਸੇ ਵੀ ਪਹਿਲਵਾਨ ਦੀ ਕੁਸ਼ਤੀ ਨਹੀਂ ਹੋਵੇਗੀ। ਕੁਸ਼ਤੀਆਂ ਦੁਪਹਿਰ ਠੀਕ 2 ਵਜੇ ਸ਼ੁਰੂ ਹੋ ਜਾਣਗੀਆਂ ਅਤੇ ਝੰਡੀ ਵਾਲੀ ਵੱਡੀ ਕੁਸ਼ਤੀ ਕਰੀਬ ਪੰਜ ਵਜੇ ਸ਼ੁਰੂ ਕਰਵਾ ਦਿੱਤੀ ਜਾਵੇਗੀ।

ਇਸ ਦੰਗਲ ਮੇਲੇ ਦਾ ਸਿੱਧਾ ਪ੍ਰਸਾਰਨ ਪ੍ਰਸਿੱਧ ਚੈਨਲ ਪਿਓਰ ਪੰਜਾਬੀ ਤੇ ਕਰਵਾਇਆ ਜਾਵੇਗਾ। ਪਹਿਲਵਾਨਾਂ ਨੂੰ ਨਗਦੀ ਦੇ ਰੂਪ ਵਿੱਚ ਵੱਡੇ ਇਨਾਮਾਂ ਨਾਲ ਨਿਵਾਜਿਆ ਜਾਵੇਗਾ। ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ ਅਤੇ ਪ੍ਰਬੰਧਕ ਕਮੇਟੀ ਵੱਲੋਂ ਖੇਡ ਪ੍ਰੇਮੀ, ਦਰਸ਼ਕ ਵੀਰਾਂ ਨੂੰ ਇਸ ਦੰਗਲ ਮੇਲੇ ਵਿੱਚ ਪੁੱਜਣ ਲਈ ਹਾਰਦਿਕ ਸੱਦਾ।

# ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਦੀ ਮਹੀਨਾਵਾਰ ਮੀਟਿੰਗ ਆਯੋਜਿਤ



**ਪਟਿਆਲਾ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਰਜਿ: ਹੈਡ ਆਫਿਸ ਯੂਨਿਟ ਪਟਿਆਲਾ ਦੀ ਮਹੀਨਾਵਾਰ ਮੀਟਿੰਗ ਅਣਖੀ ਭਵਨ ਪਟਿਆਲਾ ਵਿਖੇ ਭਿੰਦਰ ਸਿੰਘ ਚਹਿਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਵੱਖ—ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਦੀ ਪਾਵਰਕਾਮ ਦੀਆਂ ਸੈਕੜੇ ਏਕੜ ਕਰੋੜਾਂ ਦੀਆਂ ਜਾਇਦਾਦਾਂ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਦੀ ਜ਼ੋਰਦਾਰ ਨਿਖੇਧੀ ਕੀਤੀ ਅਤੇ ਕੇਂਦਰੀ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਬਿਜਲੀ ਬਿੱਲ 2025 ਤੁਰੰਤ ਵਾਪਸ ਲਿਆ ਜਾਵੇ ਨਹੀਂ ਤਾਂ ਪਾਵਰਕਾਮ ਦੇ ਪੈਨਸ਼ਨਰ ਪੰਜਾਬ ਦੇ ਸਮੁੱਚੇ ਕਿਸਾਨਾਂ, ਮਜਦੂਰਾਂ, ਮੁਲਾਜਮਾਂ ਨੂੰ ਨਾਲ ਲੈ ਕੇ ਜ਼ੋਰਦਾਰ ਸੰਘਰਸ਼ ਵਿੱਢਣਗੇ। ਜਿਸ ਦੀ ਸਾਰੀ ਜਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ। ਪੰਜਾਬ ਸਰਕਾਰ ਵੱਲੋਂ ਪ੍ਰਾਈਵੇਟ ਸੰਸਥਾ ਵੱਲ ਵੱਧਣ ਲਈ ਹੀ ਪਿੱਛੇ ਜਿਹੇ ਥਰਮਲਾਂ ਦਾ ਬਹਾਨਾ ਬਣਾ ਕੇ ਪਾਵਰਕਾਮ ਦੇ ਡਾਇਰੈਕਟਰ ਜਨਰੇਸ਼ਨ ਦੀਆਂ ਸੇਵਾਵਾਂ ਖਤਮ ਕਰਨ ਅਤੇ ਮੁੱਖ ਇੰਜੀਨੀਅਰ ਨੂੰ ਮੁਅੱਤਲ ਕੀਤਾ ਗਿਆ ਜੋ ਕਿ ਇੱਕ ਪਬਲਿਕ ਅਦਾਰਿਆਂ ਨੂੰ ਦਬਾਉਣ ਦੀ ਕੋਝੀ ਸਾਜਿਸ਼ ਦੀ ਵੀ ਨਿਖੇਧੀ ਕੀਤੀ ਗਈ। ਪੰਜਾਬ ਦੇ ਸਮੁੱਚੇ ਮੁਲਾਜਮਾਂ ਅਤੇ ਪੈਨਸ਼ਰਾਂ ਵੱਲੋਂ 16—11—2025 ਨੂੰ ਧੂਰੀ ਮੁੱਖ ਮੰਤਰੀ ਦੇ ਹਲਕੇ ਵਿਖੇ ਕੀਤੇ ਜਾ ਰਹੇ ਮੁਜਾਹਰੇ ਵਿੱਚ ਪਾਵਰਕਾਮ ਦੇ ਪੈਨਸ਼ਨਰਜ਼ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ। ਇਸ ਮੌਕੇ ਪਾਵਰਕਾਮ ਦੀ ਮੈਨੇਜਮੈਂਟ ਨੂੰ ਮੰਗ ਕੀਤੀ ਗਈ ਕਿ ਪੈਨਸ਼ਨਰਾਂ ਦੇ 1—1—2016 ਤੋਂ ਪਹਿਲਾਂ ਦੀ ਪੈਨਸ਼ਨ 2.59 ਨਾਲ ਸੋਧੀ ਜਾਵੇ, ਡੀ.ਏ. ਦੀਆਂ ਕਿਸ਼ਤਾਂ ਜੋ ਕਿ ਕੇਂਦਰ ਸਰਕਾਰ ਤੋਂ 16 ਪ੍ਰਤੀਸ਼ਤ ਘੱਟ ਦਿੱਤੀਆਂ ਜਾ ਰਹੀਆਂ ਹਨ ਵੀ ਤੁਰੰਤ ਦਿੱਤੀਆਂ ਜਾਣ, ਕੈਸ਼ ਲੈਸ ਸਕੀਮ ਦੁਬਾਰਾ ਜਾਰੀ ਕੀਤੀ ਜਾਵੇ ਅਤੇ ਰਹਿੰਦੇ ਬਕਾਏ ਜਲਦੀ ਜਾਰੀ ਕੀਤੇ ਜਾਣ ਆਦਿ ਮੰਗਾਂ ਨੂੰ ਲੈ ਕੇ ਮੀਟਿੰਗ ਹੋਈ। ਇਸ ਮੌਕੇ ਇੰਜੀ: ਸੰਤੋਖ ਸਿੰਘ ਬੋਪਾਰਾਏ ਸੂਬਾ ਸਲਾਹਕਾਰ, ਹਰਸ਼ਰਨਜੀਤ ਕੌਰ, ਭਿੰਦਰ ਸਿੰਘ ਚਹਿਲ, ਹਰਜੀਤ ਸਿੰਘ, ਜਗਤਾਰ ਸਿੰਘ, ਹਰਬੰਸ ਸਿੰਘ ਟਿਵਾਣਾ, ਮਨਮੋਹਨ ਸਿੰਘ, ਅਮਰਜੀਤ ਸਿੰਘ, ਗੌਰੀ ਸ਼ੰਕਰ, ਅਮਰਜੀਤ ਸਿੰਘ ਵਾਲੀਆ ਰਿਟ: ਮੁੱਖ ਇੰਜੀਨੀਅਰ, ਅਮਰੀਕ ਸਿੰਘ, ਸਵਰਨ ਸਿੰਘ, ਦੀਵਾਨ ਸਿੰਘ, ਭਾਨ ਸਿੰਘ, ਬਲਬੀਰ ਸਿੰਘ, ਗੁਰਚਰਨ ਸਿੰਘ, ਆਦਿ ਨੇ ਸੰਬੋਧਨ ਕੀਤਾ।

# ਤਰਨਤਾਰਨ ਉਪ ਚੋਣ ਵਿਚ ਬੰਨੀ ਕੰਗ ਦੀ ਅਗਵਾਈ ਵਿਚ ਖਰੜ ਹਲਕੇ ਦੀ ਟੀਮ ਨੇ ਕੀਤਾ ਚੋਣ ਪ੍ਰਚਾਰ



**ਖਰੜ, 11 ਨਵੰਬਰ/ ਸੁਰਿੰਦਰ**
**-ਕੌਮੀ ਪੱਤ੍ਰਿਕਾ ਬਿਊਰੋ-**

ਤਰਨਤਾਰਨ ਉਪ ਚੋਣ ਵਿਚ ਵਿਧਾਨ ਸਭਾ ਹਲਕਾ ਖਰੜ ਤੋਂ ਪੰਜਾਬ ਇਨਫੋਟੈਕ ਦੇ ਸਾਬਕਾ ਚੇਅਰਮੈਨ ਯਾਦਵਿੰਦਰਾ ਸਿੰਘ ਬੰਨੀ ਕੰਗ ਦੀ ਅਗਵਾਈ ਵਿਚ ਉਨ੍ਹਾਂ ਦੇ ਸਮਰੱਥਕਾਂ ਵਲੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਦੇ ਹੱਕ ਵਿਚ ਘਰ ਘਰ ਜਾ ਕੇ ਚੋਣ ਪ੍ਰਚਾਰ ਕੀਤਾ। ਉਨ੍ਹਾਂ ਕਿਹਾ ਕਿ ਤਰਨਤਾਰਨ ਉਪ ਚੋਣ ਵਿਚ ਕਾਂਗਰਸ ਪਾਰਟੀ ਦੇ ਉਮੀਦਵਾਰ ਦੇ ਹੱਕ ਵਿਚ ਉਥੋ ਦੇ ਵੋਟਰਾਂ ਨੇ ਜਿਤਾਉਣ ਲਈ ਮਨ ਬਣਾ ਲਿਆ ਹੈ, ਇਹੀ ਕਾਰਨ ਹੈ ਕਿ ਅੱਜ ਹਲਕੇ ਵਿਚ ਕਾਂਗਰਸ ਪਾਰਟੀ ਦੇ ਹੱਕ ਵਿਚ ਕੀਤੀਆਂ ਜਾ ਰਹੀਆਂ ਮੀਟਿੰਗਾਂ ਚੋਣ ਰੈਲੀਆਂ ਦਾ ਰੂਪ ਧਾਰਨ ਕਰ ਚੁੱਕੀਆਂ ਹਨ ਅਤੇ ਚੋਣ ਰੈਲੀਆਂ ਨੇ ਕਾਂਗਰਸ ਪਾਰਟੀ ਨੂੰ ਵੱਡਾ ਹੁੰਗਾਰਾ ਦਿੱਤਾ ਹੈ। ਇਨ੍ਹਾਂ ਚੋਣ ਮੀਟਿੰਗਾਂ ਅਤੇ ਰੈਲੀਆਂ ਵਿਚ ਲੋਕ ਆਪ ਮੁਹਾਰੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਵਲੋਂ ਵਿਧਾਨ ਸਭਾ ਹਲਕਾ ਖਰੜ ਤੋਂ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਤਰਨਤਾਰਨ ਹਲਕੇ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿਚ ਚੋਣ ਮੀਟਿੰਗਾਂ ਕੀਤੀਆਂ ਗਈਆਂ ਅਤੇ ਹਲਕੇ ਦੇ ਵੋਟਰਾਂ ਵਿਚ ਪਾਰਟੀ ਦੇ ਉਮੀਦਵਾਰ ਵਿਚ ਵੱਡਾ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਚੋਣ ਮੀਟਿੰਗਾਂ ਦੌਰਾਨ ਦੇਸ਼ ਵਿਚ ਕਾਂਗਰਸ ਸਰਕਾਰ ਅਤੇ ਪੰਜਾਬ ਵਿਚ ਕਾਂਗਰਸ ਸਮੇਂ ਪੰਜਾਬ ਲਈ ਕੀਤੇ ਕੰਮਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਗਿਆਨ ਸਿੰਘ ਘੰਡੋਲੀ, ਨਰਿੰਦਰ ਸਿੰਘ ਢਕੋਰਾਂ,ਸ ਰਬਜੀਤ ਸਿੰਘ ਟੋਡਰਮਾਜਰਾ, ਰਣਜੀਤ ਸਿੰਘ ਖੱਦਰੀ,ਰੋਹਿਤ ਤੀੜਾ, ਅਵਤਾਰ ਸਿੰਘ ਤਾਰੀ ਸਮੇਤ ਹੋਰ ਖਰੜ ਹਲਕੇ ਦੇ ਆਗੂ ਹਾਜ਼ਰ ਸਨ।

# ਚੌਥਾ ਦਰਜਾ ਕਰਮਚਾਰੀ ਯੂਨੀਅਨ ਵੱਲੋਂ ਚਿਤਾਵਨੀ ਰੈਲੀ 13 ਨੂੰ




**ਪਟਿਆਲਾ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ 1680 ਵਲੋਂ ਇੱਕ ਭਰਵੀਂ ਮੀਟਿੰਗ ਸਾਥੀ ਜਗਮੋਹਨ ਨੋਲੱਖਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਵਿਚਲੇ ਚੌਥਾ ਦਰਜਾ ਮੁਲਾਜਮਾਂ ਦੀਆਂ ਮੰਗਾਂ ਸਮੇਤ ਮਾਨਯੋਗ ਸੁਪਰੀਮ ਕੋਰਟ ਦਾ ਫੈਸਲਾ ਸਮੁੱਚੇ ਕੱਚੇ ਮੁਲਾਜਮਾਂ ਨੂੰ ਵਿਭਾਗ ਵਿੱਚ ਖਪਾਕੇ ਸੇਵਾਵਾਂ ਰੈਗੂਲਰ ਕਰਨ ਦਾ ਨੋਟੀਫਿਕੇਸ਼ਨ ਪੰਜਾਬ ਸਰਕਾਰ ਵੱਲੋਂ ਤਿੰਨ ਮਹੀਨੇ ਹੋਣ ਉਪਰੰਤ ਜਾਰੀ ਨਾ ਕਰਨ ਦੇ ਰੋਸ ਵਜੋਂ ਇਕ ਚਿਤਾਵਨੀ ਰੈਲੀ ਮਿਤੀ 13 ਨਵੰਬਰ ਨੂੰ ਜਿਲਾ ਪ੍ਰਬੰਧਕੀ ਕੰਪਲੈਕਸ ਤੇ ਜਿਲਾ ਜੰਗਲਾਤ ਦਫਤਰ ਵਿਖੇ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਸਿੱਖਿਆ ਵਿਭਾਗ (ਸਕੂਲਜ਼) ਵਿਚਲਿਆਂ ਮਿਡ—ਡੇ—ਮੀਲ ਕਰਮੀਆਂ ਨੂੰ ਘੱਟੋ—ਘੱਟ ਉਜਰਤਾਂ ਦੇ ਘੇਰੇ ਵਿੱਚ ਲਿਆਉਣ ਤੇ ਸਫਾਈ ਸੇਵਕ 3000 ਰੁਪਏ ਤੇ ਚੌਂਕੀਦਾਰ ਨੂੰ 5000 ਰੁਪਏ ਤੇ ਰੱਖਣ ਦੀ ਪੰਜਾਬ ਸਰਕਾਰ ਦੀ ਨਿੰਦਾ ਕੀਤੀ ਗਈ। ਮੀਟਿੰਗ ਵਿੱਚ ਜੰਗਲਾਤ, ਪਸ਼ੂ ਪਾਲਣ, ਨਗਰ ਨਿਗਮ, ਨਗਰ ਕੌਂਸਲ, ਨਗਰ ਪ੍ਰੀਸ਼ਦਾਂ ਵਿਚਲੇ ਸਫਾਈ ਕਰਮੀਆਂ, ਸੀਵਰਮੈਨਾਂ ਨੂੰ ਤੇ ਸਾਰੇ ਵਿਭਾਗ ਦੇ ਕਰਮੀਆਂ ਨੂੰ ਬਰਾਬਰ ਕੰਮ ਤੇ ਬਰਾਬਰ ਤਨਖਾਹ ਦੇ ਘੇਰੇ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਦੀ ਰੋਸ਼ਨੀ ਵਿੱਚ ਲਿਆਉਣ ਦੀ ਮੰਗ ਕੀਤੀ ਗਈ। ਠੇਕੇਦਾਰੀ ਪ੍ਰਥਾ ਦਾ ਮੁਕੰਮਲ ਖਾਤਮਾ ਕਰਨ ਤੇ ਲੋਕ ਨਿਰਮਾਣ ਵਿਭਾਗ ਦੇ ਬਿਜਲੀ ਵਿੰਗ ਤੇ ਸੀਵਲ ਵਿੰਗ ਵਿਚਲੇ ਆਊਟ ਸੋਰਸ ਕਾਮਿਆਂ ਨੂੰ ਪੈਸਕੋ ਦੇ ਘੇਰੇ ਵਿਚੋਂ ਕੱਢਕੇ ਵਿਭਾਗ ਵਿੱਚ ਖਪਾਉਣ ਦੀ ਮੰਗ ਕੀਤੀ ਗਈ। ਇਹ ਵੀ ਮੰਗ ਕੀਤੀ ਕਿ ਸਿਹਤ ਵਿਭਾਗ ਸਮੇਤ ਸਾਰੇ ਸਰਕਾਰੀ 43 ਵਿਭਾਗਾਂ ਵਿਚੋਂ ਠੇਕੇਦਾਰੀ ਪ੍ਰਥਾ ਦਾ ਖਾਤਮਾ ਕਰਕੇ ਕਰਮੀਆਂ ਨੂੰ ਵਿਭਾਗਾਂ ਵਿੱਚ ਮਰਜ ਕੀਤਾ ਜਾਵੇ ਤੇ ਸਿੱਖਿਆ ਵਿਭਾਗ ਸਕੂਲ ਦੇ ਪਾਰਟ ਟਾਇਮ, ਸਿੱਖਿਆ ਵਿਭਾਗ ਕਾਲਜਾਂ ਦੇ ਫੰਡਾਂ ਰਾਹੀਂ ਨਿਯੁਕਤ ਹੋਏ 20—25 ਸਾਲਾਂ ਤੋਂ ਕੰਮ ਕਰ ਰਹੇ ਕਰਮੀਆਂ ਨੂੰ ਕਾਲਜਾਂ ਵਿੱਚ ਖਪਾਉਣ ਦੀ ਮੰਗ ਕੀਤੀ ਗਈ।

ਮੀਟਿੰਗ ਨੇ ਸਮੂਹ ਵਿਭਾਗਾਂ ਵਿਚਲੇ ਕੱਚੇ ਕਾਮਿਆਂ ਨੂੰ ਅਪੀਲ ਕੀਤੀ ਕਿ ਉਹ ਮਿਤੀ 13 ਨਵੰਬਰ ਨੂੰ ਰੈਲੀ ਵਿੱਚ ਬਾਅਦ ਦੁਪਹਿਰ 2:00 ਵਜੇ ਡਿਪਟੀ ਕਮਿਸ਼ਨਰ ਦਫਤਰ ਪਟਿਆਲਾ ਦਫਤਰ ਵਿਖੇ ਪਹੁੰਚਣ। ਮੀਟਿੰਗ ਵਿੱਚ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਰਾਮ ਪ੍ਰਸਾਦ ਸਹੋਤਾ, ਗੌਤਮ ਭਾਰਦਵਾਜ, ਸੂਰਜ ਯਾਦਵ, ਰਾਮ ਲਾਲ ਰਾਮਾ, ਰਾਜੇਸ਼ ਗੋਲੂ, ਸ਼ਿਵ ਚਰਨ, ਇੰਦਰਪਾਲ ਵਾਲਿਆ, ਲਖਵੀਰ ਸਿੰਘ, ਨਿਸ਼ਾ ਰਾਣੀ, ਮੋਦ ਨਾਥ ਸ਼ਰਮਾ, ਉਂਕਾਰ ਸਿੰਘ, ਰਾਜ ਕੁਮਾਰ ਰਾਜੂ, ਹੰਸ ਰਾਜ, ਦਰਸ਼ਨ ਸਿੰਘ ਜ਼ੋੜੇ ਮਾਜਰਾ, ਧਰਮਿੰਦਰ, ਪਰਮਜੀਤ ਸਿੰਘ, ਸਤਿਨਰਾਇਣ ਗੋਨੀ, ਹਰਬੰਸ ਵਰਮਾ, ਸੁਖਵਿੰਦਰ ਸਿੰਘ, ਹਰਜਿੰਦਰ ਸਿੰਘ, ਗੁਰਿੰਦਰ ਗੁਰੀ, ਸੁਨੀਤਾ ਰਾਣੀ ਆਦਿ ਹਾਜਰ ਸਨ।

# ਟੈਕਨੋਲੋਜੀ ਦੇ ਗਿਆਨ ਨੇ ਜਗਾਈ ਗੋਧਨ ਦੇ ਪਿਆਰ ਦੀ ਪੰਚ ਲਾਈਟ ਹਾਸ ਰਸ ਨਾਟਕ ਪੰਚ ਲਾਈਟ ਦੇਖ ਕੇ ਦਰਸ਼ਕ ਹੋਏ ਲੋਟਪੋਟ



**ਪਟਿਆਲਾ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰੀ ਖੇਤਰ ਸੱਭਿਆਚਾਰ ਕੇਂਦਰ (ਸਭਿਆਚਾਰਕ ਮੰਤਰਾਲਾ, ਭਾਰਤ ਸਰਕਾਰ) ਪਟਿਆਲਾ ਵੱਲੋਂ ਕੇਂਦਰ ਦੇ ਨਿਰਦੇਸ਼ਕ ਜਨਾਬ ਐਮ ਫੁਰਕਾਨ ਖਾਨ ਦੀ ਅਗਵਾਈ ਅਤੇ ਉਹਨਾਂ ਦੇ ਦਿਸ਼ਾ ਨਿਰਦੇਸ਼ ਵਿੱਚ ਹਰ ਮਹੀਨੇ ਦੇ ਦੂਜੇ ਸ਼ਨੀਵਾਰ ਨੂੰ ਆਯੋਜਿਤ ਕੀਤੀ ਜਾਂਦੀ ਪਟਿਆਲਾ ਨਾਟਕ ਲੜੀ ਦੇ ਤਹਿਤ ਇਸ ਵਾਰ ਕੁਰਕਸ਼ੇਤਰ ਦੇ ਨਿਊ ਉਥਾਨ ਥੀਏਟਰ ਗਰੁੱਪ ਦੇ ਕਲਾਕਾਰਾਂ ਨੇ ਪੰਚ ਲਾਈਟ ਨਾਟਕ ਦਾ ਸ਼ਾਨਦਾਰ ਮੰਚਨ ਕੀਤਾ। ਜਿਸ ਨੇ ਦਰਸ਼ਕਾਂ ਨੂੰ ਹਸਾ ਹਸਾ ਕੇ ਲੋਟਪੋਟ ਕਰ ਦਿੱਤਾ। ਕੁਰੂਕਸ਼ੇਤਰ ਦੇ ਨਿਊ ਉੱਥਾਨ ਥੀਏਟਰ ਗਰੁੱਪ ਦੇ ਕਲਾਕਾਰਾਂ ਦੁਆਰਾ ਆਪਣੀ ਬੇਹਤਰੀਨ ਅਦਾਕਾਰੀ ਅਤੇ ਵਿਕਾਸ ਸ਼ਰਮਾ ਦੇ ਨਿਰਦੇਸ਼ਨ ਵਿੱਚ ਫਨਿਸ਼ਵਰ ਨਾਥ ਰੇਣੂ ਦੀ ਬਹੁ ਚਰਚਿਤ ਕਹਾਣੀ ਪੰਚ ਲਾਈਟ ਬਿਹਾਰ ਦੇ ਇੱਕ ਪਿੰਡ ਦੇ ਭੋਲੇ ਭਾਲੇ ਲੋਕਾਂ ਦੇ ਆਲੇ ਦੁਆਲੇ ਘੁੰਮਦੀ ਹੈ। ਜਿੱਥੇ ਪਿੰਡ ਵਿੱਚ ਬਿਜਲੀ ਨਾ ਹੋਣ ਕਾਰਨ ਮਹਤੋ ਟੋਲੀ ਦੇ ਲੋਕ ਸਜ਼ਾ ਅਤੇ ਜ਼ੁਰਮਾਨਾ ਦੇ ਪੈਸੇ ਇਕੱਠੇ ਕਰਕੇ ਪੰਚ ਲਾਈਟ ਖਰੀਦ ਲੈਂਦੇ ਨੇ ਜਦੋਂ ਸ਼ਹਿਰ ਤੋਂ ਪੰਚ ਲਾਈਟ ਪਿੰਡ ਵਿੱਚ ਆਂਦੀ ਹੈ ਤਾਂ ਉਸ ਵੇਲੇ ਖੁਸ਼ੀਆਂ ਦਾ ਮਾਹੌਲ ਬਣ ਜਾਂਦਾ ਹੈ। ਪਰ ਬਾਅਦ ਵਿੱਚ ਪਤਾ ਚੱਲਦਾ ਕਿ ਪਿੰਡ ਦੇ ਕਿਸੇ ਵੀ ਵਿਅਕਤੀ ਨੂੰ ਪੰਚ ਲਾਈਟ ਜਗਾਉਣੀ ਨਹੀਂ ਆਉਂਦੀ। ਮਹਤੋ ਟੋਲੀ ਵਾਲੇ ਪੰਚ ਲਾਈਟਿੰਗ ਨਾ ਜਲਾਣ ਦੇ ਲਈ ਇੱਕ ਦੂਸਰੇ ਨੂੰ ਕਹਿੰਦੇ ਹਨ ਪਰੰਤੂ ਕੋਈ ਵੀ ਪੰਚ ਲਾਈਟ ਜਗਾਉਣ ਵਿੱਚ ਸਫਲ ਨਹੀਂ ਹੋ ਸਕਦਾ ।ਪਰ ਦੂਜੇ ਪਾਸੇ ਪਿੰਡ ਦਾ ਇੱਕ ਅਵਾਰਾ ਨੌਜਵਾਨ ਲੜਕਾ ਗੋਧਨ, ਜੋ ਕਿ ਪੜ੍ਹਿਆ ਲਿਖਿਆ ਹੈ ਅਤੇ ਟੈਕਨਾਲੋਜੀ ਦਾ ਗਿਆਨ ਹੈ ,ਅਤੇ ਉਸੇ ਨੂੰ ਹੀ ਪੰਚਲਾਈਟ ਜਗਾਉਣੀ ਆਉਂਦੀ ਹੈ ਗੋਧਨ ਪਿੰਡ ਦੀ ਹੀ ਇੱਕ ਲੜਕੀ ਮੁਨਰੀ ਦੇ ਨਾਲ ਪਿਆਰ ਕਰਦਾ ਹੈ। ਪਰ ਮੁਨਰੀ ਅਤੇ ਗੋਧਨ ਦਾ ਪਿਆਰ ਪਿੰਡ ਦੇ ਹੀ ਕੱਲੂ ਨਾਮਕ ਵਿਅਕਤੀ ਨੂੰ ਬਿਲਕੁੱਲ ਵੀ ਪਸੰਦ ਨਹੀਂ ਅਤੇ ਉਹ ਮੁਨਰੀ ਦੀ ਅੰਮਾਂ ਨੂੰ ਗੋਧਨ ਬਾਰੇ ਭੜਕਾ ਦਿੰਦਾ ਹੈ। ਮੁਨਰੀ ਦੀ ਅੰਮਾ ਪੰਚਾਇਤ ਬੁਲਾ ਲੈਂਦੀ ਹੈ। ਜਿਸ ਵਿੱਚ ਫੈਸਲਾ ਹੁੰਦਾ ਹੈ ਕਿ ਗੋਧਨ ਹੁੱਕਾ ਪਾਣੀ ਬੰਦ ਕਰ ਦਿੱਤਾ ਜਾਏ,ਤਾ ਪਿੰਡ ਤੋਂ ਬਾਹਰ ਕੱਢਿਆ ਜਾ ਸਕੇ ਇਸ ਪ੍ਰਕਾਰ ਗੋਧਨ ਅਤੇ ਮੁਨਰੀ ਦਾ ਮਿਲਣਾ ਜੁਲਣਾ ਬੰਦ ਹੋ ਜਾਂਦਾ ਹੈ।ਮੁਨਰੀ ਪੰਚ ਲਾਈਟ ਜਗਾਉਣ ਬਾਰੇ ਜਦੋਂ ਗੋਧਨ ਦਾ ਜ਼ਿਕਰ ਕਰਦੀ ਹੈ ਪਰ ਬਾਅਦ ਵਿੱਚ ਜਦੋਂ ਇੱਜਤ ਬਚਾਉਣ ਸਰਪੰਚ ਗੋਧਨ ਨੂੰ ਬੁਲਾ ਕੇ ਪੰਚਲਾਈਟ ਜਗਾਉਣ ਨੂੰ ਕਹਿੰਦਾ ਹੈ। ਪਰ ਗੋਧਨ ਸ਼ਰਤ ਰੱਖਦਾ ਹੈ ਕਿ ਜੇਕਰ ਮੁਨਰੀ ਦਾ ਵਿਆਹ ਉਸ ਨਾਲ ਕਰਵਾਇਆ ਜਾਵੇ ਤਾਂ ਉਹ ਪੰਚ ਲਾਈਟ ਜਗਾਏਗਾ ।ਪੰਚਾਇਤ ਉਸਦੀ ਗੱਲ ਮੰਨ ਲੈਂਦੀ ਹੈ ਅਤੇ ਗੋਧਨ ਦਾ ਮੁਨਰੀ ਨਾਲ ਵਿਆਹ ਕਰਵਾਉਣ ਦਾ ਵਾਦਾ ਕਰਦੀ ਹੈ। ਉਸ ਵੇਲੇ ਗੋਧਨ ਪੰਚ ਲਾਈਟ ਜਗਾ ਦਿੰਦਾ ਹੈ।ਅਤੇ ਪੂਰੇ ਪਿੰਡ ਵਿੱਚ ਖੁਸ਼ੀ ਦਾ ਮਾਹੌਲ ਪੈਦਾ ਹੁੰਦਾ ।ਇਸ ਪ੍ਰਕਾਰ ਸੰਗੀਤ, ਨ੍ਰਿਤ ਅਤੇ ਐਕਟਿੰਗ ਦੇ ਮਾਧਿਅਮ ਨਾਲ ਹੱਸੀ ਹੱਸੀ ਦੇ ਫੁਆਰੇ ਛੱਡਦੇ ਹੋਏ ਨਾਟਕ ਦਾ ਖੁਸ਼ੀ ਖੁਸ਼ੀ ਸਮਾਪਨ ਹੁੰਦਾ ਹੈ।

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬਾਰਾਦਰੀ ਗਾਰਡਨ ਵਿਖੇ ਮਨਾਇਆ



**ਪਟਿਆਲਾ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਰਾਦਰੀ ਗਾਰਡਨਜ਼ ਦੇ 24 ਸੈਰ ਪ੍ਰੇਮੀ ਗਰੁੱਪਾਂ ਵੱਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਮੂਹ ਸੰਗਤਾਂ ਨੇ ਅੰਮ੍ਰਿਤ ਵੇਲੇ ਜਪੁਜੀ ਸਾਹਿਬ ਦਾ ਪਾਠ ਅਤੇ ਕੀਰਤਨ ਕੀਤਾ ਗਿਆ। ਸਮੂਹਿਕ ਸੰਗਤ ਵਲੋਂ ਅਰਦਾਸ ਵਿਸ਼ਵ ਸੁੱਖ ਸ਼ਾਂਤੀ ਲਈ ਕੀਤੀ ਗਈ। ਸ੍ਰੀ ਗੁਰੂ ਨਾਨਕ ਦੇਵ ਜੀ, ਭਾਈ ਮਰਦਾਨਾ ਜੀ ਅਤੇ ਭਾਈ ਬਾਲਾ ਜੀ ਨੂੰ ਯਾਦ ਕੀਤਾ ਗਿਆ।

ਉਪਰੰਤ ਜਥੇਦਾਰ ਇੰਦਰ ਮੋਹਨ ਸਿੰਘ ਬਜਾਜ ਅਤੇ ਜ਼ਸਵੰਤ ਸਿੰਘ ਕੌਲੀ ਦੀ ਅਗਵਾਈ ਵਿੱਚ ਕੱਢੀ ਗਈ ਪ੍ਰਭਾਤ ਫੇਰੀ ਬਾਰਾਦਰੀ ਵਿਚੋਂ ਲੰਘਦੀ ਹੋਈ ਵੱਡੇ ਮੇਨ ਗੇਟ ਪਾਸ ਤੱਕ ਕੀਤੀ ਗਈ। ਇੱਥੇ ਸੁਡਾਨਾ ਬਰਦਰਜ਼ ਅਤੇ ਉਹਨਾਂ ਦੇ ਸਹਿਯੋਗੀਆਂ ਵਲੋਂ ਸੰਗਤਾਂ ਲਈ ਲੰਗਰ ਪ੍ਰਸ਼ਾਦਾ ਵਰਤਾਇਆ ਗਿਆ।

# ਸਿਵਿਲ ਹਸਪਤਾਲ ਨਾਭਾ ਵਿਖੇ ਫਾਰਮੇਸੀ ਨਰਿੰਦਰ ਮੋਹਣ ਸ਼ਰਮਾ ਦੀ ਰਿਟਾਇਰਮੈਂਟ




**ਨਾਭਾ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਿਲ ਹਸਪਤਾਲ ਨਾਭਾ ਵਿਖੇ ਜਿੱਥੇ ਬਹੁਤ ਹੀ ਉਤਸਾਹ ਜਨਕ ਮਾਹੌਲ ਦੇਖਣ ਨੂੰ ਮਿਲਿਆ ਉੱਥੇ ਹੀ ਗਮਗੀਨ ਵੀ ਸੀ ਉਤਸ਼ਾਹ ਦਾ ਕਾਰਨ ਫਾਰਮੇਸੀ ਕੇਡਰ ਦੇ ਸੀਨੀਅਰ ਫਾਰਮੇਸੀ ਨਰਿੰਦਰ ਮੋਹਣ ਸ਼ਰਮਾ ਦੀ ਰਿਟਾਇਰਮੈਂਟ ਅਤੇ ਗਮਗੀਨ ਇਸ ਲਈ ਕਿ ਨਰਿੰਦਰ ਮੋਹਣ ਦੀ ਮੁਲਾਜ਼ਮਾ ਪ੍ਰਤੀ ਅਥਾਹ ਪਿਆਰ ਸਤਿਕਾਰ ਉਹਨਾਂ ਦੇ ਨਾਲ ਹਰ ਸੁੱਖ ਦੁੱਖ ਸ਼ਾਮਿਲ ਹੋਣਾ ਅਤੇ ਮਹਿਕਮੇ ਵਿੱਚ ਉਨਾਂ ਦੇ ਹਿੱਤਾਂ ਦੀ ਰਾਖੀ ਲਈ ਹਰ ਵਕਤ ਤਤਪਰ ਰਹਿਣਾ ਸੀ ਜੋ ਅੱਜ ਉਨਾਂ ਦੀ ਰਿਟਾਇਰਮੈਂਟ ਤੋਂ ਬਾਅਦ ਪ੍ਰਭਾਵਿਤ ਹੋਣਾ ਹੈ ਜਿਕਰਯੋਗ ਹੈ ਕਿ ਸਾਥੀ ਨਰਿੰਦਰ ਮੋਹਣ ਸ਼ਰਮਾ ਪੰਜਾਬ ਸਟੇਟ ਫਾਰਮੇਸੀ ਆਫੀਸਰ ਐਸੋਸੀਏਸ਼ਨ ਦੇ ਮੌਜੂਦਾ ਸਟੇਟ ਪ੍ਰਧਾਨ ਹਨ ਜਿੱਥੇ ਉਹਨਾਂ ਨੇ ਫਾਰਮੇਸੀ ਆਫੀਸਰਜ ਦੀਆਂ ਬਹੁਤ ਸਾਰੀਆਂ ਮੰਗਾਂ ਨੂੰ ਸਰਕਾਰ ਵੱਲੋਂ ਪ੍ਰਵਾਨ ਕਰਵਾਇਆ ਉੱਥੇ ਹੀ ਉਹਨਾਂ ਨੇ ਪੈਰਾਮੈਡੀਕਲ ਕਰਮਚਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਵੀ ਅਣਥੱਕ ਘਾਲਨਾਵਾਂ ਘਾਲੀਆਂ ਅੱਜ ਉਨਾਂ ਦਾ ਵਿਦਾਇਗੀ ਸਨਮਾਨ ਸਮਾਰੋਹ ਸਿਵਲ ਹਸਪਤਾਲ ਨਾਭਾ ਵਿਖੇ ਬਹੁਤ ਹੀ ਸਾਦੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸੰਪੰਨ ਹੋਇਆ । ਇਸ ਸਮੇਂ ਡਾਕਟਰ ਵੀਨੂ ਗੋਇਲ ਸੀਨੀਅਰ ਮੈਡੀਕਲ ਅਫਸਰ, ਡਾਕਟਰ ਸੰਜੇ ਗੋਇਲ ਸਿਵਲ ਸਰਜਨ ਮਲੇਰਕੋਟਲਾ ,ਸਮੁੱਚੇ ਹਸਪਤਾਲ ਦੇ ਮੁਲਾਜ਼ਮਾਂ ਅਤੇ ਆਫੀਸਰਜ ਤੋਂ ਇਲਾਵਾ ਜਿਲਾ ਜਥੇਬੰਦੀ ਦੇ ਆਗੂ ਜ਼ਿਲਾ ਪ੍ਰਧਾਨ ਜਸਵੰਤ ਸਿੰਘ ਸਮਰਾ ਸੀਨੀਅਰ ਮੀਤ ਪ੍ਰਧਾਨ ਹਰਿੰਦਰ ਸਿੰਘ ਚਹਿਲ ਜਿਲਾ ਵਿੱਤ ਸਕੱਤਰ ਜਸਵਿੰਦਰ ਪਾਲ ਸਿੰਘ ਜਿਲਾ ਕਮੇਟੀ ਮੈਂਬਰ ਸੁਰਭੀ ਅਗਰਵਾਲ ਨੇ ਉਨ੍ਹਾਂ ਦੇ ਜੱਥੇਬੰਦਕ ਅਤੇ ਸਰਵਿਸ ਕੈਰੀਅਰ ਸਬੰਧੀ ਚਾਨਣ ਪਾਇਆ। ਇਸ ਬਾਰੇ ਜਾਣਕਾਰੀ ਦਿੰਦਿਆਂ ਪੈਰਾਮੈਡੀਕਲ ਤੇ ਸਿਹਤ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਵਿਕਾਸ ਮਿੱਤਲ ,ਫਾਰਮੇਸੀ ਆਫੀਸਰਜ ਐਸੋਸੀਏਸ਼ਨ ਨਾਭਾ ਦੇ ਪ੍ਰਧਾਨ ਮਿਸ ਸਿਮਰਨ ਸਿੰਗਲਾ ਅਤੇ ਡਾਕਟਰ ਰੀਚਾ ਗੋਇਲ ਨੇ ਦੱਸਿਆ ਕਿ ਅਸੀਂ ਭਵਿੱਖ ਵਿੱਚ ਮੁਲਾਜ਼ਮਾਂ ਦੇ ਮਸਲਿਆਂ ਦੀਆਂ ਮੰਗਾਂ ਅਤੇ ਮਸਲਿਆਂ ਸਬੰਧੀ ਹਮੇਸ਼ਾ ਦਿਸ਼ਾ ਨਿਰਦੇਸ਼ ਲੈਂਦੇ ਰਹਾਂਗੇ ਅਤੇ ਉਮੀਦ ਕਰਦੇ ਹਾਂ ਕਿ ਉਹ ਸੇਵਾ ਮੁਕਤੀ ਉਪਰੰਤ ਸਾਨੂੰ ਹਰ ਮੁਸ਼ਕਿਲ ਸਮੇਂ ਸਾਥ ਦਿੰਦੇ ਰਹਿਣਗੇ ਅਤੇ ਗਾਈਡ ਕਰਦੇ ਰਹਿਣਗੇ । ਸਮੁੱਚੇ ਬੁਲਾਰਿਆਂ ਵੱਲੋਂ ਨਰਿੰਦਰ ਮੋਹਣ ਸ਼ਰਮਾ ਸੀਨੀਅਰ ਫਾਰਮੇਸੀ ਅਫਸਰ ਅਤੇ ਉਨ੍ਹਾਂ ਦੀ ਹਮਸਫਰ ਸ੍ਰੀ ਮਤੀ ਜੁਗੇਸ਼ ਕੌਸ਼ਲ ਮ ਪ ਹ ਸੁਪਰਵਾਈਜ਼ਰ ਨੂੰ ਇੱਕੋ ਦਿਨ ਰਿਟਾਇਰਮੈਂਟ ਹੋਣ ਦਾ ਰਿਕਾਰਡ ਕਾਇਮ ਕਰਨ ਦੀਆਂ ਵਿਸ਼ੇਸ਼ ਤੌਰ ਤੇ ਵਧਾਈਆਂ ਦਿੱਤੀਆਂ ਗਈਆਂ। ਅਖੀਰ ਨਰਿੰਦਰ ਮੋਹਣ ਸ਼ਰਮਾ ਸੂਬਾ ਪ੍ਰਧਾਨ ਪੰਜਾਬ ਰਾਜ ਫਾਰਮੇਸੀ ਅਫਸਰ ਐਸੋਸੀਏਸ਼ਨ ਨੇ ਸਨਮਾਨ ਸਮਾਰੋਹ ਵਿੱਚ ਪਹੁੰਚੇ ਐਸ ਐਮ ਓ ਡਾਕਟਰ ਵੀਨੂ ਗੋਇਲ,ਵਿਸ਼ੇਸ਼ ਤੌਰ ਤੇ ਪਹੁੰਚੇ ਡਾਕਟਰ ਸੰਜੇ ਗੋਇਲ ਸਿਵਲ ਸਰਜਨ ਮਲੇਰਕੋਟਲਾ,ਸ਼ਾਮ ਲਾਲ ਸ਼ਰਮਾ ਸਾਬਕਾ ਸੂਬਾ ਪ੍ਰਧਾਨ, ਨਰਿੰਦਰ ਮਲਹੋਤਰਾ, ਮਹੇਸ਼ ਕੁਮਾਰ,ਸੁਸ਼ਮਾ ਕੁਮਾਰੀ ਸੁਪਰਡੈਂਟ, ਡਾਕਟਰ ਵਿਕਰਮਜੀਤ ਸਿੰਘ, ਮੁਹੰਮਦ ਸਾਹਿਲ, ਰਾਜ ਰਾਣੀ ਈ ਐੱਸ ਆਈ ਡਿਸਪੈਂਸਰੀ,ਹਰਪ੍ਰੀਤ ਸਿੰਘ ਐਂਟੀ ਲਾਰਵਾ ਅਤੇ ਸਮੂਹ ਜ਼ਿਲਾ ਫਾਰਮੇਸੀ ਆਫਿਸਰ ਐਸੋਸੀਏਸ਼ਨ ਦੇ ਅਹੁਦੇਦਾਰਾਂ ,ਸਮੂਹ ਜਥੇਬੰਦੀਆਂ ਦੇ ਅਹੁਦੇਦਾਰਾਂ, ਆਫਿਸਰਜ ਸਾਹਿਬਾਨ ਅਤੇ ਸਮੁੱਚੀਆਂ ਕੈਟਾਗਰੀਆਂ ਦੇ ਸਮੂਹ ਸਟਾਫ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਹਮੇਸ਼ਾ ਤੁਹਾਡੇ ਵੱਲੋਂ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਦਿੱਤੇ ਅਥਾਹ ਸਨਮਾਨ, ਸਤਿਕਾਰ,ਪਿਆਰ ਅਤੇ ਸਹਿਯੋਗ ਨੂੰ ਯਾਦ ਰੱਖਾਂਗਾ ਅਤੇ ਹਰ ਔਕੜ ਸਮੇਂ ਤੁਹਾਡੇ ਨਾਲ ਮੋਢੇ ਨਾਲ ਮੋਢਾ ਲਾ ਕੇ ਸਾਥ ਦੇਣ ਦਾ ਵਾਅਦਾ ਕਰਦਾ ਹਾਂ।

# ਪੰਜਾਬ ਨੂੰ ਕੈਂਸਰ, ਨਸ਼ਿਆਂ ਅਤੇ ਬਿਮਾਰੀਆਂ ਮੁਕਤ ਕਰਨ ਲਈ ਇਮਾਨਦਾਰੀ ਨਾਲ ਉਪਰਾਲੇ ਕਰਨੇ ਜ਼ਰੂਰੀ : ਪ੍ਰਮਿੰਦਰ ਕੌਰ ਮਨਚੰਦਾ



**ਪਟਿਆਲਾ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਂਸਰ, ਦਿਲ ਦੇ ਦੌਰੇ, ਕਾਰਡੀਅਕ ਅਰੈਸਟ, ਬੇਹੋਸ਼ੀ, ਨਸ਼ਿਆਂ, ਫਾਸਟ ਫੂਡ ਦੇ ਦੁਰਪ੍ਰਭਾਵਾਂ ਕਾਰਨ ਆਉਣ ਵਾਲੀਆਂ ਸ਼ਰੀਰਕ, ਮਾਨਸਿਕ, ਸਮਾਜਿਕ, ਆਰਥਿਕ, ਕਾਨੂੰਨੀ ਸਮਸਿਆਵਾਂ ਸਬੰਧੀ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਜਾਗਰੂਕ ਕਰਕੇ, ਪੰਜਾਬ ਨੂੰ ਸਿਹਤਮੰਦ, ਤਦੰਰੁਸਤ, ਸੁਰੱਖਿਅਤ, ਖੁਸ਼ਹਾਲ ਬਣਾਉਣ ਲਈ, ਸਰਕਾਰਾਂ, ਜ਼ਿਲਾ ਪ੍ਰਸ਼ਾਸਨ ਦੇ ਨਾਲ ਨਾਲ ਸਮਾਜ ਸੇਵੀ ਸੰਸਥਾਵਾਂ ਵਲੋਂ ਜੰਗੀ ਪੱਧਰ ਤੇ ਉਪਰਾਲੇ ਇਮਾਨਦਾਰੀ, ਵਫ਼ਾਦਾਰੀ ਨਾਲ ਕੀਤੇ ਜਾ ਰਹੇ ਹਨ। ਇਹ ਵਿਚਾਰ ਪੰਜਾਬ ਰੈੱਡ ਕਰਾਸ ਨਸ਼ਾ ਛੁਡਾਊ ਐਕੀਕ੍ਰਿਤ ਸੇਂਟਰ ਦੇ ਡਾਇਰੈਕਟਰ ਸ੍ਰੀਮਤੀ ਪ੍ਰਮਿੰਦਰ ਕੌਰ ਮਨਚੰਦਾ, ਸ਼੍ਰੀ ਉਪਕਾਰ ਸਿੰਘ, ਪ੍ਰਧਾਨ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਅਤੇ ਪੰਜਾਬ ਪੁਲਿਸ ਆਵਾਜਾਈ ਸਿੱਖਿਆ ਸੈਲ ਦੇ ਇੰਸਪੈਕਟਰ ਸਰਬਜੀਤ ਕੌਰ,ਵਲੋਂ ਰਾਸ਼ਟਰੀ ਕੈਂਸਰ ਜਾਗਰੂਕਤਾ ਦਿਵਸ ਮੌਕੇ ਕਰਵਾਏ ਅੰਤਰ ਸਕੂਲ ਮੁਕਾਬਲਿਆਂ ਦੌਰਾਨ, ਵਿਦਿਆਰਥੀਆਂ, ਅਧਿਆਪਕਾਂ ਅਤੇ ਦਾਖਲ ਮਰੀਜ਼ਾਂ ਨੂੰ ਪ੍ਰਗਟ ਕੀਤੇ। ਉਨ੍ਹਾਂ ਨੇ ਕਿਹਾ ਕਿ ਇਲਾਜ ਨਾਲੋਂ ਜਾਗਰੂਕਤਾ, ਪ੍ਰਹੇਜ਼, ਆਤਮ ਵਿਸ਼ਵਾਸ, ਸਮਝਦਾਰੀ, ਹੌਸਲੇ, ਇਮਾਨਦਾਰੀ, ਸਬਰ ਸ਼ਾਂਤੀ, ਸਹਿਣਸ਼ੀਲਤਾ ਅਤੇ ਆਪਣਿਆਂ ਦੀ ਸਹਾਇਤਾਂ, ਸਹਿਯੋਗ ਦੀਆਂ ਭਾਵਨਾਵਾਂ, ਵੱਧ ਲਾਭਦਾਇਕ ਸਿੱਧ ਹੁੰਦੀਆਂ ਹਨ। ਸ਼੍ਰੀ ਕਾਕਾ ਰਾਮ ਵਰਮਾ, ਚੀਫ਼ ਟ੍ਰੇਨਰ ਫਸਟ ਏਡ ਸੇਫਟੀ ਸਿਹਤ ਜਾਗਰੂਕਤਾ ਮਿਸ਼ਨ ਨੇ ਦੱਸਿਆ ਕਿ ਬਿਮਾਰੀਆਂ, ਨਸ਼ਿਆਂ, ਅਪਰਾਧਾਂ ਅਤੇ ਹਾਦਸਿਆਂ ਦੀ ਰੋਕਥਾਮ ਲਈ ਅਧਿਆਪਕਾਂ ਸਿਖਿਆ ਸੰਸਥਾਵਾਂ ਦੇ ਮੁੱਖੀਆਂ ਅਤੇ ਮਾਪਿਆਂ ਨੂੰ ਵੀ ਅੱਗੇ ਆਉਣਾ ਜ਼ਰੂਰੀ ਹੈ। ਕਰਵਾਏ ਗਏ ਮੁਕਾਬਲਿਆਂ ਦੌਰਾਨ ਸੀਨੀਅਰ ਗਰੁੱਪ ਵਿੱਚ ਜੀਵਨ ਜੋਤੀ ਸਕੂਲ ਦੀ ਭਾਵਨਾ, ਸੋਨੀ ਪਬਲਿਕ ਸਕੂਲ ਦੀ ਕੋਮਲ, ਗ੍ਰੀਨ ਲੈਂਡ ਸਕੂਲ ਦੀ ਹੈਮੰਤ ਅਤੇ ਜੀਵਨ ਜੋਤੀ ਸਕੂਲ ਦੀ ਤਮੰਨਾ ਜੇਤੂ ਰਹੇ ਜਦਕਿ ਜੂਨੀਅਰ ਗਰੁੱਪ ਵਿੱਚ ਗਰੀਨਲੈਂਡ ਸਕੂਲ ਦੀ ਤੇਜ਼ਪ੍ਰੀਤ ਕੌਰ ਪਹਿਲੇ, ਇਸੇ ਸਕੂਲ ਦੀ ਗੀਬੀਕਾ ਦੂਜੇ ਜਦਕਿ ਜੀਵਨ ਜੋਤੀ ਸਕੂਲ ਦੀ ਤਨਿਸਾ ਤੀਸਰੇ ਸਥਾਨ ਤੇ ਰਹੇ।

ਗ੍ਰੀਨ ਵੈਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਵਲੋਂ ਸੱਭ ਤੋਂ ਵੱਧ ਇਨਾਮ ਜਿੱਤਣ ਤੇ ਰਾਵਿੰਦਰ ਕੌਰ ਸਿੱਧੂ ਵਲੋਂ ਆਪਣੇ ਭਰਾ ਸਾਬਕਾ ਆਈ ਜੀ ਪੀ, ਪ੍ਰਮਜੀਤ ਸਿੰਘ ਸਰਾਓ ਦੀ ਯਾਦ ਵਿੱਚ ਚਲਿੰਤ ਟਰਾਫੀ ਦੇਕੇ, ਸਕੂਲ ਨੂੰ ਸਨਮਾਨਿਤ ਕੀਤਾ। ਸ਼੍ਰੀ ਕਾਕਾ ਰਾਮ ਵਰਮਾ ਵਲੋਂ ਭੇਟ ਕੀਤੀਆਂ ਦੋ ਟਰਾਫੀਆਂ ਕ੍ਰਮਵਾਰ ਜੀਵਨ ਜੋਤੀ ਅਤੇ ਸੋਨੀ ਪਬਲਿਕ ਸਕੂਲਾਂ ਨੂੰ ਦੇਕੇ ਸਨਮਾਨਿਤ ਕੀਤਾ। ਰੈੱਡ ਕਰਾਸ ਨਸ਼ਾ ਛੁਡਾਊ ਐਕੀਕ੍ਰਿਤ ਸੇਂਟਰ ਦੇ ਕਾਊਸਲਰ ਰਣਜੀਤ ਕੌਰ, ਪ੍ਰਵਿੰਦਰ ਵਰਮਾ, ਅਮਰਜੀਤ ਕੌਰ ਅਤੇ ਡਾਕਟਰ ਚਾਰੂ ਗੌਤਮ ਅਤੇ ਏ ਐਸ ਆਈ ਰਾਮ ਸਰਨ ਵਲੋਂ ਨਸ਼ਿਆਂ, ਫਾਸਟ ਫੂਡ ਜੰਕ ਫੂਡ ਕੋਲਡ ਡਰਿੰਕ ਅਪਰਾਧਾਂ ਵਿੱਚ ਫਸੇ ਨੌਜਵਾਨਾਂ ਨੂੰ ਨਸ਼ਾ ਮੁਕਤ ਕਰਨ ਲਈ ਕੀਤੇ ਜਾ ਰਹੇ ਕਾਰਜਾਂ ਦੀ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੂੰ ਕਸਮ ਚੁਕਾਈਂ ਕਿ ਉਹ ਆਪਣੇ ਜੀਵਨ, ਸਿਹਤ, ਤੰਦਰੁਸਤੀ ਅਰੋਗਤਾ ਅਤੇ ਸੁਰਖਿਅਤ ਭਵਿੱਖ ਲਈ ਆਪਣੇ ਆਪ ਨੂੰ, ਦੋਸਤਾਂ, ਮਿੱਤਰਾਂ, ਸਾਥੀਆਂ ਨੂੰ ਵੀ ਜਾਗਰੂਕ ਕਰਕੇ ਪੰਜਾਬ ਨੂੰ ਸਿਹਤਮੰਦ, ਤਦੰਰੁਸਤ, ਸੁਰੱਖਿਅਤ, ਖੁਸ਼ਹਾਲ ਬਣਾਉਣ ਲਈ ਯਤਨ ਕਰਦੇ ਰਹਿਣਗੇ।

# ਸਾਰਿਆਂ ਲਈ ਸਿਹਤ ਸੇਵਾਵਾਂ: ਜੀਐੱਸਟੀ ਨਾਲ ਜੁੜੇ ਸੁਧਾਰ ਭਾਰਤ ਦੀ ਸਿਹਤ ਗਾਥਾ ਨੂੰ ਨਵੇਂ ਸਿਰੇ ਤੋਂ ਲਿਖ ਰਹੇ ਹਾਂ



- ਪ੍ਰੋਫੈਸਰ ਬੇਜੋਨ ਕੁਮਾਰ ਮਿਸ਼੍ਰ

56ਵੇਂ ਜੀਐੱਸਟੀ ਕੌਂਸਲ ਦਾ ਫੈਸਲਾ ਹਰੇਕ ਭਾਰਤੀ ਨੂੰ ਕਿਫ਼ਾਇਤੀ ਤਰੀਕੇ ਨਾਲ ਗੁਣਵੱਤਾਪੂਰਨ ਅਤੇ ਸੁਰੱਖਿਅਤ ਸਿਹਤ ਸੰਭਾਲ ਉਪਲਬਧ ਕਰਵਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਕੁਝ ਨੀਤੀਗਤ ਫੈਸਲੇ ਵਿਵਸਥਾਵਾਂ ਵਿੱਚ ਬਦਲਾਅ ਲਿਆਉਂਦੇ ਹਨ ਅਤੇ ਕੁਝ ਅਜਿਹੇ ਦੁਰਲੱਭ ਸੁਧਾਰ ਵੀ ਹੁੰਦੇ ਹਨ, ਜਿਨ੍ਹਾਂ ਵਿੱਚ ਜ਼ਿੰਦਗੀ ਨੂੰ ਨਵਾਂ ਰੂਪ ਦੇਣ ਦੀ ਤਾਕਤ ਹੁੰਦੀ ਹੈ। 56ਵੀਂ ਜੀਐੱਸਟੀ ਕੌਂਸਲ ਦੁਆਰਾ ਕੀਤੇ ਗਏ ਵਿਆਪਕ ਸਿਹਤ ਸੇਵਾ ਨਾਲ ਜੁੜੇ ਟੈਕਸ ਸਬੰਧੀ ਸੁਧਾਰ ਨਿਰਣਾਇਕ ਤੌਰ 'ਤੇ ਬਾਅਦ ਵਾਲੀ ਸ਼੍ਰੇਣੀ ਵਿੱਚ ਆਉਂਦੇ ਹਨ। ਚਾਰ ਦਹਾਕਿਆਂ ਤੋਂ ਵੀ ਵੱਧ ਸਮੇਂ ਵਿੱਚ ਭਾਰਤ ਦੀ ਸਿਹਤ ਸੇਵਾ ਲੈਂਡਸਕੇਪ ਨੂੰ ਵਿਕਸਿਤ ਹੁੰਦੇ ਦੇਖਣ ਵਾਲੇ ਇੱਕ ਵਿਅਕਤੀ ਦੇ ਰੂਪ ਵਿੱਚ, ਮੈਂ ਪੂਰੇ ਵਿਸ਼ਵਾਸ ਦੇ ਨਾਲ ਕਹਿ ਸਕਦਾ ਹਾਂ ਕਿ: ਇਹ ਇੱਕ ਕ੍ਰਾਂਤੀਕਾਰੀ ਬਦਲਾਅ ਹੈ।

**ਸ਼ਾਸਨ ਅਤੇ ਹਮਦਰਦੀ ਦਾ ਮੇਲ**

ਜ਼ਰਾ ਭਾਰਤ ਦੇ ਸ਼੍ਰੇਣੀ-2 ਵਾਲੇ ਇੱਕ ਸ਼ਹਿਰ ਵਿੱਚ ਇੱਕ ਅਜਿਹੀ ਮਾਂ ਦੀ ਕਲਪਨਾ ਕਰੋ, ਜੋ ਆਪਣੇ ਬੱਚਿਆਂ ਨੂੰ ਇੱਕ ਦੁਰਲੱਭ ਜੈਨੇਟਿਕ ਬਿਮਾਰੀ ਨਾਲ ਜੂਝਦੇ ਹੋਏ ਦੇਖ ਰਹੀ ਹੈ। ਹਾਲ ਹੀ ਤੱਕ, ਇਲਾਜ ਦੀ ਭਾਰੀ ਲਾਗਤ ਦੇ ਕਾਰਨ ਉਸ ਦੇ ਸਾਹਮਣੇ ਅਸੰਭਵ ਵਿਕਲਪ ਸਨ- ਆਪਣਾ ਘਰ ਵੇਚ ਦੋ, ਭਾਰੀ ਵਿਆਜ਼ ਦਰਾਂ 'ਤੇ ਉਧਾਰ ਲਵੋ ਜਾਂ ਫਿਰ ਬੇਸਹਾਰਾ ਹੋ ਕੇ ਦੇਖਦੇ ਰਹੋ। ਸਰਕਾਰ ਦੁਆਰਾ 36 ਜੀਵਨ ਰੱਖਿਅਕ ਦਵਾਈਆਂ ਨੂੰ ਜੀਐੱਸਟੀ ਤੋਂ ਪੂਰੀ ਤਰ੍ਹਾਂ ਮੁਕਤ ਕਰਨ ਦੇ ਫੈਸਲੇ ਨੇ ਇਸ ਬੇਰਹਿਮ ਗਣਿਤ ਨੂੰ ਪੂਰੀ ਤਰ੍ਹਾਂ ਨਾਲ ਬਦਲ ਦਿੱਤਾ ਹੈ ਅਤੇ ਉਸ ਮਾਂ ਦੇ ਚਿਹਰੇ 'ਤੇ ਮੁਸਕਾਨ ਲਿਆ ਦਿੱਤੀ ਹੈ।

ਇਹ ਕੋਈ ਕ੍ਰਮਵਾਰ ਤਰੀਕੇ ਨਾਲ ਹੌਲੀ-ਹੌਲੀ ਹੋਣ ਵਾਲੇ ਬਦਲਾਅ ਨਹੀਂ ਹਨ। ਕੈਂਸਰ ਦੀ ਦਵਾਈ, ਦਿਲ ਦੀ ਬਿਮਾਰੀ ਸਬੰਧੀ ਦਵਾਈਆਂ, ਜੈਨੇਟਿਕਸ ਬਿਮਾਰੀਆਂ ਅਤੇ ਦੁਰਲੱਭ ਬਿਮਾਰੀਆਂ ਦੇ ਇਲਾਜ- ਇਹ ਸਾਰੇ ਹੁਣ ਜੀਐੱਸਟੀ ਤੋਂ ਪੂਰੀ ਤਰ੍ਹਾਂ ਮੁਕਤ ਹਨ। ਦੁਰਲੱਭ ਬਿਮਾਰੀਆਂ ਦੇ ਲਈ ਰਾਸ਼ਟਰੀ ਨੀਤੀ, ਜਿਸ ਵਿੱਚ 50 ਲੱਖ ਰੁਪਏ ਤੱਕ ਦੀ ਵਿੱਤੀ ਸਹਾਇਤਾ ਦਾ ਪ੍ਰਾਵਧਾਨ ਹੈ, ਨੂੰ ਨਾਲ ਮਿਲਾ ਕੇ ਅਸੀਂ ਦੁਰਲੱਭ ਬਿਮਾਰੀਆਂ ਤੋਂ ਪ੍ਰਭਾਵਿਤ 7.2 ਕਰੋੜ ਭਾਰਤੀਆਂ ਲਈ ਇੱਕ ਵਿਆਪਕ ਸੁਰੱਖਿਆ ਕਵਚ ਬਣਾਉਣ ਦੀ ਦਿਸ਼ਾ ਵਿੱਚ ਅੱਗੇ ਵਧ ਰਹੇ ਹਾਂ। ਇਹ ਇੱਕ ਮਨੁੱਖੀ ਚਿਹਰੇ ਵਾਲੇ ਸ਼ਾਸਨ ਦੀ ਉਦਾਹਰਣ ਹੈ।

**ਉਮੀਦ ਦਾ ਗਣਿਤ**

ਅੰਕੜੇ ਅਕਸਰ ਮਨੁੱਖੀ ਕਹਾਣੀਆਂ ਨੂੰ ਧੁੰਦਲਾ ਕਰ ਦਿੰਦੇ ਹਨ। ਲੇਕਿਨ ਇਸ ਮਾਮਲੇ ਵਿੱਚ, ਉਹ ਅਜਿਹੀਆਂ ਕਹਾਣੀਆਂ ਨੂੰ ਸਪਸ਼ਟ ਕਰਦੇ ਹਨ। ਜ਼ਰਾ ਗੌਰ ਕਰੋ ਕਿ ਵਿਵਹਾਰ ਵਿੱਚ ਇਨ੍ਹਾਂ ਸੁਧਾਰਾਂ ਦੇ ਮਾਇਨੇ ਕੀ ਹਨ:

ਜੈਨੇਟਿਕ ਕੋਲੈਸਟ੍ਰੋਲ ਸਬੰਧੀ ਵਿਕਾਰ ਨਾਲ ਜੂਝ ਰਹੇ ਇੱਕ ਮਰੀਜ਼ ਨੂੰ ਸਲਾਨਾ ਲਗਭਗ 48,000 ਰੁਪਏ ਦੀ ਬੱਚਤ ਹੋ ਸਕਦੀ ਹੈ। ਗੁਰਦੇ, ਦਿਲ ਅਤੇ ਨਾੜੀ ਸਿਸਟਮ ਨੂੰ ਪ੍ਰਭਾਵਿਤ ਕਰਨ ਵਾਲੀ ਇੱਕ ਦੁਰਲੱਭ ਬਿਮਾਰੀ, ਫੈਬ੍ਰੀ ਬਿਮਾਰੀ ਨਾਲ ਜੂਝ ਰਹੇ ਮਰੀਜ਼ ਦੇ ਇਲਾਜ ਦੀ ਲਾਗਤ ਵਿੱਚ ਸਲਾਨਾ 19 ਲੱਖ ਰੁਪਏ ਤੱਕ ਦੀ ਕਮੀ ਆ ਸਕਦੀ ਹੈ। ਇੱਥੋਂ ਤੱਕ ਕਿ ਬੇਹੱਦ ਆਮ ਪਾਈਆਂ ਜਾਣ ਵਾਲੀਆਂ ਪੁਰਾਣੀਆਂ ਬਿਮਾਰੀਆਂ ਦੇ ਲਈ ਵੀ, ਇਹ ਰਾਹਤ ਬਹੁਤ ਵੱਡੀ ਹੈ। ਸ਼ੂਗਰ ਅਤੇ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਨੂੰ ਸਲਾਨਾ 6,000 ਰੁਪਏ ਤੱਕ ਦੀ ਬੱਚਤ ਹੋ ਸਕਦੀ ਹੈ।

ਇਹ ਬੱਚਤ ਨਾ ਸਿਰਫ਼ ਬਜਟ 'ਤੇ ਪੈਣ ਵਾਲੇ ਦਬਾਅ ਨੂੰ ਘੱਟ ਕਰਦੀ ਹੈ, ਸਗੋਂ ਇਨ੍ਹਾਂ ਦੇ ਨਾਲ ਜਾਨਾਂ ਵੀ ਬੱਚਦੀਆਂ ਹਨ। ਬਚਾਇਆ ਗਿਆ ਹਰ ਇੱਕ ਰੁਪਇਆ ਇਲਾਜ ਦੀ ਨਿਰੰਤਰਤਾ ਯਕੀਨੀ ਬਣਾਉਂਦਾ ਹੈ, ਪਰਿਵਾਰਾਂ ਨੂੰ ਮੈਡੀਕਲ ਦੇ ਖਰਚੇ ਕਾਰਨ ਹੋਣ ਵਾਲੀ ਕੰਗਾਲੀ ਤੋਂ ਬਚਾਉਂਦਾ ਹੈ ਅਤੇ ਮਰੀਜ਼ਾਂ ਨੂੰ ਬਿਮਾਰੀ ਨਾਲ ਲੜਨ ਦੇ ਕ੍ਰਮ ਵਿੱਚ ਸਨਮਾਨ ਅਤੇ ਸੁਰੱਖਿਆ ਬਣਾਏ ਰੱਖਣ ਵਿੱਚ ਮਦਦ ਕਰਦਾ ਹੈ।

**ਦਵਾਈਆਂ ਤੋਂ ਪਰ੍ਹੇ**

ਇਨ੍ਹਾਂ ਸੁਧਾਰਾਂ ਦੀ ਖੂਬੀਆਂ ਉਨ੍ਹਾਂ ਦੇ ਵਿਆਪਕ ਪ੍ਰਭਾਵਾਂ ਵਿੱਚ ਸ਼ਾਮਲ ਹਨ। ਜ਼ਰੂਰੀ ਦਵਾਈਆਂ 'ਤੇ ਜੀਐੱਸਟੀ ਨੂੰ 12 ਪ੍ਰਤੀਸ਼ਤ ਤੋਂ ਘਟਾ ਕੇ 5 ਪ੍ਰਤੀਸ਼ਤ, ਚਿਕਿਤਸਾ ਉਪਕਰਣਾਂ 'ਤੇ 18 ਪ੍ਰਤੀਸ਼ਤ/12 ਪ੍ਰਤੀਸ਼ਤ ਤੋਂ ਘਟਾ ਕੇ 5 ਪ੍ਰਤੀਸ਼ਤ ਅਤੇ ਕਲੀਨਿਕਲ ਉਪਕਰਣਾਂ 'ਤੇ 12 ਪ੍ਰਤੀਸ਼ਤ ਤੋਂ ਘਟਾ ਕੇ 5 ਪ੍ਰਤੀਸ਼ਤ ਕਰਕੇ, ਸਰਕਾਰ ਨੇ ਸਿਹਤ ਸੇਵਾ ਨਾਲ ਜੁੜੀ ਸੰਪੂਰਨ ਵੈਲਿਊ ਚੇਨ 'ਤੇ ਧਿਆਨ ਦਿੱਤਾ ਹੈ। ਸਿਹਤ ਅਤੇ ਜੀਵਨ ਬੀਮਾ ਦੇ ਪ੍ਰੀਮੀਅਮ 'ਤੇ ਦਿੱਤੀ ਜਾਣ ਵਾਲੀ ਪੂਰਨ ਛੋਟ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ। ਇਹ ਕਦਮ ਇਸ ਤੱਥ ਨੂੰ ਸਵੀਕਾਰ ਕਰਦਾ ਹੈ ਕਿ ਵਿੱਤੀ ਸੁਰੱਖਿਆ ਵੀ ਇਲਾਜ ਜਿੰਨੀ ਹੀ ਮਹੱਤਵਪੂਰਨ ਹੈ।

ਇਸ ਕਦਮ ਦਾ ਉਦੇਸ਼ ਸਿਰਫ਼ ਅੱਜ ਸਿਹਤ ਸੰਭਾਲ ਨੂੰ ਕਿਫਾਇਤੀ ਬਣਾਉਣ ਨਾਲ ਨਹੀਂ ਹੈ; ਸਗੋਂ ਇਸ ਦਾ ਸਬੰਧ ਭਵਿੱਖ ਵਿੱਚ ਵੀ ਇਸ ਕਿਫਾਇਤੀ ਸੇਵਾ ਨੂੰ ਸਥਾਈ ਬਣਾਉਣ ਨਾਲ ਹੈ। ਜ਼ਰੂਰੀ ਅਤੇ ਗੁੰਝਲਦਾਰ ਜੈਨੇਰਿਕ ਦਵਾਈਆਂ ਦੇ ਸਥਾਨਕ ਨਿਰਮਾਣ ਨੂੰ ਪ੍ਰੋਤਸਾਹਿਤ ਕਰਕੇ, ਇਹ ਸੁਧਾਰ 'ਆਤਮ-ਨਿਰਭਰ ਭਾਰਤ' ਦੀ ਭਾਵਨਾ ਨੂੰ ਸਾਕਾਰ ਕਰਦੇ ਹਨ ਅਤੇ ਨਾਲ ਹੀ ਇਹ ਵੀ ਯਕੀਨੀ ਬਣਾਉਂਦੇ ਹਨ ਕਿ ਭਾਰਤ ਆਯਾਤ 'ਤੇ ਨਿਰਭਰਤਾ ਦਾ ਬੰਧਕ ਨਾ ਬਣੇ। ਇੱਕ ਸੁਖਾਲੇ ਟੈਕਸ ਢਾਂਚੇ ਦਾ ਅਰਥ ਇਹ ਹੈ ਕਿ ਦਵਾਈ ਕੰਪਨੀਆਂ ਪਾਲਣਾ ਸਬੰਧੀ ਕਸਰਤਾਂ ਦੀ ਬਜਾਏ ਨਵੀਨਤਾ ਅਤੇ ਗੁਣਵੱਤਾ 'ਤੇ ਧਿਆਨ ਕੇਂਦ੍ਰਿਤ ਕਰ ਸਕਦੀਆਂ ਹਨ।

**ਸਰਬਵਿਆਪੀ ਪ੍ਰਭਾਵ**

ਮੇਰੀ ਨਜ਼ਰ ਵਿੱਚ ਸਭ ਤੋਂ ਜ਼ਿਆਦਾ ਉਤਸ਼ਾਹਿਤ ਕਰਨ ਵਾਲੀ ਗੱਲ ਇਹ ਹੈ ਕਿ : ਇਹ ਸੁਧਾਰ ਸਕਾਰਾਤਮਕ ਚੱਕ੍ਰ ਬਣਾਉਂਦੇ ਹਨ। ਘੱਟ ਲਾਗਤ ਦਾ ਮਤਲਬ ਹੈ ਇਲਾਜ ਸਬੰਧੀ ਬਿਹਤਰ ਪਾਲਣਾ। ਇਸ ਬਿਹਤਰ ਪਾਲਣਾ ਦਾ ਮਤਲਬ ਹੈ ਸਿਹਤ ਸਬੰਧੀ ਬਿਹਤਰ ਨਤੀਜੇ। ਬਿਹਤਰ ਨਤੀਜਿਆਂ ਦਾ ਮਤਲਬ ਹੈ ਸਿਹਤ ਸੇਵਾ 'ਤੇ ਪੈਣ ਵਾਲੇ ਬੋਝ ਵਿੱਚ ਦੀਰਘਕਾਲੀ ਪੱਧਰ 'ਤੇ ਕਮੀ। ਕਿਫਾਇਤੀ ਨਿਵਾਰਕ ਦੇਖਭਾਲ ਦਾ ਮਤਲਬ ਹੈ ਜਲਦੀ ਉਪਾਅ। ਜਲਦੀ ਉਪਾਅ ਦਾ ਮਤਲਬ ਹੈ ਬਿਮਾਰੀ ਦਾ ਬਿਹਤਰ ਇਲਾਜ ਅਤੇ ਸਮੁੱਚੀ ਲਾਗਤ ਵਿੱਚ ਕਮੀ।

ਏਕਾਏਕ, ਦਿਹਾੜੀ ਮਜ਼ਦੂਰ ਨੂੰ ਦਵਾਈ ਅਤੇ ਭੋਜਨ ਦਰਮਿਆਨ ਚੋਣ ਨਹੀਂ ਕਰਨੀ ਪਵੇਗੀ। ਇੱਕ ਮੱਧ ਵਰਗੀ ਪਰਿਵਾਰ ਨੂੰ ਸਿਹਤ ਸਬੰਧੀ ਐਮਰਜੈਂਸੀ ਲਈ ਆਪਣੀ ਬੱਚਤ ਨੂੰ ਖਰਚ ਨਹੀਂ ਕਰਨਾ ਪਵੇਗਾ। ਬਜ਼ੁਰਗਾਂ ਨੂੰ ਇਲਾਜ ਦੇ ਖਰਚਿਆਂ ਲਈ ਪੂਰੀ ਤਰ੍ਹਾਂ ਬੱਚਿਆਂ 'ਤੇ ਨਿਰਭਰ ਨਹੀਂ ਰਹਿਣਾ ਪਵੇਗਾ। ਸਿਹਤ ਬੀਮਾ ਹੁਣ ਇੱਕ ਅਭਿਲਾਸ਼ੀ ਦੀ ਬਜਾਏ ਪਹੁੰਚਯੋਗ ਹੋ ਗਿਆ ਹੈ।

**ਵਿਕਸਿਤ ਭਾਰਤ ਦਾ ਇੱਕ ਬਲੂਪ੍ਰਿੰਟ**

ਭਾਰਤ 2047 ਤੱਕ ਇੱਕ ਵਿਕਸਿਤ ਰਾਸ਼ਟਰ ਬਣਨ ਦੀ ਅਭਿਲਾਸ਼ਾ ਰੱਖਦਾ ਹੈ। ਇਸ ਸੰਦਰਭ ਵਿੱਚ, ਇਹ ਸੁਧਾਰ ਇੱਕ ਮਹੱਤਵਪੂਰਨ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ: ਸਿਹਤ ਸੁਰੱਖਿਆ ਦੇ ਬਿਨਾ ਆਰਥਿਕ ਵਿਕਾਸ ਇੱਕ ਖੋਖਲੀ ਤਰੱਕੀ ਹੈ। 56ਵੀਂ ਜੀਐੱਸਟੀ ਕੌਂਸਲ ਨੇ ਇਹ ਮੰਨਿਆ ਹੈ ਕਿ 'ਵਿਕਸਿਤ ਭਾਰਤ' ਦੇ ਲਈ ਸਭ ਤੋਂ ਪਹਿਲਾਂ ਇੱਕ ਸਵਸਥ ਭਾਰਤ ਹੋਣਾ ਜ਼ਰੂਰੀ ਹੈ- ਇੱਕ ਅਜਿਹਾ ਭਾਰਤ ਜਿੱਥੇ ਮੈਡੀਕਲ ਸਬੰਧੀ ਨਿਦਾਨ ਵਿੱਤੀ ਸੰਕਟ ਦਾ ਕਾਰਨ ਨਾ ਬਣੇ; ਇੱਕ ਅਜਿਹਾ ਭਾਰਤ ਜਿੱਥੇ ਇਲਾਜ ਭੁਗਤਾਨ ਦੀ ਸਮਰੱਥਾ ਦੀ ਬਜਾਏ ਕਲੀਨਿਕਲ ਜ਼ਰੂਰਤਾਂ ਦੇ ਅਧਾਰ 'ਤੇ ਨਿਰਧਾਰਿਤ ਹੋਣ।

ਪਰਿਵਰਤਨਕਾਰੀ ਸ਼ਾਸਨ ਕੁਝ ਅਜਿਹਾ ਹੀ ਹੁੰਦਾ ਹੈ- ਛਿਟਪੁਟ ਬਦਲਾਅ ਨਹੀਂ, ਸਗੋਂ ਬੁਨਿਆਦੀ ਗੱਲਾਂ ਦੀ ਪੁਨਰ ਕਲਪਨਾ। ਇਸ ਦਾ ਮਤਲਬ ਇਹ ਸਮਝਣਾ ਹੈ ਕਿ ਸਿਹਤ ਸੇਵਾ ਕੋਈ ਟੈਕਸ ਲਗਾਉਣ ਲਾਇਕ ਲਗਜ਼ਰੀ ਦੀ ਵਸਤੂ ਨਹੀਂ, ਸਗੋਂ ਨਾਗਰਿਕਾਂ ਨੂੰ ਸਮਰੱਥ ਬਣਾਉਣ ਸਬੰਧੀ ਇੱਕ ਬੁਨਿਆਦੀ ਜ਼ਰੂਰਤ ਹੈ।

**ਅੱਗੇ ਦੀ ਰਾਹ**

ਬੇਸ਼ੱਕ, ਇਕੱਲੇ ਟੈਕਸ ਸਬੰਧੀ ਸੁਧਾਰ ਭਾਰਤ ਦੀ ਸਿਹਤ ਸੰਭਾਲ ਸਬੰਧੀ ਸਾਰੀਆਂ ਚੁਣੌਤੀਆਂ ਦਾ ਸਮਾਧਾਨ ਨਹੀਂ ਕਰ ਪਾਉਣਗੇ। ਸਾਨੂੰ ਹੁਣ ਵੀ ਵਧੇਰੇ ਸੰਖਿਆ ਵਿੱਚ ਡਾਕਟਰਾਂ, ਬਿਹਤਰ ਬੁਨਿਆਦੀ ਢਾਂਚੇ, ਮਜ਼ਬੂਤ ਪ੍ਰਾਇਮਰੀ ਹੈਲਥ ਸੈਂਟਰਾਂ, ਨਿਰੰਤਰ ਦਵਾਈਆਂ ਨਾਲ ਜੁੜੇ ਇਨੋਵੇਸ਼ਨ ਅਤੇ ਰਚਨਾਤਮਕ ਸਿਹਤ ਬੀਮਾ ਉਤਪਾਦਾਂ ਦੀ ਜ਼ਰੂਰਤ ਹੈ। ਲੇਕਿਨ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਜੀਐੱਸਟੀ ਸੁਧਾਰਾਂ ਨੇ ਜ਼ਿਕਰਯੋਗ ਬਦਲਾਅ ਲਿਆਂਦਾ ਹੈ। ਇਨ੍ਹਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜਦੋਂ ਨੀਤੀਆਂ ਸਹਿਣਸ਼ੀਲਤਾ ਅਤੇ ਦੂਰਦਰਸ਼ਿਤਾ ਦੇ ਨਾਲ ਬਣਾਈਆਂ ਜਾਂਦੀਆਂ ਹਨ, ਤਾਂ ਅਸਲ ਬਦਲਾਅ ਸੰਭਵ ਹੁੰਦਾ ਹੈ।

ਜਿਵੇਂ-ਜਿਵੇਂ ਇਨ੍ਹਾਂ ਸੁਧਾਰਾਂ ਦੇ ਬਾਅਦ ਦੀ ਵਿਕਰੀ ਦੇ ਅੰਕੜੇ ਅਤੇ ਮਾਮਲੇ (ਕੇਸ ਸਟਡੀਜ) ਸਾਹਮਣੇ ਆ ਰਹੇ ਹਨ, ਉਨ੍ਹਾਂ ਗੱਲਾਂ ਦੀ ਨਿਰੰਤਰ ਪੁਸ਼ਟੀ ਹੋ ਰਹੀ ਹੈ ਜੋ ਹਮੇਸ਼ਾ ਤੋਂ ਨੈਤਿਕ ਤੌਰ 'ਤੇ ਸਪਸ਼ਟ ਸਨ: ਪਹੁੰਚਯੋਗ ਸਿਹਤ ਸੇਵਾ ਸਿਰਫ਼ ਚੰਗੀ ਨੈਤਿਕਤਾ ਦੀ ਨਹੀਂ, ਸਗੋਂ ਚੰਗੀ ਅਰਥਵਿਵਸਥਾ ਦੀ ਜਾਣ-ਪਛਾਣ ਹੈ। ਸਵਸਥ ਨਾਗਰਿਕ ਉਤਪਾਦਕ ਨਾਗਰਿਕ ਸਾਬਤ ਹੁੰਦੇ ਹਨ। ਸੁਰੱਖਿਅਤ ਪਰਿਵਾਰ ਸਥਿਰ ਪਰਿਵਾਰ ਸਾਬਤ ਹੁੰਦੇ ਹਨ। ਬੀਮਾਕ੍ਰਿਤ ਆਬਾਦੀ ਆਤਮ ਵਿਸ਼ਵਾਸ ਨਾਲ ਲਬਰੇਜ ਆਬਾਦੀ ਹੁੰਦੀ ਹੈ।

56ਵੀਂ ਜੀਐੱਸਟੀ ਕੌਂਸਲ ਨੇ ਭਾਰਤ ਨੂੰ ਟੈਕਸ ਰਾਹਤ ਤੋਂ ਕਿਤੇ ਜ਼ਿਆਦਾ ਕੁਝ ਦਿੱਤਾ ਹੈ। ਇਸ ਨੇ ਲੱਖਾਂ ਪਰਿਵਾਰਾਂ ਨੂੰ ਕਿਤੇ ਜ਼ਿਆਦਾ ਕੀਮਤੀ ਚੀਜ਼ ਦਿੱਤੀ ਹੈ: ਉਮੀਦ। ਇਹ ਉਮੀਦ ਕਿ ਬਿਮਾਰੀ ਦਾ ਮਤਲਬ ਕੰਗਾਲੀ ਨਹੀਂ ਹੈ। ਇਹ ਉਮੀਦ ਕੀਤੀ ਕਿ ਇਲਾਜ ਸੰਭਵ ਹੈ। ਇਹ ਉਮੀਦ ਕੀਤੀ ਕਿ ਆਉਣ ਵਾਲਾ ਕੱਲ੍ਹ ਅੱਜ ਤੋਂ ਕਿਤੇ ਜ਼ਿਆਦਾ ਸਵਸਥ ਹੋਵੇਗਾ।

ਵਿਕਸਿਤ ਭਾਰਤ ਦੀ ਯਾਤਰਾ ਦੀ ਕਹਾਣੀ ਵਿੱਚ, ਇਸ ਸੁਧਾਰ ਨੂੰ ਇੱਕ ਮਹੱਤਵਪੂਰਨ ਮੋੜ ਦੇ ਤੌਰ 'ਤੇ ਯਾਦ ਕੀਤਾ ਜਾਵੇਗਾ- ਇੱਕ ਅਜਿਹਾ ਪਲ ਜਦੋਂ ਸਿਹਤ ਸੰਭਾਲ ਨੇ ਅਸਲ ਵਿੱਚ ਵਿਸ਼ੇਸ਼ ਅਧਿਕਾਰ ਤੋਂ ਅਧਿਕਾਰ, ਅਭਿਲਾਸ਼ਾ ਤੋਂ ਹਕੀਕਤ ਬਣਨ ਦੀ ਦਿਸ਼ਾ ਵਿੱਚ ਆਪਣੀ ਯਾਤਰਾ ਸ਼ੁਰੂ ਕੀਤੀ।

ਇਹ ਸਿਰਫ਼ ਇੱਕ ਚੰਗੀ ਨੀਤੀ ਹੀ ਨਹੀਂ ਹੈ। ਇਹ ਇੱਕ ਪਰਿਵਰਤਨਕਾਰੀ ਅਗਵਾਈ ਹੈ।

**ਨੈਸ਼ਨਲ ਲਾਅ ਯੂਨੀਵਰਸਿਟੀ ਹੈਦਰਾਬਾਦ ਵਿੱਚ ਆਨਰੇਰੀ ਪ੍ਰੋਫੈਸਰ ਹਨ)**

# ਸਰਕਾਰ ਵੱਲੋਂ ਸਬਸਿਡੀ 'ਤੇ ਬੇਲਰ ਅਤੇ ਹੋਰ ਔਜ਼ਾਰ ਦੇਣ ਦੇ ਬਾਵਜੂਦ ਪਰਾਲੀ ਨੂੰ ਅੱਗ ਲੱਗਣਾ ਜਾਰੀ

## ➢ ਸਮੁੱਚੇ ਵਿਭਾਗਾਂ ਦੇ ਮੁਲਾਜ਼ਮ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਵਿਚ ਉਲਝੇ ➢ 1092 ਪਰਚੇ ਹੋਏ ਦਰਜ, 690 ਕਿਸਾਨਾਂ ਨੂੰ ਨੌਟਿਸ, 71 ਲੱਖ 80 ਹਜ਼ਾਰ ਰੁਪਏ ਦੇ ਕੀਤੇ ਜੁਰਮਾਨੇ

**ਪਟਿਆਲਾ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਪਰਾਲੀ ਦੀਆਂ ਗੱਠਾਂ ਬਣਾਉਣ ਵਾਲੇ ਬੇਲਰ ਅਤੇ ਹੋਰ ਔਜ਼ਾਰਾਂ 'ਤੇ ਵਧੇਰੇ ਸਬਸਿਡੀ ਦੇਣ ਦੇ ਬਾਵਜੂਦ ਵੀ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਲਗਾਉਣਾ ਆਪਣਾ ਫਰਜ਼ ਸਮਝ ਰਹੇ ਹਨ। ਜਿਸ ਨਾਲ ਪੰਜਾਬ ਦੀ ਆਬੋ ਹਵਾ ਵਿਗੜਦੀ ਜਾ ਰਹੀ ਹੈ। ਭਾਵੇਂ ਕਿ ਬੱਦਲਵਾਈ ਅਤੇ ਹਲਕੀ ਬਾਰਿਸ਼ ਕਾਰਨ ਮੌਸਮ ਵਿਚ ਠੰਡ ਦੇ ਵੱਧਣ ਕਾਰਨ ਧੂੰਏਂ ਦੇ ਦੱਬਣ ਕਾਰਨ ਰਾਹਤ ਮਿਲੀ ਹੈ। ਪਰ ਕਿਸਾਨ ਨੂੰ ਪਿਛਲੇ ਕਈ ਸਾਲਾਂ ਤੋਂ ਸਮੇਂ ਸਮੇਂ ਦੀਆਂ ਸਰਕਾਰਾਂ ਜਾਗਰੂਕ ਕਰਨ ਦੇ ਬਾਵਜੂਦ ਵੀ ਕਿਸਾਨ ਪਰਾਲੀ ਨੂੰ ਅੱਗ ਲਗਾਉਣ ਲਈ ਬਜਿੱਦ ਹੈ।



ਭਾਵੇਂਕਿ ਕਿਸਾਨ ਜਥੇਬੰਦੀਆਂ ਬਿਨ੍ਹਾਂ ਵਜ੍ਹਾ ਸਮੇਂ ਦੀਆਂ ਸਰਕਾਰਾਂ ਨੂੰ ਝੁਕਦਾ ਦੇਖਣ ਲਈ ਅਜਿਹਾ ਕਾਰਜ ਕਰ ਰਹੀਆਂ ਹਨ। ਜਿਸ ਨਾਲ ਸੂਬੇ ਅੰਦਰ ਰਹਿੰਦੇ ਆਮ ਲੋਕ ਪਰਾਲੀ ਦੇ ਜ਼ਹਿਰੀਲੇ ਧੂੰਏਂ ਦੀ ਭੇਂਟ ਚੜ੍ਹ ਰਹੇ ਹਨ। ਜਿਸ ਵੱਲ ਕਿਸਾਨਾਂ ਦਾ ਕੋਈ ਖਿਆਲ ਨਹੀਂ ਕਿ ਇਸ ਧੂੰਏਂ ਨਾਲ ਸਾਡੇ ਘਰਾਂ ਵਿਚ ਵੀ ਪ੍ਰਦੂਸ਼ਣ ਪਹੁੰਚ ਰਿਹਾ ਹੈ, ਜਿਥੇ ਬਜ਼ੁਰਗ ਅਤੇ ਬੱਚਿਆਂ ਨੂੰ ਸਾਹ ਲੈਣ ਵਿਚ ਦਿੱਕਤ ਆਉਂਦੀ ਹੈ। ਪਰਾਲੀ ਨੂੰ ਅੱਗ ਲਗਾਉਣ ਦਾ ਸੇਕ ਕੇਂਦਰ ਸਰਕਾਰ ਤੱਕ ਪਹੁੰਚਦਾ ਹੈ ਜਿਥੇ ਕੇਂਦਰ ਸਰਕਾਰ ਪੰਜਾਬ ਸਰਕਾਰ ਦੇ ਫੰਡਾਂ ਦਾ ਪੈਸਾ ਨਾਂ ਦੇਣ ਦਾ ਸ਼ਿਕੰਜਾ ਕੱਸਦੀ ਹੈ। ਜਿਸ ਨਾਲ ਪੰਜਾਬ ਦਾ ਵਿਕਾਸ ਰੁਕਦਾ ਹੈ ਅਤੇ ਆਮ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਨੂੰ ਵੀ ਬ੍ਰੇਕ ਲੱਗਦੀ ਹੈ। ਇੰਨਾ ਹੀ ਨਹੀਂ ਸਮੁੱਚੇ ਵਿਭਾਗਾਂ ਦੇ ਮੁਲਾਜ਼ਮ ਅਤੇ ਪੁਲਸ ਵਿਭਾਗ ਦੇ ਮੁਲਾਜ਼ਮ ਕਿਸਾਨਾਂ ਵੱਲੋਂ ਲਗਾਈ ਜਾਂਦੀ ਅੱਗ ਵਾਲੇ ਸਥਾਨ ਅਤੇ ਮਾਲਕਾਂ ਦੇ ਨਾਮਾਂ ਦੀ ਤਸਦੀਕ ਕਰਨ ਵਿਚ ਰੁਝੀ ਦਿਖਾਈ ਦਿੰਦੀ ਹੈ, ਜਦੋਂ ਕਿ ਥਾਣਿਆਂ ਵਿਚ ਨਫਰੀ ਦੀ ਘਾਟ ਕਾਰਨ ਕਈ ਕੇਸ ਲਟਕਦੇ ਅਤੇ ਕਈ ਤਫਤੀਸ਼ਾਂ ਪੈਡਿੰਗ ਹੋਣ ਕਾਰਨ ਆਮ ਲੋਕਾਂ ਨੂੰ ਇਨਸਾਫ ਮਿਲਣ ਵਿਚ ਦੇਰੀ ਦੇਖਣ ਨੂੰ ਮਿਲ ਰਹੀ ਹੈ।

**ਡੇਂਗੂ ਅਤੇ ਧੂੰਏਂ ਨੇ ਸਤਾਏ ਸੂਬੇ ਦੇ ਲੋਕ**

ਸੂਬੇ ਅੰਦਰ ਇੱਕ ਪਾਸੇ ਕਿਸਾਨ ਪਰਾਲੀ ਨੂੰ ਅੱਗ ਲਗਾ ਕੇ ਵਾਤਾਵਰਣ ਨੂੰ ਪਲੀਤ ਕਰ ਰਹੇ ਹਨ ਅਤੇ ਦੂਜੇ ਪਾਸੇ ਡੇਂਗੂ ਨੇ ਵੀ ਆਮ ਲੋਕਾਂ ਦਾ ਧੂੰਆਂ ਕੱਢਿਆ ਹੋਇਆ ਹੈ। ਜਿਥੇ ਹਸਪਤਾਲਾਂ ਵਿਚ ਡੇਂਗੂ ਪੀੜ੍ਹਿਤਾਂ ਦੀ ਗਿਣਤੀ ਦਿਨੋ ਦਿਨ ਵਧ ਰਹੀ ਹੈ, ਉਥੇ ਹੀ ਸਰਕਾਰੀ ਹਸਪਤਾਲਾਂ ਵਿਚ ਸਫਾਈ ਅਤੇ ਸਹੂਲਤਾਂ ਦੀ ਘਾਟ ਕਾਰਨ ਵੀ ਲੋਕ ਪ੍ਰੇਸ਼ਾਨ ਨਜ਼ਰ ਆਉਂਦੇ ਦਿਖਾਈ ਦੇ ਰਹੇ ਹਨ।

**71,80,000 ਰੁਪਏ ਦੇ ਜੁਰਮਾਨੇ ਕੀਤੇ, 1092 ਪਰਚੇ ਹੋਏ ਦਰਜ, 690 ਨੂੰ ਨੋਟਿਸ**

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਜਾਰੀ ਕੀਤੇ ਅੰਕੜਿਆਂ ਮੁਤਾਬਕ ਹੁਣ ਤੱਕ ਸੂਬੇ ਭਰ ਵਿਚ ਪਰਾਲੀ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਦੇ ਖਿਲਾਫ 1092 ਪਰਚੇ ਦਰਜ ਕਰ ਦਿੱਤੇ ਗਏ ਹਨ, ਉਥੇ ਹੀ 71 ਲੱਖ 80 ਹਜ਼ਾਰ ਰੁਪਏ ਦੇ ਜੁਰਮਾਨੇ ਵੀ ਕੀਤੇ ਗਏ ਹਨ। ਜਿਥੇ ਸਾਫ ਤੌਰ 'ਤੇ ਪਤਾ ਚੱਲਦਾ ਹੈ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਸੂਬੇ ਦੀ ਆਬੋ ਹਵਾ ਖਰਾਬ ਕਰਨ ਵਾਲਿਆਂ ਖਿਲਾਫ ਸਖਤੀ ਨਾਲ ਪੇਸ਼ ਆ ਰਿਹਾ ਹੈ।

**-ਥਾਣੇ ਚੌਕੀਆਂ ਵਿਚ ਪੁਲਸ ਦੀ ਨਫਰੀ ਨਾ-ਮਾਤਰ**

ਸੂਬੇ ਅੰਦਰ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਪੂਰੀ ਸਖਤੀ ਕੀਤੀ ਹੋਈ ਹੈ। ਜਿਥੇ ਕਈ ਵਾਰ ਪਰਾਲੀ ਦੀ ਅੱਗ ਨੂੰ ਬੁਝਾਉਣ ਲਈ ਪੁਲਸ ਆਪਣੇ ਸਾਧਨਾਂ ਰਾਹੀਂ ਖੇਤਾਂ ਵਿਚ ਪਹੁੰਚ ਕੇ ਖੁਦ ਅੱਗ ਬੁਝਾ ਰਹੀ ਹੈ ਅਤੇ ਕਈ ਥਾਵਾਂ 'ਤੇ ਕਿਸਾਨਾਂ ਨਾਲ ਹੱਥੋਪਾਈ ਕਰਦੀ ਵੀ ਦੇਖੀ ਗਈ ਹੈ। ਪਰ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ 'ਤੇ ਗੱਠਾਂ ਬਣਾਉਣ ਦੀ ਮਸ਼ੀਨ ਮੁਹੱਈਆ ਕਰਵਾਉਣ ਅਤੇ ਕਈ ਥਾਵਾਂ 'ਤੇ ਬਣੀਆਂ ਗੱਠਾਂ ਨੂੰ ਚੁਕਵਾਉਣ ਦੀ ਕਾਰਵਾਈ ਕਰਵਾਉਣ ਦੀ ਗੱਲ ਵੀ ਸਵਾਲਾਂ ਦੇ ਘੇਰੇ 'ਚ ਹੈ।

**ਸਰਕਾਰ ਮਸ਼ੀਨਰੀ 'ਤੇ 80 ਪ੍ਰਤੀਸ਼ਤ ਦੇ ਰਹੀ ਹੈ ਸਬਸਿਡੀ**

ਪੰਜਾਬ ਸਰਕਾਰ ਵੱਲੋਂ ਪਰਾਲੀ ਦੀ ਸਾਂਭ ਸੰਭਾਲ ਕਰਨ ਲਈ ਲੋੜੀਂਦੀ ਮਸ਼ੀਨਰੀ ਮੁਹੱਈਆ ਕਰਵਾਉਣ 'ਤੇ 80 ਪ੍ਰਤੀਸ਼ਤ ਸਬਸਿਡੀ ਦੇ ਰਹੀ ਹੈ, ਜਿਸ ਕਾਰਨ ਇਸ ਵਾਰ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵਿਚ ਕਮੀ ਦਰਜ ਕੀਤੀ ਗਈ ਹੈ ਅਤੇ ਭਵਿੱਖ ਵਿਚ ਇਸ ਸਮੱਸਿਆ 'ਤੇ ਪੂਰਨ ਰੂਪ ਵਿਚ ਕਾਬੂ ਪਾ ਲਏ ਜਾਣ ਦੀ ਸੰਭਾਵਨਾ ਹੈ।

**ਕੀ ਕਹਿੰਦੇ ਨੇ ਮਾਹਰ ਡਾਕਟਰ**

ਅੱਖਾਂ ਦੇ ਮਾਹਰ ਡਾਕਟਰ ਜੇ.ਪੀ.ਸੋਢੀ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਪਰਾਲੀ ਦੇ ਧੂੰਏਂ ਕਾਰਨ ਜਿਥੇ ਨਿੱਤ ਦਿਨ ਸੜਕੀ ਹਾਦਸੇ ਵਾਪਰ ਰਹੇ ਹਨ ਉਥੇ ਹੀ ਹਰ ਮਨੁੱਖ ਦੀਆਂ ਅੱਖਾਂ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ।

ਇਸ ਲਈ ਦਿਨ ਵਿਚ 3-4 ਵਾਰ ਅੱਖਾਂ ਨੂੰ ਸਾਫ ਪਾਣੀ ਦੇ ਛਿੱਟੇ ਮਾਰਨੇ ਚਾਹੀਦੇ ਹਨ ਅਤੇ ਜਿੰਨਾ ਹੋ ਸਕੇ ਪ੍ਰਦੂਸ਼ਿਤ ਵਾਤਾਵਰਣ ਵਿਚ ਨਿਕਲਣ ਤੋਂ ਗੁਰੇਜ਼ ਕਰਨ ਚਾਹੀਦਾ ਹੈ।

**ਪੰਜਾਬ ਦੇ ਸ਼ਹਿਰਾਂ ਦੇ ਮੁਕਾਬਲੇ ਚੰਡੀਗੜ੍ਹ ਦਾ ਵਾਤਾਵਰਣ ਸਾਫ ਸੁਥਰਾ**

ਸੂਬੇ ਭਰ ਵਿਚ ਪਰਾਲੀ ਦੀ ਅੱਗ ਲਗਾਉਣ ਤੋਂ ਬਾਅਦ ਫੈਲੇ ਧੂੰਏਂ ਨਾਲ ਏਅਰ ਕੁਆਲਿਟੀ ਇੰਡੈਕਸ ਬੁਰੀ ਤਰ੍ਹਾਂ ਲੜਖੜਾਇਆ ਹੋਇਆ ਹੈ। ਜਿਥੇ ਪੰਜਾਬ ਦੇ ਸ਼ਹਿਰਾਂ ਦੇ ਮੁਕਾਬਲੇ ਚੰਡੀਗੜ੍ਹ ਦਾ ਵਾਤਾਵਰਣ ਸਾਫ ਸੁਥਰਾ ਦਿਖਾਈ ਦਿੱਤਾ ਜਿਸ ਕਾਰਨ ਆਮ ਲੋਕਾਂ ਨੂੰ ਸਾਹ ਲੈਣ ਵਿਚ ਵਧੇਰੇ ਆਕਸੀਜਨ ਮਿਲਦੀ ਰਹੀ। ਜਿਕਰਯੋਗ ਹੈ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਦਾ ਏਅਰ ਕੁਆਲਿਟੀ ਇੰਡੈਕਸ ਪਟਿਆਲਾ 148, ਮੰਡੀ ਗੋਬਿੰਦਗੜ੍ਹ 218, ਖੰਨਾ 178, ਲੁਧਿਆਣਾ 142, ਜਲੰਧਰ 182, ਬਠਿੰਡਾ 205, ਅੰਮ੍ਰਿਤਸਰ 149 ਦੇ ਮੁਕਾਬਲੇ ਚੰਡੀਗੜ੍ਹ 121 ਰਿਹਾ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਖੀ ਵਨ ਸਟਾਪ ਸੈਂਟਰ ਦੀ ਨਵੀਂ ਸ਼ਾਖਾ ਦਾ ਕੀਤਾ ਉਦਘਾਟਨ



**ਲੁਧਿਆਣਾ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਵਿੱਚ ਸਖੀ ਵਨ ਸਟਾਪ ਸੈਂਟਰ ਦੀ ਨਵੀਂ ਬ੍ਰਾਂਚ ਦਾ ਉਦਘਾਟਨ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਮੁੱਖ ਅਤਿਥੀ ਰੂਪ ਵਿੱਚ ਸ਼ਾਮਿਲ ਹੋਣ ਨਾਲ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਇਹ ਸੈਂਟਰ ਮਹਿਲਾਵਾਂ ਨੂੰ ਹਰ ਕਿਸਮ ਦੀ ਸਹਾਇਤਾ ਇੱਕ ਹੀ ਛੱਤ ਹੇਠ ਪ੍ਰਦਾਨ ਕਰਨ ਵੱਲ ਇਕ ਮਹੱਤਵਪੂਰਨ ਕਦਮ ਹੈ।

ਉਨ੍ਹਾਂ ਨੇ ਕਿਹਾ ਕਿ ਸੈਂਟਰ ਵਿੱਚ ਮਹਿਲਾਵਾਂ ਨਾਲ ਹੋ ਰਹੀ ਹਿੰਸਾ, ਕਾਨੂੰਨੀ ਸਹਾਇਤਾ, ਚਿਕਿਤਸਾ ਸੇਵਾਵਾਂ, ਪ੍ਰਸ਼ਾਸਕੀ ਸਹਾਇਤਾ, ਅਤੇ ਮਾਨਸਿਕ ਸਿਹਤ ਸੰਬੰਧੀ ਸੇਵਾਵਾਂ ਸਮੇਤ ਸਾਰੀਆਂ ਸੁਵਿਧਾਵਾਂ ਇੱਕ ਥਾਂ ਉਪਲਬਧ ਕਰਵਾਈਆਂ ਜਾਣਗੀਆਂ।

ਇਸ ਮੌਕੇ ਸੈਂਟਰ ਦੀ ਮੁੱਖ ਸੰਚਾਲਕਾ ਐਡਵੋਕੇਟ ਰਵਨੀਤ ਕੌਰ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਇਹ ਸੈਂਟਰ ਮਹਿਲਾਵਾਂ ਨੂੰ ਹਰ ਪੱਖੋਂ ਨਿਆਂ ਦਿਵਾਉਣ ਅਤੇ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਨੇ ਕਿਹਾ ਕਿ ਇਸ ਮਿਸ਼ਨ ਵਿੱਚ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਪੂਰਾ ਸਹਿਯੋਗ ਪ੍ਰਾਪਤ ਹੋ ਰਿਹਾ ਹੈ।

ਉਦਘਾਟਨ ਸਮਾਰੋਹ ਦੌਰਾਨ ਸੈਂਟਰ ਦਾ ਪੂਰਾ ਸਟਾਫ ਮੌਜੂਦ ਸੀ ਅਤੇ ਸਾਰਿਆਂ ਨੇ ਮਹਿਲਾਵਾਂ ਦੀ ਸੁਰੱਖਿਆ ਅਤੇ ਸਸ਼ਕਤੀਕਰਨ ਲਈ ਆਪਣੀ ਸੇਵਾ ਜਾਰੀ ਰੱਖਣ ਦਾ ਵਚਨ ਦੁਹਰਾਇਆ।

# ਜ਼ਿਲ੍ਹਾ ਟ੍ਰੈਫਿਕ ਪੁਲਿਸ ਵੱਲੋਂ ਟ੍ਰੈਫਿਕ ਵੱਲੋਂ ਸਰਹੰਦ ਰੋਡ ਉਪਰ ਲਗਾਏ ਜਾਣਗੇ ਸਪੀਡ ਰਾਡਾਰ ਨਾਕੇ




**ਪਟਿਆਲਾ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਪਤਾਨ ਪੁਲਿਸ ਟ੍ਰੈਫਿਕ ਪਟਿਆਲਾ ਐਸ ਐਸ ਮਾਨ ਵੱਲੋਂ ਦਸਿਆ ਗਿਆ ਕਿ ਜਿਲਾ ਪਟਿਆਲਾ ਵਿੱਚ ਟ੍ਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਓਵਰ ਸਪੀਡ ਨਾਲ ਹੋਣ ਵਾਲੇ ਐਕਸੀਡੈਂਟਾਂ ਨੂੰ ਘੱਟ ਕਰਨ ਲਈ ਸਰਕੂਲਰ ਰੋਡ ਨਾਭਾ ਅਤੇ ਪਟਿਆਲਾ ਸਰਹਿੰਦ ਰੋਡ ਪਰ ਸਪੀਡ ਰਾਡਾਰ ਨਾਕੇ ਲਗਾਏ ਜਾਣਗੇ।

ਇਹਨਾਂ ਸਪੀਡ ਰਾਡਾਰ ਨਾਕਿਆਂ ਦਾ ਮੁੱਖ ਮੰਤਵ ਆਮ ਪਬਲਿਕ ਨੂੰ ਨਿਰਧਾਰਿਤ ਸਪੀਡ ਲਿਮਟ ਵਿੱਚ ਗੱਡੀ ਚਲਾਉਣਾ ਹੈ। ਸਪੀਡ ਲਿਮਟ ਵਿੱਚ ਗੱਡੀ ਚਲਾਉਣ ਸਬੰਧੀ ਸਪੀਡ ਰਾਡਾਰ ਨਾਕੇ ਤੋ 500-500 ਮੀਟਰ ਦੀ ਦੂਰੀ ਪਰ ਬੈਨਰ ਲਗਾ ਕੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਜਾਵੇਗਾ। ਜੇਕਰ ਫਿਰ ਵੀ ਕੋਈ ਵਿਅਕਤੀ ਆਪਣੇ ਵਹੀਕਲ ਨੂੰ ਓਵਰ ਸਪੀਡ ਵਿੱਚ ਚਲਾਉਂਦਾ ਹੈ ਤਾਂ ਉਸਦੇ ਖਿਲਾਫ ਟ੍ਰੈਫਿਕ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਇਸ ਪ੍ਰੈਸ ਨੋਟ ਰਾਹੀ ਆਮ ਪਬਲਿਕ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਨਿਰਧਾਰਿਤ ਸਪੀਡ ਲਿਮਟ ਵਿੱਚ ਹੀ ਆਪਣੇ ਵਹੀਕਲ ਚਲਾਉਣ ਤਾਂ ਜੋ ਆਮ ਪਬਲਿਕ ਨੂੰ ਕਿਸੇ ਤਰਾਂ ਦੀ ਕੋਈ ਪਰੇਸ਼ਾਨੀ ਨਾਂ ਹੋਵੇ ਅਤੇ ਨਾਂ ਹੀ ਜਾਨੀ ਮਾਲੀ ਨੁਕਸਾਨ ਹੋਵੇ।

# 'ਭੁੱਲਰ ਦੀ 30 ਸਾਲਾਂ ਦੀ ਜਾਇਦਾਦ ਦਾ ਮੁਲਾਂਕਣ 30 ਮਿੰਟ 'ਚ'; ਅਦਾਲਤ ਨੇ ਪੰਜਾਬ ਵਿਜੀਲੈਂਸ ਨੂੰ ਪਾਈ ਝਾੜ

**ਚੰਡੀਗੜ੍ਹ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਦੀ ਇੱਕ ਅਦਾਲਤ ਨੇ ਗ੍ਰਿਫ਼ਤਾਰ ਅਤੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਵਿਰੁੱਧ ਦਰਜ ਕੀਤੀ ਗਈ ਪੰਜਾਬ ਵਿਜੀਲੈਂਸ ਬਿਊਰੋ (ੜ2) ਦੀ ਐੱਫਆਈ ਨੂੰ 'ਬਹੁਤ ਗੁਪਤ' ਕਹਿ ਕੇ ਸਖ਼ਤ ਟਿੱਪਣੀ ਕੀਤੀ। ਅਦਾਲਤ ਨੇ ਕਿਹਾ ਕਿ ਸੂਬਾਈ ਏਜੰਸੀ ਨੇ ਉਨ੍ਹਾਂ ਦੀ 30 ਸਾਲਾਂ ਦੀ ਜਾਇਦਾਦ ਦਾ ਮੁਲਾਂਕਣ ਅੱਧੇ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਕਰ ਲਿਆ ਹੈ।

ਵਿਸ਼ੇਸ਼ ਸੀਬੀਆਈ ਜੱਜ ਭਾਵਨਾ ਜੈਨ ਨੇ ਭੁੱਲਰ ਦੀ ਸੀਬੀਆਈ ਹਿਰਾਸਤ ਨੂੰ ਪੰਜ ਦਿਨਾਂ ਲਈ 11 ਨਵੰਬਰ ਤੱਕ ਵਧਾਉਂਦੇ ਹੋਏ ਕਿਹਾ ਕਿ ਵਿਜੀਲੈਂਸ ਬਿਊਰੋ ਨੇ ਗੁਪਤ ਸੂਚਨਾ ਮਿਲਣ ਦੇ ਅੱਧੇ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਭੁੱਲਰ ਦੀ ਸੇਵਾ ਦੇ 30 ਸਾਲਾਂ ਦੌਰਾਨ ਕਥਿਤ ਤੌਰ 'ਤੇ ਇਕੱਠੀ ਕੀਤੀ ਆਮਦਨ ਤੋਂ ਵੱਧ ਜਾਇਦਾਦ ਦਾ ਮੁਲਾਂਕਣ ਕਰ ਲਿਆ।

ਅਦਾਲਤ ਦੀਆਂ ਇਹ ਟਿੱਪਣੀਆਂ ਅਜਿਹੇ ਸਮੇਂ ਆਈਆਂ ਹਨ ਜਦੋਂ 'ਦੋ ਐੱਫਆਈਆਰ'ਜ਼ ਦਾ ਮਾਮਲਾ' ਚੱਲ ਰਿਹਾ ਹੈ।
ਜ਼ਿਕਯੋਗ ਹੈ ਕਿ ਸੀਬੀਆਈ ਅਤੇ ਵਿਜੀਲੈਂਸ ਬਿਊਰੋ ਵਿਚਕਾਰ ਇਸ ਗੱਲ ਨੂੰ ਲੈ ਕੇ ਖਿੱਚੋਤਾਣ ਚੱਲ ਰਹੀ ਹੈ ਕਿ ਭੁੱਲਰ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦਾ ਕੇਸ ਪਹਿਲਾਂ ਕਿਸ ਨੇ ਦਰਜ ਕੀਤਾ ਸੀ।

ਭੁੱਲਰ ਨੂੰ 16 ਅਕਤੂਬਰ ਨੂੰ ਕਥਿਤ ਵਿਚੋਲੇ ਕ੍ਰਿਸ਼ਨੂੰ ਸ਼ਾਰਦਾ ਰਾਹੀਂ 5 ਲੱਖ ਰੁਪਏ ਦੀ ਰਿਸ਼ਵਤ ਦੇ ਜਾਲ ਵਿੱਚ ਸੀਬੀਆਈ ਵੱਲੋਂ ਗ੍ਰਿਫ਼ਤਾਰ ਕਰਨ ਤੋਂ ਬਾਅਦ ਦੋਵਾਂ ਏਜੰਸੀਆਂ ਨੇ 29 ਅਕਤੂਬਰ ਨੂੰ FIR ਦਰਜ ਕੀਤੀਆਂ। ਸੀਬੀਆਈ ਨੇ ਆਪਣੀ FIR ਤੁਰੰਤ ਜਨਤਕ ਕਰ ਦਿੱਤੀ, ਜਦੋਂ ਕਿ ਵਿਜੀਲੈਂਸ ਨੇ ਆਪਣਾ ਤਿੰਨ ਪੰਨਿਆਂ ਦਾ ਸੰਸਕਰਣ ਲਗਪਗ ਇੱਕ ਹਫ਼ਤੇ ਤੱਕ ਗੁਪਤ ਰੱਖਿਆ।

ਅਦਾਲਤ ਨੇ ਨੋਟ ਕੀਤਾ ਕਿ ਭੁੱਲਰ ਦੇ ਬਚਾਅ ਪੱਖ ਨੇ ਵੀ ਵਿਜੀਲੈਂਸ ਦੀ FIR ਇੱਕ ਮੋਬਾਈਲ ਐਪ ਤੋਂ ਡਾਊਨਲੋਡ ਕੀਤੀ ਸੀ, ਕਿਉਂਕਿ ਇਹ ਅਧਿਕਾਰਤ ਤੌਰ 'ਤੇ ਅਪਲੋਡ ਨਹੀਂ ਕੀਤੀ ਗਈ ਸੀ। ਅਦਾਲਤ ਵਿੱਚ ਪੇਸ਼ ਕੀਤੇ ਗਏ ਸੰਸਕਰਣ ਵਿੱਚੋਂ ਇੱਕ ਪੰਨਾ ਗਾਇਬ ਸੀ ਅਤੇ ਬਿਊਰੋ ਮੂਲ ਕਾਪੀ ਪੇਸ਼ ਕਰਨ ਜਾਂ ਇਸ ਦੇ ਅਪਲੋਡ ਸਮੇਂ ਦੀ ਪੁਸ਼ਟੀ ਕਰਨ ਵਿੱਚ ਅਸਫ਼ਲ ਰਿਹਾ, ਜਿਸ ਨਾਲ ਇਸਦੀ ਭਰੋਸੇਯੋਗਤਾ ਹੋਰ ਘੱਟ ਗਈ।

# ਜਰਖੜ ਅਕੈਡਮੀ ਵੱਲੋਂ ਹਾਕੀ ਇੰਡੀਆ ਦੇ 100ਵੇਂ ਸਾਲ ਨੂੰ ਕੌਮੀ ਖੇਡ ਭਾਵਨਾ ਨਾਲ ਮਨਾਇਆ




**ਲੁਧਿਆਣਾ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਤਾ ਸਾਹਿਬ ਕੌਰ ਅਕੈਡਮੀ ਜਰਖੜ ਵੱਲੋਂ ਹਾਕੀ ਇੰਡੀਆ ਦੀਆਂ ਹਦਾਇਤਾਂ ਅਨੁਸਾਰ ਭਾਰਤੀ ਹਾਕੀ ਦੇ 100 ਸਾਲ ਪੂਰੇ ਹੋਣ ਉੱਤੇ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਦਰੋਣਾਚਾਰੀਆ ਐਵਾਰਡੀ ਕੋਚ ਬਲਦੇਵ ਸਿੰਘ ਨੇ ਖਿਡਾਰੀਆਂ ਨੂੰ ਸਖ਼ਤ ਮਿਹਨਤ, ਸਮਰਪਣ ਅਤੇ ਇਮਾਨਦਾਰੀ ਨਾਲ ਖੇਡ ਵਿੱਚ ਉੱਚਾਈਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ ਅਤੇ ਕੁੜੀਆਂ ਦੀਆਂ ਹਾਕੀ ਟੀਮਾਂ ਬਣਾਉਣ ਦੀ ਲੋੜ 'ਤੇ ਭੀ ਜੋਰ ਦਿੱਤਾ। ਓਲੰਪੀਅਨ ਸ਼ਰਨਜੀਤ ਕੌਰ ਨੇ ਭਾਰਤੀ ਹਾਕੀ ਦੇ ਸੁਨਹਿਰੀ ਦੌਰ ਨੂੰ ਯਾਦ ਕਰਦਿਆਂ ਬੱਚਿਆਂ ਨੂੰ ਖੇਡ ਅਤੇ ਪੜ੍ਹਾਈ ਦੋਹਾਂ ਵਿੱਚ ਸੰਤੁਲਨ ਬਣਾਈ ਰੱਖਣ ਦੀ ਸਲਾਹ ਦਿੱਤੀ। ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਭਾਰਤੀ ਹਾਕੀ ਦੇ 100 ਸਾਲਾਂ ਦੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਵੱਖ-ਵੱਖ ਖੇਡ ਜਗਤ ਦੀਆਂ ਪ੍ਰਸਿੱਧ ਹਸਤੀਆਂ ਹਾਜ਼ਰ ਸਨ। ਅੰਡਰ 14, ਅੰਡਰ 17 ਅਤੇ ਅੰਡਰ 19 ਦੇ ਪ੍ਰਦਰਸ਼ਨੀ ਮੈਚਾਂ ਵਾਲਾ ਮਿੰਨੀ ਟੂਰਨਾਮੈਂਟ ਵੀ ਕਰਵਾਇਆ ਗਿਆ। ਸਮਾਗਮ ਦੌਰਾਨ ਆਏ ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ।

# ਵਿਧਾਇਕ ਛੀਨਾ ਵੱਲੋਂ ਵਾਰਡ ਨੰਬਰ 39 'ਚ ਸੜਕ ਨਿਰਮਾਣ ਕਾਰਜਾਂ ਦਾ ਉਦਘਾਟਨ



**ਲੁਧਿਆਣਾ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਸਥਾਨਕ ਵਾਰਡ ਨੰਬਰ 39 ਅਧੀਨ ਪ੍ਰੀਤ ਨਗਰ ਦੀ ਗਲੀ ਨੰਬਰ 2, 3 ਅਤੇ 7 ਨੰਬਰ ਵਿਖੇ ਟਾਈਲ ਵਾਲ਼ੀ ਸੜਕ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ ਕੀਤਾ।

ਵਿਧਾਇਕ ਛੀਨਾ ਨੇ ਕਿਹਾ ਕਿ ਲੋਕਾਂ ਦੀ ਚਿਰੋਕਣੀ ਮੰਗ ਨੂੰ ਬੂਰ ਪਿਆ ਹੈ ਅਤੇ ਇਸ ਪ੍ਰੋਜੈਕਟ ਤਹਿਤ ਕਰੀਬ 12 ਲੱਖ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਸੜਕਾਂ ਦੀ ਹਾਲਤ ਬਹੁਤ ਮਾੜੀ ਸੀ, ਪਿਛਲੇ 25 ਸਾਲਾਂ ਤੋਂ ਸੜਕਾਂ 'ਤੇ ਸਿਰਫ਼ ਪੈਚਵਰਕ ਹੀ ਕੀਤਾ ਜਾ ਰਿਹਾ ਸੀ ਅਤੇ ਬਰਸਾਤ ਦੇ ਮੌਸਮ ਵਿੱਚ ਲੋਕਾਂ ਦਾ ਇੱਥੋਂ ਲੰਘਣਾ ਮੁਸ਼ਕਿਲ ਹੋ ਜਾਂਦਾ ਸੀ।

ਵਿਧਾਇਕ ਛੀਨਾ ਨੇ ਦੱਸਿਆ ਕਿ ਇੱਕ ਉਦਯੋਗਿਕ ਖੇਤਰ ਹੋਣ ਕਰਕੇ ਇੱਥੇ ਛੋਟੇ ਅਤੇ ਭਾਰੀ ਵਾਹਨਾਂ ਦੀ ਬਹੁਤ ਜ਼ਿਆਦਾ ਆਵਾਜਾਈ ਰਹਿੰਦੀ ਹੈ, ਪੈਦਲ ਚੱਲਣ ਵਾਲੇ ਅਕਸਰ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਨ੍ਹਾਂ ਸੜਕਾਂ ਦੇ ਨਿਰਮਾਣ ਨਾਲ ਨਾ ਸਿਰਫ਼ ਆਵਾਜਾਈ ਸੁਖਾਵੀਂ ਹੋਵੇਗੀ ਸਗੋਂ ਵਿਕਾਸ ਦਾ ਰਾਹ ਵੀ ਪੱਧਰਾ ਹੋਵੇਗਾ। ਵਿਧਾਇਕ ਰਜਿੰਦਰਪਾਲ ਕੌਰ ਛੀਨਾ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਜਾਰੀ ਕਰ ਰਹੀ ਹੈ ਤਾਂ ਜੋ ਪੰਜਾਬ ਵਿੱਚ ਬੁਨਿਆਦੀ ਸਹੂਲਤਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਮੌਕੇ ਵਾਰਡ ਪ੍ਰਧਾਨ ਸੁਨੀਲ ਜੌਹਰ, ਵਾਰਡ ਨੂੰ 37 ਤੋਂ ਕੌਂਸਲਰ ਅਤੇ ਸਮੂਹ ਮੁਹੱਲਾ ਨਿਵਾਸੀ ਵੀ ਮੌਜੂਦ ਸਨ।

# 'ਵੰਦੇ ਮਾਤਰਮ' ਦੇ 150 ਸਾਲ ਪੂਰੇ ਮੁੱਖ ਸਕੱਤਰ ਰਸਤੋਗੀ ਨੇ ਕਿਹਾ-ਇਹ ਸਾਡੇ ਰਾਸ਼ਟਰੀ ਚਰਿੱਤਰ ਦੀ ਆਤਮਾ

**ਚੰਡੀਗੜ੍ਹ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੇ 150 ਸਾਲ ਪੂਰੇ ਹੋਣ ਦਾ ਯਾਦਗਾਰ ਉਤਸਵ ਅੱਜ ਪੂਰੇ ਹਰਿਆਣਾ ਵਿੱਚ ਪੂਰੀ ਗਰਿਮਾ ਅਤੇ ਸ਼ਾਲੀਨਤਾ ਨਾਲ ਮਨਾਇਆ ਗਿਆ। ਚੰਡੀਗੜ੍ਹ ਸਥਿਤ ਹਰਿਆਣਾ ਸਿਵਲ ਸਕੱਤਰੇਤ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।

ਸ੍ਰੀ ਰਸਤੋਗੀ ਨੇ ਕਿਹਾ ਕਿ ਆਪਣੇ ਹੀ ਦੇਸ਼ ਵਿੱਚ ਪਰਾਧੀਨਤਾ ਦੀ ਪੀੜਾ ਕਿੰਨੀ ਦੁਖਦਾਈ ਹੁੰਦੀ ਹੈ, ਇਸ ਦੀ ਕਲਪਨਾ ਹੀ ਬਹੁਤ ਮੁਸ਼ਕਲ ਹੈ। ਸਨ 1857 ਵਿੱਚ ਸੁਤੰਤਰਤਾ ਦੇ ਪਹਿਲੇ ਸੰਗ੍ਰਾਮ ਦਾ ਬਿਗੁਲ ਵਜਿਆ ਅਤੇ ਪ੍ਰਬੁੱਧ ਨਾਗਰਿਕਾਂ ਨੇ ਅੰਗ੍ਰੇਜਾਂ ਦੇ ਜੁਲਮਾਂ ਦੇ ਖਿਲਾਫ ਬੋਲਣਾ ਸ਼ੁਰੂ ਕੀਤਾ।

ਉਨ੍ਹਾਂ ਨੇ ਕਿਹਾ ਕਿ ਗੀਤ-ਸੰਗੀਤ, ਦੀ ਸਾਡੇ ਦੇਸ਼ ਵਿੱਚ ਇੱਕ ਲੰਬੀ ਪਰੰਪਰਾ ਰਹੀ ਹੈ। ਅਜਿਹਾ ਹੀ ਇੱਕ ਗੀਤ ਹੈ-ਵੰਦੇ ਮਾਤਰਮ। ਇਸ ਅਮਰ ਗੀਤਾ ਨੇ ਅੰਗ੍ਰੇਜੀ ਸ਼ਾਸਨ ਦੇ ਜੁਲਮਾਂ ਤੋਂ ਪੀੜਤ ਲੋਕਾਂ ਦੇ ਦਿਲਾਂ ਵਿੱਚ ਦੇਸ਼ਭਗਤੀ ਦੀ ਜੋਤ ਜਗਾਈ, ਰਾਸ਼ਟਰੀ ਚੇਤਨਾ ਨੂੰ ਸਵਰ ਪ੍ਰਦਾਨ ਕੀਤਾ ਅਤੇ ਭਾਰਤ ਦੇ ਸਵਾਧੀਨਤਾ ਸੰਗ੍ਰਾਮ ਨੂੰ ਦਿਸ਼ਾ ਦਿੱਤੀ।

ਉਨ੍ਹਾਂ ਨੇ ਕਿਹਾ ਕਿ ਅੱਜ ਪੂਰਾ ਦੇਸ਼ ਬਹੁਤ ਹੀ ਮਾਣ ਅਤੇ ਗੌਰਵ ਦੇ ਨਾਲ ਵੰਦੇ ਮਾਤਰਮ ਦੇ 150 ਸਾਲ ਪੂਰੇ ਹੋਣ ਦਾ ਉਤਸਵ ਮਨਾ ਰਿਹਾ ਹੈ। ਮੌਜੂਦ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਨੇ ਕਿਹਾ ਕਿ ਵੰਡੇ ਮਾਤਰਮ ਸਿਰਫ ਇੱਕ ਗੀਤਾ ਨਹੀਂ, ਇਹ ਭਾਰਤ ਮਾਤਾ ਦੀ ਅਰਾਧਨਾ ਹੈ, ਸਾਡੇ ਰਾਸ਼ਟਰੀ ਚਰਿੱਤਰ ਦੀ ਆਤਮਾ ਹੈ।

ਮੁੱਖ ਸਕੱਤਰ ਨੇ ਕਿਹਾ ਕਿ ਜੋ ਦੇਸ਼-ਸੂਬੇ ਆਪਣੇ ਇਤਿਹਾਸ ਨੂੰ ਯਾਦ ਨਹੀਂ ਰੱਖਦੇ, ਉਨ੍ਹਾਂ ਦਾ ਅਸਤਿਤਵ ਵੀ ਵੱਧ ਸਮੇਂ ਤੱਕ ਨਹੀਂ ਰਹਿੰਦਾ। ਇਸ ਲਈ ਸਾਨੂੰ ਆਪਣੇ ਦੇਸ਼ ਦੇ ਗੌਰਵਸ਼ਾਲੀ ਇਤਿਹਾਸ ਨੂੰ, ਇਸ ਦੀ ਅਮੁੱਲ ਧਰੋਹਰ ਨੂੰ ਲਗਾਤਾਰ ਯਾਦ ਰੱਖਣਾ ਹੈ। ਸਾਡੇ ਮਹਾਪੁਰਸ਼ਾਂ ਅਤੇ ਸੁਤੰਤਰਤਾ ਸੈਨਾਨੀਆਂ ਦੇ ਦਿਖਲਾਏ ਮਾਰਗ 'ਤੇ ਚਲਣਾ ਹੈ।

ਉਨ੍ਹਾਂ ਨੇ ਕਿਹਾ ਕਿ ਇਸ ਮੌਕੇ 'ਤੇ ਇਸ ਅਮਰ ਗੀਤਾ ਦੇ ਰੱਚਣਹਾਰ ਸ੍ਰੀ ਬੰਕਿਮਚੰਦਰ ਚੱਟੋਪਾਧਿਆਏ ਦੇ ਜੀਵਨ 'ਤੇ ਅਧਾਰਿਤ ਇੱਕ ਪ੍ਰਦਰਸ਼ਨੀ ਵੀ ਲਗਾਈ ਗਈ ਹੈ। ਇਸ ਵਿੱਚ ਉਨ੍ਹਾਂ ਦੇ ਜੀਵਨ ਦੇ ਜੁੜੇ ਪ੍ਰਸੰਗਾਂ ਦਾ ਵਨਰਣ ਕੀਤਾ ਗਿਆ ਹੈ। ਉਨ੍ਹਾਂ ਨੇ ਮੌਜੂਦ ਅਧਿਕਾਰੀ-ਕਰਮਚਾਰੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਪ੍ਰਦਰਸ਼ਨੀ ਨੂੰ ਜਰੂਰ ਦੇਖਣ ਅਤੇ ਇਸ ਤੋਂ ਕੁੱਝ ਨਾ ਕੁੱਝ ਸਿੱਖ ਕੇ ਜਾਣ। ਉਨ੍ਹਾਂ ਨੇ ਰਾਸ਼ਟਰੀ ਗੀਤ ਨੂੰ ਹਿੰਦੀ ਵਿੱਚ ਵੀ ਉਚਾਰਣ ਕੀਤਾ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਮੁੱਖ ਸਕੱਤਰ ਅਤੇ ਕਈ ਸੀਨੀਅਰ ਅਧਿਕਾਰੀਆਂ ਨੇ ਦੀਪ ਪ੍ਰਜਵਲਿਤ ਕਰ ਭਾਰਤ ਮਾਤਾ ਦੇ ਚਰਣਾਂ ਵਿੱਚ ਪੁਸ਼ਪ ਅਰਪਿਤ ਕੀਤੇ। ਇਸ ਮੌਕੇ 'ਤੇ ਸਕੂਲੀ ਬੱਚਿਆਂ ਨੇ ਰਾਸ਼ਟਰੀ ਗੀਤਾ ਗਾ ਕੇ ਲੋਕਾਂ ਨੂੰ ਮੰਤਰਮੁਗਧ ਕਰ ਦਿੱਤਾ। ਮੌਜੂਦ ਅਧਿਕਾਰੀ-ਕਰਮਚਾਰੀਆਂ ਨੇ ਮਿਲ ਕੇ ਵੰਦੇ ਮਾਤਰਮ ਗਾਇਆ। ਪ੍ਰੋਗਰਾਮ ਦੇ ਆਖੀਰ ਵਿੱਚ ਰਾਸ਼ਟਰਗਾਨ ਦੇ ਨਾਲ-ਨਾਲ ਰਾਜ ਗੀਤ ਜੈਯ ਜੈਯ ਜੈਯ ਹਰਿਆਣਾਂ ਵੀ ਗਾਇਆ ਗਿਆ।

ਇਸ ਤੋਂ ਪਹਿਲਾਂ, ਸੂਚਨਾ, ਜਨ ਸੰਪਰਕ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਕੇ ਮਕਰੰਦ ਪਾਂਡੂਰੰਗ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਅਤੇ ਪ੍ਰੋਗਰਾਮ ਦੇ ਆਖੀਰ ਵਿੱਚ ਉਨ੍ਹਾਂ ਨੂੰ ਵੰਦੇ ਮਾਤਰਮ ਗੀਤਾ ਦੀ ਫੋਟੋ ਭੇਂਟ ਕੀਤੀ।

ਪ੍ਰੋਗਰਾਮ ਵਿੱਚ ਗ੍ਰਹਿ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਸੁਧੀਰ ਰਾਜਪਾਲ, ਸਹਿਕਾਰਤਾ ਵਿਭਾਗ ਦੇ ਵਧੀਕ ਮੁੱਖ ਸਕੱਤਰ ਵਿਜਯੇਂਦਰ ਕੁਮਾਰ, ਟਾਊਨ ਐਂਡ ਕੰਟਰੀ ਪਲਾਨਿੰਗ ਅਤੇ ਸ਼ਹਿਰੀ ਸੰਪਦਾ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਅਪੂਰਵ ਕੁਮਾਰ ਸਿੰਘ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਅਰੁਣ ਗੁਪਤਾ, ਪੁਲਿਸ ਡਾਇਰੈਕਟਰ ਜਨਰਲ ਸ੍ਰੀ ਓ ਪੀ ਸਿੰਘ, ਊਰਜਾ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਸ਼ਿਆਮਲ ਮਿਸ਼ਰਾ, ਸਾਰਿਆਂ ਲਹੀ ਆਵਾਸ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਮੋਹਮਦ ਸ਼ਾਇਨ, ਸੂਚਨਾ, ਜਨ ਸੰਪਰਕ, ਭਾਸ਼ ਅਤੇ ਸਭਿਆਚਾਰ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਕੁਮਾਰ ਅਗਰਵਾਲ, ਵਿੱਤ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਸ੍ਰੀ ਰਜਨੀਕਾਥਨ, ਮਾਨਵ ਸੰਸਾਧਨ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਸ੍ਰੀ ਪੀਸੀ ਮੀਣਾ, ਖੇਡ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਨਵਦੀਪ ਸਿੰਘ, ਵਿਰਾਸਤ ਅਤੇ ਸੈਰ-ਸਪਾਟਾ ਦੀ ਪ੍ਰਧਾਨ ਸਕੱਤਰ ਸ੍ਰੀਮਤੀ ਕਲਾ ਰਾਮਚੰਦਰਨ, ਪਰਸੋਨਲ ਸਿਖਲਾਈ ਅਤੇ ਸੰਸਦੀ ਮਾਮਲੇ ਵਿਭਾਗ ਦੇ ਵਿਸ਼ੇਸ਼ ਸਕੱਤਰ ਡਾ. ਅਦਿਤਅ ਦਹਿਆ, ਮਹਿਲਾ ਅਤੇ ਬਾਲ ਵਿਕਾਸ ਵਿਪਾਗ ਦੀ ਨਿਦੇਸ਼ਕ ਸ੍ਰੀਮਤੀ ਪ੍ਰਿਯੰਕਾ ਸੋਨੀ ਅਤੇ ਸਕੱਤਰੇਤ ਸਥਾਪਨਾ ਦੇ ਵਧੀਕ ਸਕੱਤਰ ਸ੍ਰੀ ਸਮਵਰਤਕ ਸਿੰਘ ਖਾਂਗਵਾਲ ਸਮੇਤ ਹਰਿਆਣਾ ਸਿਵਲ ਸਕੱਤਰੇਤ ਦੇ ਕਰਮਚਾਰੀ ਅਤੇ ਸੀਆਈਐਸਐਫ ਦੇ ਅਧਿਕਾਰੀ ਅਤੇ ਜਵਾਨ ਵੀ ਮੌਜੂਦ ਸਨ।

# ਫਰੀਦਾਬਾਦ: ਅਤਿਵਾਦੀ ਮਾਡਿਊਲ ਦਾ ਪਰਦਾਫਾਸ਼, 2900 ਕਿਲੋ ਵਿਸਫੋਟਕ ਸਣੇ ਹਥਿਆਰ ਬਰਾਮਦ

## ਜੰਮੂ ਕਸ਼ਮੀਰ ਪੁਲੀਸ ਨੇ ਕਾਬੂ ਕੀਤੇ ਡਾਕਟਰ ਦੀ ਨਿਸ਼ਾਨਦੇਹੀ 'ਤੇ ਬਰਾਮਦ ਕੀਤੀ ਖੇਪ

**ਫਰੀਦਾਬਾਦ/ਸ੍ਰੀਨਗਰ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ ਅਤੇ ਕਸ਼ਮੀਰ ਪੁਲੀਸ ਨੇ ਜੈਸ਼-ਏ-ਮੁਹੰਮਦ ਅਤੇ ਅਨਸਾਰ ਗਜ਼ਵਤ-ਉਲ-ਹਿੰਦ (ਜਥੇਬੰਦੀਆਂ ਦੇ ਇੱਕ ਅੰਤਰ-ਰਾਜੀ ਅਤੇ ਅੰਤਰ-ਰਾਸ਼ਟਰੀ ਅਤਿਵਾਦੀ ਮਾਡਿਊਲ ਦਾ ਪਰਦਾਫਾਸ਼ ਕਰਦੇ ਹੋਏ, ਦੋ ਡਾਕਟਰਾਂ ਸਮੇਤ ਸੱਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਫਰੀਦਾਬਾਦ ਅਤੇ ਜੰਮੂ-ਕਸ਼ਮੀਰ ਪੁਲੀਸ ਦੁਆਰਾ ਸਾਂਝੇ ਤੌਰ 'ਤੇ ਕੀਤੇ ਗਏ ਇਸ ਅਪਰੇਸ਼ਨ ਦੌਰਾਨ ਗਿਆ ਸੀ 2,900 ਕਿਲੋਗ੍ਰਾਮ 954 ਬਣਾਉਣ ਵਾਲੀ ਸਮੱਗਰੀ ਦੇ ਨਾਲ-ਨਾਲ ਹੋਰ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਗਿਆ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿੱਚ ਦੋ ਡਾਕਟਰ ਵੀ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਇੱਕ ਫਰੀਦਾਬਾਦ ਦਾ ਹੈ। ਇਸ ਤੋਂ ਪਹਿਲਾਂ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਗਿਆ ਸੀ। ਇੱਕ ਪੁਲੀਸ ਬੁਲਾਰੇ ਨੇ ਦੱਸਿਆ, "ਅਤਿਵਾਦ ਵਿਰੋਧੀ ਦੌਰਾਨ ਇੱਕ ਵੱਡੀ ਸਫਲਤਾ ਦੇ ਤਹਿਤ, ਜੰਮੂ-ਕਸ਼ਮੀਰ ਪੁਲੀਸ ਨੇ ਇੱਕ ਅੰਤਰ-ਰਾਜੀ ਅਤੇ ਅੰਤਰ-ਰਾਸ਼ਟਰੀ ਅਤਿਵਾਦੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ, ਜੋ ਪਾਬੰਦੀਸ਼ੁਦਾ ਅਤਿਵਾਦੀ ਸੰਗਠਨਾਂ JeM ਅਤੇ AGuH ਨਾਲ ਜੁੜਿਆ ਹੋਇਆ ਹੈ। ਇਸ ਅਪਰੇਸ਼ਨ ਨੇ ਜੰਮੂ-ਕਸ਼ਮੀਰ ਅਤੇ ਹੋਰ ਰਾਜਾਂ ਵਿੱਚ ਤਾਲਮੇਲ ਵਾਲੀ ਤਲਾਸ਼ੀ ਦੌਰਾਨ ਮੁੱਖ ਕਾਰਕੁਨਾਂ ਦੀ ਗ੍ਰਿਫ਼ਤਾਰੀ ਅਤੇ ਹਥਿਆਰਾਂ, ਗੋਲਾ ਬਾਰੂਦ ਅਤੇ ਵਿਸਫੋਟਕਾਂ ਦਾ ਇੱਕ ਵੱਡਾ ਭੰਡਾਰ ਬਰਾਮਦ ਕਰਨ ਦੀ ਅਗਵਾਈ ਕੀਤੀ ਹੈ।" ਪੁਲੀਸ ਨੇ ਦੱਸਿਆ ਕਿ 19 ਅਕਤੂਬਰ ਨੂੰ ਸ੍ਰੀਨਗਰ ਵਿੱਚ ਸ਼ਹਿਰ ਦੇ ਬੁਨਪੋਰਾ ਨੌਗਾਮ ਖੇਤਰ ਵਿੱਚ ਵੱਖ-ਵੱਖ ਥਾਵਾਂ 'ਤੇ JeM ਦੇ ਕਈ ਪੋਸਟਰ ਲੱਗੇ ਹੋਏ ਮਿਲੇ ਸਨ, ਜਿਨ੍ਹਾਂ ਵਿੱਚ ਪੁਲੀਸ ਅਤੇ ਸੁਰੱਖਿਆ ਬਲਾਂ ਨੂੰ ਧਮਕੀਆਂ ਦਿੱਤੀਆਂ ਗਈਆਂ ਸਨ। ਇਸ ਅਨੁਸਾਰ ਥਾਣਾ ਨੌਗਾਮ ਵਿਖੇ ਯੂ.ਏ.ਪੀ.ਏ. ਐਕਟ, ਬੀ.ਐੱਨ.ਐੱਸ.,ਵਿਸਫੋਟਕ ਪਦਾਰਥ ਐਕਟ ਅਤੇ ਅਸਲਾ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਅਤੇ ਜਾਂਚ ਸ਼ੁਰੂ ਕੀਤੀ ਗਈ।

ਪੁਲਿਸ ਨੇ ਕਿਹਾ, "ਜਾਂਚ ਤੋਂ ਇੱਕ 'ਵਾਈਟ ਕਾਲਰ ਟੈਰਰ ਈਕੋਸਿਸਟਮ' ਦਾ ਖੁਲਾਸਾ ਹੋਇਆ ਹੈ, ਜਿਸ ਵਿੱਚ ਵਿਦੇਸ਼ੀ ਹੈਂਡਲਰਾਂ ਦੇ ਸੰਪਰਕ ਵਿੱਚ ਰਹਿਣ ਵਾਲੇ ਕੱਟੜਪੰਥੀ ਪੇਸ਼ੇਵਰ ਅਤੇ ਵਿਦਿਆਰਥੀ ਸ਼ਾਮਲ ਹਨ ਜੋ ਪਾਕਿਸਤਾਨ ਅਤੇ ਹੋਰ ਦੇਸ਼ਾਂ ਤੋਂ ਕੰਮ ਕਰ ਰਹੇ ਹਨ।"

ਪੁਲਿਸ ਅਨੁਸਾਰ ਇਹ ਸਮੂਹ ਪ੍ਰੇਰਿਤ ਕਰਨ, ਤਾਲਮੇਲ ਬਣਾਉਣ, ਫੰਡਾਂ ਦੀ ਹੇਰਾਫੇਰੀ ਅਤੇ ਲੌਜਿਸਟਿਕਸ ਲਈ ਏਨਕ੍ਰਿਪਟਡ ਚੈਨਲਾਂ ਦੀ ਵਰਤੋਂ ਕਰ ਰਹਾ ਸੀ। ਉਨ੍ਹਾਂ ਅੱਗੇ ਕਿਹਾ ਕਿ, ਫੰਡ ਪੇਸ਼ੇਵਰ ਅਤੇ ਅਕਾਦਮਿਕ ਨੈੱਟਵਰਕਾਂ ਰਾਹੀਂ, ਸਮਾਜਿਕ/ਚੈਰੀਟੇਬਲ ਕਾਰਨਾਂ ਦੀ ਆੜ ਹੇਠ ਇਕੱਠੇ ਕੀਤੇ ਜਾ ਰਹੇ ਸਨ। ਦੋਸ਼ੀ ਕੱਟੜਪੰਥੀ ਬਣਾਉਣ, ਉਨ੍ਹਾਂ ਨੂੰ ਅਤਿਵਾਦੀਆਂ ਦੀਆਂ ਸਫ਼ਾਂ ਵਿੱਚ ਸ਼ਾਮਲ ਕਰਨ ਅਤੇ ਭਰਤੀ ਕਰਨ ਲਈ ਵਿਅਕਤੀਆਂ ਦੀ ਪਛਾਣ ਕਰਨ, ਇਸ ਤੋਂ ਇਲਾਵਾ ਫੰਡ ਇਕੱਠੇ ਕਰਨ, ਲੌਜਿਸਟਿਕਸ ਦਾ ਪ੍ਰਬੰਧ ਕਰਨ, ਹਥਿਆਰ/ਗੋਲਾ ਬਾਰੂਦ ਅਤੇ IEDs ਤਿਆਰ ਕਰਨ ਲਈ ਸਮੱਗਰੀ ਦੀ ਖਰੀਦ ਵਿੱਚ ਸ਼ਾਮਲ ਪਾਏ ਗਏ ਸਨ।"

ਜਾਂਚ ਦੌਰਾਨ ਸੱਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁਲੀਸ ਨੇ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਆਰਿਫ਼ ਨਿਸਾਰ ਡਾਰ ਉਰਫ਼ ਸਾਹਿਲ, ਯਾਸਿਰ-ਉਲ-ਅਸ਼ਰਫ਼, ਅਤੇ ਮਕਸੂਦ ਅਹਿਮਦ ਡਾਰ ਉਰਫ਼ ਸ਼ਾਹਿਦ (ਸਾਰੇ ਨੌਗਾਮ, ਸ੍ਰੀਨਗਰ ਦੇ ਵਸਨੀਕ),ਮੌਲਵੀ ਇਰਫਾਨ ਅਹਿਮਦ (ਇੱਕ ਮਸਜਿਦ ਦਾ ਇਮਾਮ), ਜ਼ਮੀਰ ਅਹਿਮਦ ਅਹੰਗਰ ਉਰਫ਼ ਮੁਤਲਾਸ਼ਾ (ਗੰਦਰਬਲ ਦੇ ਵਾਕੁਰਾ ਖੇਤਰ ਦਾ ਵਸਨੀਕ), ਡਾ: ਮੁਜ਼ੱਮਿਲ ਅਹਿਮਦ ਗਨਾਈ ਉਰਫ਼ ਮੁਸੈਬ (ਪੁਲਵਾਮਾ ਦੇ ਕੋਇਲ ਖੇਤਰ ਦਾ ਵਸਨੀਕ), ਅਤੇ ਡਾ: ਅਦੀਲ (ਕੁਲਗਾਮ ਦੇ ਵਾਨਪੋਰਾ ਖੇਤਰ ਦਾ ਵਸਨੀਕ) ਵਜੋਂ ਕੀਤੀ ਹੈ। ਡਾ: ਮੁਜ਼ੱਮਿਲ ਅਹਿਮਦ ਗਨਾਈ ਨੂੰ ਲਗਭਗ 360 ਕਿਲੋਗ੍ਰਾਮ ਵਿਸਫੋਟਕਾਂ (ਜਿਨ੍ਹਾਂ 'ਤੇ ਅਮੋਨੀਅਮ ਨਾਈਟ੍ਰੇਟ ਹੋਣ ਦਾ ਸ਼ੱਕ ਹੈ) ਅਤੇ ਭਾਰੀ ਮਾਤਰਾ ਵਿੱਚ ਹਥਿਆਰ ਅਤੇ ਗੋਲਾ ਬਾਰੂਦ ਸਮੇਤ ਗ੍ਰਿਫ਼ਤਾਰ ਕੀਤਾ ਗਿਆ, ਜੋ ਉਸ ਦੀ ਲਈ ਗਈ ਰਿਹਾਇਸ਼ ਵਿੱਚ ਕਿਰਾਏ 'ਤੇ ਲਈ ਗਈ ਰਿਹਾਇਸ਼ ਤੋਂ ਬਰਾਮਦ ਕੀਤਾ ਗਿਆ। ਗਨਾਈ ਅਲ ਫਲਾਹਾ ਯੂਨੀਵਰਸਿਟੀ ਵਿੱਚ ਇੱਕ ਅਧਿਆਪਕ ਹੈ।

# ਪੀ. ਯੂ 'ਚ ਟਰੈਕਟਰਾਂ ਸਮੇਤ ਵੜੇ ਕਿਸਾਨ ! ਪੁਲਿਸ ਹਰ ਫਰੰਟ 'ਤੇ ਫ਼ੇਲ੍ਹ

## ਵਿਦਿਆਰਥੀਆਂ ਦੀ ਹਮਾਇਤ 'ਚ ਯੂਨੀਵਰਸਿਟੀ ਪੁੱਜੇ ਕਿਸਾਨ; ਸੈਨੇਟ ਚੋਣਾਂ ਦੇ ਨੋਟੀਫਿਕੇਸ਼ਨ ਤਕ 'ਵਰਸਟੀ 'ਚ ਧਰਨਾ ਦੇਣਗੇ ਕਿਸਾਨ

## ਉਪ ਕੁਲਪਤੀ ਦਫ਼ਤਰ ਨੇੜੇ ਲੱਗੀ ਸਟੇਜ ਨੇ ਸਿੰਘੂ ਟਿਕਰੀ ਬਾਰਡਰ ਚੇਤੇ ਕਰਾਇਆ





**ਚੰਡੀਗੜ੍ਹ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਯੂਨੀਵਰਸਿਟੀ ਵਿੱਚ ਅੱਜ ਮਾਹੌਲ ਤਣਾਅਪੂਰਨ ਹੋ ਗਿਆ। ਸੈਨੇਟ ਚੋਣਾਂ ਲਈ ਨੋਟੀਫਿਕੇਸ਼ਨ ਜਾਰੀ ਕਰਨ ਦੀ ਮੰਗ ਨੂੰ ਲੈ ਕੇ ਦਿੱਤੇ ਗਏ 'ਪੀਯੂ ਬੰਦ' ਦੇ ਸੱਦੇ ਦੌਰਾਨ ਕੈਂਪਸ ਨੂੰ ਪੁਲੀਸ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਹਜੂਮ ਨੂੰ ਕਾਬੂ ਕਰਨ ਲਈ ਵਾਧੂ ਪੁਲੀਸ ਬਲ ਸੱਦ ਲਏ ਗਏ ਹਨ। ਚੰਡੀਗੜ੍ਹ ਪੁਲੀਸ ਵੱਲੋਂ ਪੰਜਾਬ ਪੁਲੀਸ ਦੀ ਵੀ ਮਦਦ ਲਈ ਜਾ ਰਹੀ ਹੈ। ਇਸ ਮੌਕੇ ਵੱਡੀ ਗਿਣਤੀ ਕਿਸਾਨ ਪੰਜਾਬ ਯੂਨੀਵਰਸਿਟੀ ਵਿਚ ਦਾਖਲ ਹੋ ਗਏ। ਇਸ ਦੌਰਾਨ ਕਿਸਾਨ ਆਗੂਆਂ ਨੇ ਫ਼ੈਸਲਾ ਕੀਤਾ ਕਿ 50 ਤੋਂ 70 ਕਿਸਾਨਾਂ ਦਾ ਜਥਾ ਪੰਜਾਬ ਯੂਨੀਵਰਸਿਟੀ ਵਿਚ ਧਰਨਾ ਦੇਵੇਗਾ ਤੇ ਇਹ ਧਰਨਾ ਪੰਜਾਬ ਯੂਨੀਵਰਸਿਟੀ ਦੀਆਂ ਸੈਨੇਟ ਚੋਣਾਂ ਦੇ ਐਲਾਨ ਹੋਣ ਤਕ ਜਾਰੀ ਰਹੇਗਾ ਤੇ ਬਾਕੀ ਕਿਸਾਨ ਅੱਜ ਰਾਤ ਨੂੰ ਵਾਪਸ ਚਲੇ ਜਾਣਗੇ। ਪੰਜਾਬ ਯੂਨੀਵਰਸਿਟੀ ਬਚਾਓ ਮੋਰਚੇ ਵੱਲੋਂ ਦਿੱਤੇ ਯੂਨੀਵਰਸਿਟੀ ਬੰਦ ਦੇ ਸੱਦੇ ਉਤੇ ਪੀਯੂ ਕੈਂਪਸ ਵਿੱਚ ਵੱਡਾ ਇਕੱਠ ਹੋ ਚੁੱਕਿਆ ਹੈ। ਚੰਡੀਗੜ੍ਹ ਪੁਲੀਸ ਦੀਆਂ ਰੋਕਾਂ ਦੇ ਬਾਵਜੂਦ ਪੰਜਾਬ ਸਮੇਤ ਹੋਰ ਗੁਆਂਢੀ ਸੂਬਿਆਂ ਤੋਂ ਵਿਦਿਆਰਥੀ, ਕਿਸਾਨ, ਮਜਦੂਰ, ਧਾਰਮਿਕ, ਸਮਾਜਿਕ, ਮੁਲਾਜ਼ਮ ਜਥੇਬੰਦੀਆਂ ਅਤੇ ਸਿਆਸੀ ਪਾਰਟੀਆਂ ਦੇ ਲੀਡਰ ਵੱਡੇ-ਵੱਡੇ ਜਥਿਆਂ ਸਮੇਤ ਪਹੁੰਚ ਚੁੱਕੇ ਹਨ ਅਤੇ ਹੋਰ ਵੀ ਆਮਦ ਜਾਰੀ ਹੈ।

ਪੀਯੂਐਸਐਸਸੀ ਦੇ ਉਪ-ਪ੍ਰਧਾਨ ਅਸ਼ਮੀਤ ਸਿੰਘ ਨੇ ਦੋਸ਼ ਲਗਾਇਆ ਕਿ ਬਹੁਤ ਸਾਰੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵਿੱਚ ਦਾਖਲ ਹੋਣ ਤੋਂ ਰੋਕਿਆ ਜਾ ਰਿਹਾ ਹੈ। ਇੱਕ ਹੋਰ ਵਿਦਿਆਰਥੀ ਆਗੂ ਅਭਿਸ਼ੇਕ ਡਾਗਰ ਨੇ ਕਿਹਾ ਕਿ ਸਰਕਾਰ ਵੱਲੋਂ ਚੋਣ ਪ੍ਰੋਗਰਾਮ ਦਾ ਐਲਾਨ ਕੀਤੇ ਜਾਣ ਤੱਕ ਅੰਦੋਲਨ ਜਾਰੀ ਰਹੇਗਾ। ਇਸ ਦੌਰਾਨ ਸੰਯੁਕਤ ਕਿਸਾਨ ਮੋਰਚਾ (ਐਸਕੇਐਮ) ਨਾਲ ਜੁੜੇ ਕਿਸਾਨਾਂ ਨੇ ਚੰਡੀਗੜ੍ਹ ਵਿੱਚ ਦਾਖਲ ਹੋਣ ਤੋਂ ਇਨਕਾਰ ਕੀਤੇ ਜਾਣ ਤੋਂ ਬਾਅਦ ਮੁਹਾਲੀ ਦੇ ਫੇਜ਼-6 ਦੇ ਨੇੜੇ ਵਿਰੋਧ ਪ੍ਰਦਰਸ਼ਨ ਕੀਤਾ। ਇਸ ਕਿਸਾਨ ਯੂਨੀਵਰਸਿਟੀ ਕੈਂਪਸ ਪਹੁੰਚੇ। ਇਸ ਦੌਰਾਨ ਵੱਡੀ ਗਿਣਤੀ ਲੋਕ ਤੇ ਹੋਰ ਜਥੇਬੰਦੀਆਂ ਵਿਦਿਆਰਥੀਆਂ ਨਾਲ ਇਕਜੁੱਟਤਾ ਦਿਖਾਉਣ ਲਈ ਯੂਨੀਵਰਸਿਟੀ ਪੁੱਜੀਆਂ ਪਰ ਇਸ ਤੋਂ ਪਹਿਲਾਂ ਸ਼ਹਿਰ ਵਾਸੀਆਂ ਨੂੰ ਟ੍ਰੈਫਿਕ ਜਾਮ ਨਾਲ ਜੂਝਣਾ ਪਿਆ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਅਤੇ ਐਸਕੇਐਮ (ਗੈਰ-ਰਾਜਨੀਤਿਕ) ਆਗੂ ਕਾਕਾ ਸਿੰਘ ਕੋਟੜਾ ਅਤੇ ਐਮਐਸ ਰਾਏ ਕੈਂਪਸ ਵਿੱਚ ਪ੍ਰਦਰਸ਼ਨਕਾਰੀਆਂ ਕੋਲ ਪੁੱਜੇ। ਉਧਰ ਸੰਘਰਸ਼ ਦੀ ਹਮਾਇਤ ਵਿੱਚ ਚੰਡੀਗੜ੍ਹ ਆ ਰਹੇ ਕਿਸਾਨਾਂ ਨੂੰ ਪੁਲੀਸ ਨੇ ਮੁਹਾਲੀ ਦੇ ਫੇਜ਼ ਛੇ ਦੇ ਨਜ਼ਦੀਕ ਰੋਕ ਲਿਆ ਸੀ ਇਸ ਦੌਰਾਨ ਪੁਲੀਸ ਅਤੇ ਕਿਸਾਨਾਂ ਵਿੱਚ ਵਿੱਚ ਭਾਰੀ ਖਿੱਚ ਧੂਹ ਹੋਈ ਅਤੇ ਕਿਸਾਨ ਬੈਰੀਕੇਡ ਤੋੜ ਕੇ ਹੀ ਚੰਡੀਗੜ੍ਹ ਵਿੱਚ ਦਾਖਲ ਹੋ ਗਏ ਹਨ। ਇਸ ਤੋਂ ਬਾਅਦ ਕਿਸਾਨਾਂ ਪੈਦਲ ਹੀ ਯੂਨੀਵਰਸਿਟੀ ਵੱਲ ਤੁਰ ਪਏ ।

ਇਸ ਦੌਰਾਨ ਉਪ ਕੁਲਪਤੀ ਦਫ਼ਤਰ ਨੇੜੇ ਲੱਗੀ ਸਟੇਜ 'ਤੇ ਸਿਆਸੀ ਆਗੂਆਂ ਦੀ ਆਮਦ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ, ਰਾਣਾ ਗੁਰਜੀਤ ਸਿੰਘ, 'ਆਪ' ਆਗੂ ਤੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਧਰਨੇ ਵਾਲੀ ਥਾਂ ਪਹੁੰਚੇ ਹਨ।

ਇਸ ਤੋਂ ਪਹਿਲਾਂ ਪੁਲੀਸ ਦੀ ਤਾਇਨਾਤੀ ਦੇ ਬਾਵਜੂਦ ਪ੍ਰਦਰਸ਼ਨਕਾਰੀ ਗੇਟ ਨੰ. 1 ਤੋਂ ਪੰਜਾਬ ਯੂਨੀਵਰਸਿਟੀ ਕੈਂਪਸ ਵਿਚ ਦਾਖਲ ਹੋਣ 'ਚ ਸਫ਼ਲ ਰਹੇ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਪੁਲੀਸ ਮੁਲਾਜ਼ਮਾਂ ਦੀਆਂ ਡਾਂਗਾਂ ਖੋਹ ਲਈਆਂ ਤੇ ਪੁਲੀਸ ਅਮਲੇ ਨਾਲ ਧੱਕਾਮੁੱਕੀ ਵੀ ਕੀਤੀ। ਪੁਲੀਸ ਨੇ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਉਨ੍ਹਾਂ 'ਤੇ ਹਲਕਾ ਲਾਠੀਚਾਰਜ ਕੀਤਾ।

ਪੁਲੀਸ ਨੇ ਮਗਰੋਂ ਕੁਝ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ ਤੇ ਬੱਸਾਂ ਵਿਚ ਬਿਠਾ ਕੇ ਲੈ ਗਏ। ਚੰਡੀਗੜ੍ਹ ਦੀ ਐੱਸਐੱਸਪੀ ਕੰਵਰਦੀਪ ਕੌਰ ਵੀ ਮੌਕੇ 'ਤੇ ਪੁੱਜ ਗਏ ਹਨ। ਉਨ੍ਹਾਂ ਨੇ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਵੀ ਕੀਤੀ। ਐੱਸਐੱਸਪੀ ਨੇ ਕਿਹਾ ਕਿ ਉਹ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵਿਚ ਆਉਣ ਤੋਂ ਨਹੀਂ ਰੋਕ ਰਹੇ, ਪਰ ਕਿਸੇ ਬਾਹਰੀ ਵਿਅਕਤੀ ਨੂੰ ਕੈਂਪਸ 'ਚ ਦਾਖ਼ਲੇ ਲਈ ਇਜਾਜ਼ਤ ਲੈਣੀ ਹੋਵੇਗੀ।

ਪੰਜਾਬ ਯੂਨੀਵਰਸਿਟੀ ਕੈਂਪਸ ਸਟੂਡੈਂਟਸ ਕੌਂਸਲ (PUCSC) ਦੇ ਉਪ-ਪ੍ਰਧਾਨ ਅਸ਼ਮੀਤ ਸਿੰਘ ਨੇ ਕਿਹਾ ਕਿ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਲਈ ਤਿਆਰੀਆਂ ਕਰ ਲਈਆਂ ਗਈਆਂ ਹਨ। ਵਿਦਿਆਰਥੀ ਆਗੂ ਅਭਿਸ਼ੇਕ ਡਾਗਰ ਨੇ ਪੁਸ਼ਟੀ ਕੀਤੀ ਕਿ ਸੈਨੇਟ ਚੋਣਾਂ ਦੇ ਸ਼ਡਿਊਲ ਦਾ ਐਲਾਨ ਹੋਣ ਤੱਕ ਅੰਦੋਲਨ ਜਾਰੀ ਰਹੇਗਾ।

ਇਸ ਦੌਰਾਨ ਕਈ ਸਿਆਸੀ ਹਸਤੀਆਂ ਨੇ ਧਰਨਾ ਸਥਾਨ ਦਾ ਦੌਰਾ ਕੀਤਾ, ਜਿਨ੍ਹਾਂ ਵਿੱਚ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਰਾਣਾ ਗੁਰਜੀਤ ਸਿੰਘ, ਮਲਵਿੰਦਰ ਸਿੰਘ ਕੰਗ ਸ਼ਾਮਲ ਹਨ। ਇਸ ਵਿਰੋਧ ਪ੍ਰਦਰਸ਼ਨ ਨੂੰ ਪਾਰਟੀਆਂ, ਕਿਸਾਨ ਸੰਗਠਨਾਂ ਅਤੇ ਕਲਾਕਾਰਾਂ ਦੇ ਆਗੂਆਂ ਵੱਲੋਂ ਵੀ ਸਮਰਥਨ ਮਿਲਿਆ ਹੈ।

# ਅਦਾਕਾਰ ਧਰਮਿੰਦਰ ਹਸਪਤਾਲ ਵਿੱਚ ਦਾਖਲ, ਹਾਲਤ ਨਾਜ਼ੁਕ: ਸੂਤਰ



**ਮੁੰਬਈ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਿਲਮ ਉਦਯੋਗ ਦੇ ਇੱਕ ਅੰਦਰੂਨੀ ਸੂਤਰ ਨੇ ਸੋਮਵਾਰ ਨੂੰ ਦੱਸਿਆ ਕਿ ਬੌਲੀਵੁੱਡ ਅਦਾਕਾਰ ਧਰਮਿੰਦਰ, ਜੋ ਕਈ ਦਿਨਾਂ ਤੋਂ ਹਸਪਤਾਲ ਵਿੱਚ ਹਨ, ਦੀ ਹਾਲਤ ਗੰਭੀਰ ਹੈ, ਪਰ ਉਹ ਸਥਿਰ ਹਨ। ਜ਼ਿਕਰਯੋਗ ਹੈ ਕਿ ਪਿਛਲੇ ਮਸੇਂ ਤੋਂ 89 ਸਾਲਾ ਅਦਾਕਾਰ ਦੱਖਣੀ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿੱਚ ਦਾਖਲ ਹੁੰਦੇ ਰਹੇ ਹਨ।

ਅੰਦਰੂਨੀ ਸੂਤਰ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ, "ਧਰਮ ਜੀ ਦੀ ਸਿਹਤ ਬਹੁਤੀ ਠੀਕ ਨਹੀਂ ਹੈ।" ਦੂਜੇ ਪਾਸੇ ਪੁੱਤਰ ਸੰਨੀ ਦਿਓਲ ਦੇ ਪ੍ਰਤੀਨਿਧੀ ਨੇ ਉਨ੍ਹਾਂ ਖ਼ਬਰਾਂ ਦਾ ਖੰਡਨ ਕੀਤਾ ਕਿ ਧਰਮਿੰਦਰ ਵੈਂਟੀਲੇਟਰ 'ਤੇ ਹਨ।

ਪੀਆਰ ਪ੍ਰਤੀਨਿਧੀ ਨੇ ਦੱਸਿਆ ਕਿ, "ਧਰਮ ਜੀ ਅਜੇ ਵੀ ਹਸਪਤਾਲ ਵਿੱਚ ਹਨ। ਡਾਕਟਰਾਂ ਨੇ ਉਨ੍ਹਾਂ ਨੂੰ ਘਰ ਜਾਣ ਦੀ ਸਲਾਹ ਨਹੀਂ ਦਿੱਤੀ ਹੈ। ਉਹ ਤੰਦਰੁਸਤ ਹੋ ਰਹੇ ਹਨ ਅਤੇ ਉਨ੍ਹਾਂ ਨੂੰ ਨਿਗਰਾਨੀ ਹੇਠ ਰੱਖਿਆ ਗਿਆ ਹੈ। ਉਹ ਵੈਂਟੀਲੇਟਰ 'ਤੇ ਨਹੀਂ ਹਨ।"

# ਦੁਨੀਆ ਦੀ ਸਭ ਤੋਂ ਤੇਜ਼ ਦੌੜਾਕ ਨੋਆਹ ਲਾਇਲਸ ਅਤੇ ਪ੍ਰਸਿੱਧ ਮਹਿਲਾ ਦੌੜਾਕ ਸ਼ੈਲੀ-ਐਨ ਫਰੇਜ਼ਰ-ਪ੍ਰਾਈਸ ਨੇ ਬਜਾਜ ਫਿਨਸਰਵ ਦੇ ਸੰਦੇਸ਼ ਨੂੰ ਵਧਾਇਆ





**ਅੰਮ੍ਰਿਤਸਰ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀਆਂ ਸਭ ਤੋਂ ਮਸ਼ਹੂਰ ਸ਼ਹਿਰੀ ਦੌੜਾਂ ਵਿੱਚੋਂ ਇੱਕ, ਬਜਾਜ ਪੁਣੇ ਮੈਰਾਥਨ, 14 ਦਸੰਬਰ ਨੂੰ ਆਪਣੇ ਛੇਵੇਂ ਐਡੀਸ਼ਨ ਲਈ ਵਾਪਸ ਆ ਰਹੀ ਹੈ। ਇਸ ਵਾਰ, ਇਹ ਪ੍ਰੋਗਰਾਮ ਹੋਰ ਵੀ ਵੱਡਾ, ਵਧੇਰੇ ਪ੍ਰੇਰਨਾਦਾਇਕ ਅਤੇ ਵਧੇਰੇ ਸਮਾਵੇਸ਼ੀ ਹੋਵੇਗਾ। ਬਜਾਜ ਫਿਨਸਰਵ ਲਿਮਟਿਡ ਦੇ ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ ਸੰਜੀਵ ਬਜਾਜ ਨੇ ਕਿਹਾ, ÷ਸਾਡਾ ਦ੍ਰਿਸ਼ਟੀਕੋਣ ਹਰ ਭਾਰਤੀ ਦੇ ਸੁਪਨਿਆਂ ਨੂੰ ਖੰਭ ਦੇਣਾ ਹੈ। 'ਯੂ ਟੂ ਕੈਨ ਫਲਾਈ' ਇਸ ਵਿਸ਼ਵਾਸ ਦਾ ਪ੍ਰਤੀਕ ਹੈ ਕਿ ਸੰਭਾਵਨਾਵਾਂ ਦੀ ਕੋਈ ਸੀਮਾ ਨਹੀਂ ਹੈ। ਇਸ ਸਾਲ ਦੀ ਮੈਰਾਥਨ ਵਿੱਚ ਨੋਆਹ ਲਾਇਲਸ ਅਤੇ ਸ਼ੈਲੀ-ਐਨ ਫਰੇਜ਼ਰ-ਪ੍ਰਾਈਸ ਦਾ ਸਹਿਯੋਗ ਨਾ ਸਿਰਫ਼ ਤੰਦਰੁਸਤੀ ਅਤੇ ਸਹਿਣਸ਼ੀਲਤਾ ਦਾ ਜਸ਼ਨ ਹੈ, ਸਗੋਂ ਭਾਰਤ ਦੀ ਮਹਾਨ ਉਚਾਈਆਂ ਨੂੰ ਪ੍ਰਾਪਤ ਕਰਨ ਦੀ ਸਮੂਹਿਕ ਭਾਵਨਾ ਦਾ ਵੀ ਜਸ਼ਨ ਹੈ।÷ ਦੇਸ਼ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਵਿਭਿੰਨ ਵਿੱਤੀ ਸਮੂਹਾਂ ਵਿੱਚੋਂ ਇੱਕ, ਬਜਾਜ ਫਿਨਸਰਵ ਲਿਮਟਿਡ ਦੀ ਇਹ ਪਹਿਲਕਦਮੀ ਹਜ਼ਾਰਾਂ ਦੌੜਾਕਾਂ - ਅੰਤਰਰਾਸ਼ਟਰੀ ਐਥਲੀਟਾਂ ਤੋਂ ਲੈ ਕੇ ਫਿਟਨੈਸ ਉਤਸ਼ਾਹੀਆਂ ਅਤੇ ਕਾਰਪੋਰੇਟ ਨੇਤਾਵਾਂ ਤੱਕ - ਸਾਰਿਆਂ ਨੂੰ ਇੱਕ ਹੀ ਵਿਸ਼ਵਾਸ ਨਾਲ ਇਕੱਠਾ ਕਰਦੀ ਹੈ: ÷ਤੁਸੀਂ ਵੀ ਉੱਡ ਸਕਦੇ ਹੋ।÷ ਇਸ ਭਾਵਨਾ ਦੀ ਅਗਵਾਈ ਦੁਨੀਆ ਦੇ ਦੋ ਸਭ ਤੋਂ ਮਸ਼ਹੂਰ ਐਥਲੀਟਾਂ - ਜਮੈਕਨ ਸਪ੍ਰਿੰਟ ਲੈਜੇਂਡ ਸ਼ੈਲੀ-ਐਨ ਫਰੇਜ਼ਰ-ਪ੍ਰਾਈਸ, ਜੋ ਕਿ 17 ਵਿਸ਼ਵ ਚੈਂਪੀਅਨਸ਼ਿਪ ਅਤੇ ਅੱਠ ਓਲੰਪਿਕ ਤਗਮਿਆਂ ਨਾਲ ਹੁਣ ਤੱਕ ਦੀ ਸਭ ਤੋਂ ਸਫਲ 100 ਮੀਟਰ ਦੌੜਾਕ ਹੈ, ਅਤੇ ਅਮਰੀਕੀ ਨੂਹ ਲਾਇਲਸ, ਮੌਜੂਦਾ ਓਲੰਪਿਕ ਅਤੇ ਵਿਸ਼ਵ ਚੈਂਪੀਅਨ, ਜਿਸਨੂੰ ਅੱਜ ÷ਦੁਨੀਆ ਦਾ ਸਭ ਤੋਂ ਤੇਜ਼ ਆਦਮੀ÷ ਵਜੋਂ ਜਾਣਿਆ ਜਾਂਦਾ ਹੈ, ਦੁਆਰਾ ਕੀਤੀ ਜਾ ਰਹੀ ਹੈ। ਮੈਰਾਥਨ ਦੇ ਰਾਜਦੂਤ ਹੋਣ ਦੇ ਨਾਤੇ, ਦੋਵੇਂ ਐਥਲੀਟ ਖੇਡ ਦੀ ਉੱਤਮਤਾ, ਸਖ਼ਤ ਮਿਹਨਤ ਅਤੇ ਪ੍ਰੇਰਨਾ ਦੀ ਭਾਵਨਾ ਨੂੰ ਦਰਸਾਉਂਦੇ ਹਨ। 2018 ਵਿੱਚ ਸ਼ੁਰੂ ਕੀਤੀ ਗਈ, ਬਜਾਜ ਪੁਣੇ ਮੈਰਾਥਨ ਆਕਾਰ ਅਤੇ ਮਹੱਤਵ ਦੋਵਾਂ ਵਿੱਚ ਵਧੀ ਹੈ। ਸ਼ੁਰੂ ਵਿੱਚ 21.1 ਕਿਲੋਮੀਟਰ ਦੀ ਹਾਫ ਮੈਰਾਥਨ, ਇਸ ਸਾਲ ਇਸਨੂੰ 42.2 ਕਿਲੋਮੀਟਰ ਦੀ ਫੁੱਲ ਮੈਰਾਥਨ ਤੱਕ ਵਧਾ ਦਿੱਤਾ ਗਿਆ ਹੈ। ਇਸ ਵਿੱਚ ਕਈ ਸ਼੍ਰੇਣੀਆਂ ਸ਼ਾਮਲ ਹਨ - ਇੱਕ ਫੁੱਲ ਮੈਰਾਥਨ (42.2 ਕਿਲੋਮੀਟਰ), ਇੱਕ ਹਾਫ ਮੈਰਾਥਨ (21.1 ਕਿਲੋਮੀਟਰ), ਇੱਕ 10 ਕਿਲੋਮੀਟਰ, ਅਤੇ ਇੱਕ 5 ਕਿਲੋਮੀਟਰ ਦੀ ਟਾਈਮਡ ਦੌੜ - ਤਾਂ ਜੋ ਹਰ ਉਮਰ ਅਤੇ ਯੋਗਤਾਵਾਂ ਦੇ ਲੋਕ ਹਿੱਸਾ ਲੈ ਸਕਣ।

ਸ਼ੈਲੀ-ਐਨ ਫਰੇਜ਼ਰ-ਪ੍ਰਾਈਸ ਨੇ ਕਿਹਾ, ਹਰ ਫਿਨਿਸ਼ ਲਾਈਨ ਇੱਕ ਨਵੀਂ ਸ਼ੁਰੂਆਤ ਹੁੰਦੀ ਹੈ। ਬਜਾਜ ਪੁਣੇ ਮੈਰਾਥਨ ਉਸ ਭਾਵਨਾ ਨੂੰ ਜੀਵਨ ਵਿੱਚ ਲਿਆਉਂਦੀ ਹੈ—ਲੋਕਾਂ ਨੂੰ ਉਦੇਸ਼, ਤੰਦਰੁਸਤੀ ਅਤੇ ਉਨ੍ਹਾਂ ਦੀ ਅੰਦਰੂਨੀ ਸਮਰੱਥਾ ਨਾਲ ਜੋੜਦੀ ਹੈ। ਮੈਨੂੰ ਇੱਕ ਰਾਜਦੂਤ ਵਜੋਂ ਇਸ ਪ੍ਰੋਗਰਾਮ ਨਾਲ ਜੁੜਨ ਦਾ ਮਾਣ ਹੈ। ਇਹ ਦੌੜਾਕ ਸਾਨੂੰ ਯਾਦ ਦਿਵਾਉਂਦੇ ਹਨ ਕਿ ਹਰ ਕਿਸੇ ਕੋਲ ਉੱਡਣ, ਅੱਗੇ ਵਧਣ ਅਤੇ ਉੱਡਣ ਦੀ ਸ਼ਕਤੀ ਹੈ। ਨੂਹ ਲਾਇਲਸ ਨੇ ਕਿਹਾ, ਮੈਂ ਬਜਾਜ ਪੁਣੇ ਮੈਰਾਥਨ ਦਾ ਸਨਮਾਨਯੋਗ ਸ਼ੁਰੂਆਤ ਕਰਨ ਲਈ ਬਹੁਤ ਉਤਸ਼ਾਹਿਤ ਹਾਂ। ਭਾਰਤ ਲੰਬੇ ਸਮੇਂ ਤੋਂ ਮੇਰੀ ਵਿਜ਼ਿਟ ਸੂਚੀ ਵਿੱਚ ਹੈ। ਮੇਰੇ ਭਾਰਤ ਤੋਂ ਬਹੁਤ ਸਾਰੇ ਪ੍ਰਸ਼ੰਸਕ ਹਨ, ਅਤੇ ਮੈਂ ਹਮੇਸ਼ਾ ਉਨ੍ਹਾਂ ਦਾ ਪਿਆਰ ਵਾਪਸ ਕਰਨਾ ਚਾਹੁੰਦਾ ਸੀ। ਹੁਣ ਮੈਂ ਉਨ੍ਹਾਂ ਨੂੰ ਭਾਰਤ ਦੇ ਸਭ ਤੋਂ ਵੱਕਾਰੀ ਮੈਰਾਥਨਾਂ ਵਿੱਚੋਂ ਇੱਕ ਵਿੱਚ ਮਿਲਣ ਲਈ ਇੰਤਜ਼ਾਰ ਨਹੀਂ ਕਰ ਸਕਦਾ। ਫਰੇਜ਼ਰ-ਪ੍ਰਾਈਸ ਅਤੇ ਲਾਇਲਸ ਵਰਗੇ ਦੰਤਕਥਾਵਾਂ ਅਤੇ ਹਿੱਸਾ ਲੈਣ ਦੀ ਤਿਆਰੀ ਕਰ ਰਹੇ ਹਜ਼ਾਰਾਂ ਦੌੜਾਕਾਂ ਦੀ ਮੌਜੂਦਗੀ ਦੇ ਨਾਲ, ਬਜਾਜ ਪੁਣੇ ਮੈਰਾਥਨ ਦਾ 2025 ਐਡੀਸ਼ਨ ਭਾਰਤ ਦੇ ਸਭ ਤੋਂ ਪ੍ਰੇਰਨਾਦਾਇਕ ਅਤੇ ਸਤਿਕਾਰਤ ਖੇਡ ਸਮਾਗਮ ਵਿੱਚ ਇੱਕ ਹੋਰ ਸੁਨਹਿਰੀ ਅਧਿਆਇ ਜੋੜਨ ਲਈ ਤਿਆਰ ਹੈ।

# 60 ਕਰੋੜ ਦੀ ਧੋਖਾਧੜੀ ਮਾਮਲਾ: ਸ਼ਿਲਪਾ ਸ਼ੈੱਟੀ ਤੇ ਰਾਜ ਕੁੰਦਰਾ ਵੱਲੋਂ ਹਾਈ ਕੋਰਟ ਦਾ ਰੁਖ

**ਮੁੰਬਈ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਦਾਕਾਰਾ ਸ਼ਿਲਪਾ ਸ਼ੈੱਟੀ ਅਤੇ ਉਸ ਦੇ ਕਾਰੋਬਾਰੀ ਪਤੀ ਰਾਜ ਕੁੰਦਰਾ ਨੇ ਮੁੰਬਈ ਪੁਲੀਸ ਦੀ ਆਰਥਿਕ ਅਪਰਾਧ ਸ਼ਾਖਾ ਵੱਲੋਂ ਉਨ੍ਹਾਂ ਵਿਰੁੱਧ ਦਰਜ ਕੀਤੇ ਗਏ 60 ਕਰੋੜ ਰੁਪਏ ਦੇ ਧੋਖਾਧੜੀ ਦੇ ਮਾਮਲੇ ਨੂੰ ਰੱਦ ਕਰਵਾਉਣ ਲਈ ਬੰਬੇ ਹਾਈ ਕੋਰਟ ਦਾ ਰੁਖ ਕੀਤਾ ਹੈ। ਐੱਫ ਆਈ ਆਰ ਨੂੰ ਰੱਦ ਕਰਵਾਉਣ ਦੀ ਮੰਗ ਕਰਨ ਤੋਂ ਇਲਾਵਾ ਇਸ ਜੋੜੇ ਨੇ ਅਦਾਲਤ ਨੂੰ ਇਹ ਵੀ ਬੇਨਤੀ ਕੀਤੀ ਹੈ ਕਿ ਉਹ ਸੁਣਵਾਈ ਲੰਬਿਤ ਹੋਣ ਤੱਕ ਪੁਲੀਸ ਨੂੰ ਇਸ ਕੇਸ ਵਿੱਚ ਚਾਰਜਸ਼ੀਟ ਦਾਖਲ ਨਾ ਕਰਨ ਅਤੇ ਉਨ੍ਹਾਂ ਵਿਰੁੱਧ ਕੋਈ ਵੀ ਜ਼ਬਰਦਸਤੀ ਕਾਰਵਾਈ ਨਾ ਕਰਨ ਦਾ ਨਿਰਦੇਸ਼ ਦੇਵੇ।

ਉਨ੍ਹਾਂ ਦੀਆਂ ਅਰਜ਼ੀਆਂ 'ਤੇ ਸੋਮਵਾਰ ਨੂੰ ਚੀਫ਼ ਜਸਟਿਸ ਸ਼੍ਰੀ ਚੰਦਰਸ਼ੇਖਰ ਅਤੇ ਜਸਟਿਸ ਗੌਤਮ ਅਨਖਾਡ ਦੇ ਬੈਂਚ ਸਾਹਮਣੇ ਸੁਣਵਾਈ ਹੋਈ। ਅਦਾਲਤ ਨੇ ਜੋੜੇ ਨੂੰ ਉਨ੍ਹਾਂ ਦੀਆਂ ਪਟੀਸ਼ਨਾਂ ਦੀ ਇੱਕ ਕਾਪੀ ਕੇਸ ਦੇ ਸ਼ਿਕਾਇਤਕਰਤਾ, ਦੀਪਕ ਕੋਠਾਰੀ ਨੂੰ ਪ੍ਰਦਾਨ ਕਰਨ ਦਾ ਨਿਰਦੇਸ਼ ਦਿੱਤਾ ਅਤੇ ਮਾਮਲੇ ਦੀ ਅਗਲੀ ਸੁਣਵਾਈ 20 ਨਵੰਬਰ ਲਈ ਮੁਲਤਵੀ ਕਰ ਦਿੱਤੀ।

# ਨਜ਼ਰਬੰਦੀ ਨੂੰ ਚੁਣੌਤੀ: ਸੁਪਰੀਮ ਕੋਰਟ ਵੱਲੋਂ ਅੰਮ੍ਰਿਤਪਾਲ ਦੀ ਪਟੀਸ਼ਨ 'ਤੇ ਸੁਣਵਾਈ ਤੋਂ ਇਨਕਾਰ, ਹਾਈ ਕੋਰਟ ਜਾਣ ਲਈ ਕਿਹਾ

## ਪੰਜਾਬ ਹਰਿਆਣਾ ਹਾਈ ਕੋਰਟ ਨੂੰ ਪਟੀਸ਼ਨ 'ਤੇ ਛੇ ਹਫ਼ਤਿਆਂ 'ਚ ਫੈਸਲਾ ਲੈਣ ਦੀ ਹਦਾਇਤ



**ਨਵੀਂ ਦਿੱਲੀ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਸ੍ਰੀ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਵੱਲੋਂ ਕੌਮੀ ਸੁਰੱਖਿਆ ਐਕਟ (NSA) ਤਹਿਤ ਆਪਣੀ ਨਜ਼ਰਬੰਦੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਜਸਟਿਸ ਅਰਵਿੰਦ ਕੁਮਾਰ ਅਤੇ ਜਸਟਿਸ ਐੱਨਵੀ ਅੰਜਾਰੀਆ ਦੇ ਬੈਂਚ ਨੇ ਸਿੰਘ ਨੂੰ ਆਪਣੀ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਕਰਨ ਲਈ ਕਿਹਾ ਹੈ। ਸੁਪਰੀਮ ਕੋਰਟ ਨੇ ਹਾਈ ਕੋਰਟ ਨੂੰ ਅੰਮ੍ਰਿਤਪਾਲ ਦੀ ਪਟੀਸ਼ਨ 'ਤੇ ਛੇ ਹਫ਼ਤਿਆਂ ਅੰਦਰ ਫੈਸਲਾ ਲੈਣ ਦੀ ਹਦਾਇਤ ਕੀਤੀ ਹੈ। 'ਵਾਰਿਸ ਪੰਜਾਬ ਦੇ' ਸੰਗਠਨ ਦਾ ਮੁਖੀ ਅੰਮ੍ਰਿਤਪਾਲ ਸਿੰਘ ਇਸ ਸਮੇਂ ਐਨਐਸਏ ਅਧੀਨ ਨੌਂ ਸਾਥੀਆਂ ਸਮੇਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ।

# ਪੰਜਾਬ ਸਰਕਾਰ ਵੱਲੋਂ ਬਿਜਲੀ ਕੁਨੈਕਸ਼ਨ ਪ੍ਰਕਿਰਿਆ ਸਰਲ; 50 ਕਿਲੋਵਾਟ ਤੱਕ ਲੋਡ ਵਾਲੇ ਖਪਤਕਾਰਾਂ ਲਈ ਸਵੈ-ਪ੍ਰਮਾਣੀਕਰਨ ਦੀ ਸ਼ੁਰੂਆਤ : ਸੰਜੀਵ ਅਰੋੜਾ



**ਲੁਧਿਆਣਾ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਐਲਾਨ ਕੀਤਾ ਕਿ ਲਾਈਨਮੈਨ ਟਰੇਡ ਵਿੱਚ 2,600 ਅਪ੍ਰੈਂਟਿਸਾਂ ਦੀ ਚੋਣ ਪ੍ਰਕਿਰਿਆ ਸਫਲਤਾਪੂਰਵਕ ਪੂਰੀ ਹੋ ਗਈ ਹੈ, ਜਿਸ ਵਿੱਚ ਪੀਐਸਪੀਸੀਐਲ ਲਈ 2,500 ਅਤੇ ਪੀਐਸਟੀਸੀਐਲ ਲਈ 100 ਅਪ੍ਰੈਂਟਿਸ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸਿਖਲਾਈ ਜਲਦ ਸ਼ੁਰੂ ਕੀਤੀ ਜਾਵੇਗੀ।

ਸ੍ਰੀ ਅਰੋੜਾ ਨੇ ਦੱਸਿਆ ਕਿ ਕਾਰੋਬਾਰ ਕਰਨ ਵਿੱਚ ਸੌਖ ਦੇ ਉਦੇਸ਼ ਨਾਲ ਪੰਜਾਬ ਸਰਕਾਰ ਨੇ ਨਵੇਂ ਬਿਜਲੀ ਕੁਨੈਕਸ਼ਨਾਂ ਅਤੇ ਲੋਡ ਤਬਦੀਲੀਆਂ ਦੀ ਪ੍ਰਕਿਰਿਆ ਸਰਲ ਕਰ ਦਿੱਤੀ ਹੈ। ਹੁਣ 50 ਕਿਲੋਵਾਟ ਤੱਕ ਦੇ ਐਲ.ਟੀ. ਖਪਤਕਾਰਾਂ ਨੂੰ ਕਿਸੇ ਲਾਇਸੰਸਸ਼ੁਦਾ ਠੇਕੇਦਾਰ ਦੀ ਟੈਸਟ ਰਿਪੋਰਟ ਜਮ੍ਹਾਂ ਕਰਨ ਦੀ ਲੋੜ ਨਹੀਂ ਰਹੇਗੀ ਇਸ ਦੀ ਥਾਂ ਉਨ੍ਹਾਂ ਨੂੰ ਸਿਰਫ਼ ਆਨਲਾਈਨ ਸਵੈ-ਘੋਸ਼ਣਾ ਕਰਨੀ ਹੋਵੇਗੀ।

ਉਨ੍ਹਾਂ ਕਿਹਾ ਕਿ ਇਹ ਫੈਸਲਾ ਪਾਰਦਰਸ਼ਤਾ ਵਧਾਉਣ, ਪ੍ਰਕਿਰਿਆ ਦੀ ਦੇਰੀ ਘਟਾਉਣ ਅਤੇ ਖਪਤਕਾਰਾਂ ਲਈ ਸਹੂਲਤ ਵਧਾਉਣ ਵੱਲ ਇਕ ਮਹੱਤਵਪੂਰਨ ਕਦਮ ਹੈ।

ਬਿਜਲੀ ਮੰਤਰੀ ਨੇ ਦੱਸਿਆ ਕਿ ਪੀਐਸਪੀਸੀਐਲ ਨੇ ਅਪ੍ਰੈਂਟਿਸ ਐਕਟ 1961 ਤਹਿਤ ਅਗਲੇ ਸਾਲ ਲਈ ਚੋਣ ਮੁਕੰਮਲ ਕਰ ਲਈ ਹੈ, ਜਿਸ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਤਕਨੀਕੀ ਹੁਨਰ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਮਿਲਣਗੇ।

ਸਿਖਲਾਈ ਦੌਰਾਨ ਅਪ੍ਰੈਂਟਿਸਾਂ ਨੂੰ 7,700 ਪ੍ਰਤੀ ਮਹੀਨਾ ਵਜ਼ੀਫ਼ਾ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਇਹ ਕਦਮ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਿਜ਼ਨ ਅਨੁਸਾਰ ਪੰਜਾਬ ਵਿੱਚ ਖਪਤਕਾਰ-ਪੱਖੀ ਅਤੇ ਵਿਸ਼ਵਾਸ-ਅਧਾਰਤ ਪ੍ਰਸ਼ਾਸਨ ਦੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ।

# ਸੰਗਤਾਂ ਦੀ ਸਹੂਲਤ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਵੀਂ ਬੱਸ ਸੇਵਾ ਦੀ ਸ਼ੁਰੂਆਤ : ਹਰਮੀਤ ਸਿੰਘ ਕਾਲਕਾ



**ਨਵੀਂ ਦਿੱਲੀ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਜਾਣਕਾਰੀ ਦਿੱਤੀ ਕਿ ਸੰਗਤਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਵੀਂ ਬੱਸ ਸੇਵਾ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਸੇਵਾ ਖਾਸ ਤੌਰ 'ਤੇ ਉਹਨਾਂ ਸੰਗਤਾਂ ਲਈ ਸ਼ੁਰੂ ਕੀਤੀ ਗਈ ਹੈ ਜੋ ਦਿੱਲੀ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸਥਿਤ ਗੁਰਦੁਆਰਿਆਂ ਦੇ ਦਰਸ਼ਨ ਲਈ ਆਉਂਦੀਆਂ ਹਨ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਇਸ ਬੱਸ ਸੇਵਾ ਦਾ ਮੰਤਵ ਸੰਗਤਾਂ ਨੂੰ ਸੁਖਦ, ਸੁਰੱਖਿਅਤ ਅਤੇ ਸਹੂਲਤਭਰੀ ਯਾਤਰਾ ਪ੍ਰਦਾਨ ਕਰਨਾ ਹੈ ਤਾਂ ਜੋ ਉਹ ਗੁਰਦੁਆਰਾ ਦਰਸ਼ਨ ਅਤੇ ਗੁਰਮਤਿ ਸਮਾਗਮਾਂ ਵਿੱਚ ਬਿਨਾ ਕਿਸੇ ਦਿੱਕਤ ਸ਼ਾਮਲ ਹੋ ਸਕਣ। ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਵੱਲੋਂ ਸੇਵਾ ਦੇ ਸਿੱਖ ਸਿਧਾਂਤਾਂ ਨੂੰ ਅਮਲ ਵਿੱਚ ਲਿਆਉਂਦਿਆਂ ਸੰਗਤਾਂ ਦੀ ਸੁਖ ਸਹੂਲਤ ਨੂੰ ਹਮੇਸ਼ਾਂ ਪਹਿਲ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸ਼ੁਰੂਆਤੀ ਪੜਾਅ ਵਿੱਚ ਇਹ ਬੱਸ ਸੇਵਾ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਨੂੰ ਜੋੜੇਗੀ, ਜਿਵੇਂ ਕਿ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ, ਗੁਰਦੁਆਰਾ ਬੰਗਲਾ ਸਾਹਿਬ, ਗੁਰਦੁਆਰਾ ਰਕਾਬ ਗੰਜ ਸਾਹਿਬ ਅਤੇ ਗੁਰਦੁਆਰਾ ਸੀਸ ਗੰਜ ਸਾਹਿਬ ਆਦਿ। ਇਸ ਸੇਵਾ ਰਾਹੀਂ ਸੰਗਤਾਂ ਨੂੰ ਧਾਰਮਿਕ ਯਾਤਰਾ ਨਾਲ ਨਾਲ ਗੁਰਮਤਿ ਦੇ ਪ੍ਰੇਰਕ ਸੁਨੇਹਿਆਂ ਨਾਲ ਜੁੜਨ ਦਾ ਮੌਕਾ ਵੀ ਮਿਲੇਗਾ।

ਸਰਦਾਰ ਕਾਲਕਾ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਿਰਫ ਧਾਰਮਿਕ ਕਾਰਜਾਂ ਤੱਕ ਹੀ ਸੀਮਤ ਨਹੀਂ, ਸਗੋਂ ਸਮਾਜਕ ਸੇਵਾ, ਸਿੱਖਿਆ, ਸਿਹਤ ਅਤੇ ਜਨਸੇਵਾ ਦੇ ਹਰ ਖੇਤਰ ਵਿੱਚ ਯੋਗਦਾਨ ਪਾਉਣ ਲਈ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਸਹੂਲਤਾਂ ਰਾਹੀਂ ਸੰਗਤਾਂ ਦਾ ਗੁਰੂਘਰ ਨਾਲ ਜੁੜਾਅ ਹੋਰ ਮਜ਼ਬੂਤ ਹੋਵੇਗਾ।

# ਕਾਬੁਲ (ਅਫਗਾਨਿਸਤਾਨ) ਦੀ ਸਿੱਖ ਸੰਗਤ ਵੱਲੋਂ ਵਿਸ਼ੇਸ਼ ਗੁਰਮਤਿ ਸਮਾਗਮ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਆਯੋਜਿਤ




**ਨਵੀਂ ਦਿੱਲੀ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਜਾਣਕਾਰੀ ਦਿੱਤੀ ਕਿ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੇ ਪਵਿੱਤਰ ਅਵਸਰ ਨੂੰ ਸਮਰਪਿਤ ਇੱਕ ਰੂਹਾਨੀ ਗੁਰਮਤਿ ਸਮਾਗਮ ਗੁਰਦੁਆਰਾ ਸੀਸ ਗੰਜ ਸਾਹਿਬ, ਚਾਂਦਨੀ ਚੌਂਕ ਵਿਖੇ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦਾ ਵਿਸ਼ੇਸ਼ ਆਯੋਜਨ ਕਾਬੁਲ, ਅਫਗਾਨਿਸਤਾਨ ਦੀ ਸਿੱਖ ਸੰਗਤ ਵੱਲੋਂ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕੀਤਾ ਗਿਆ।

ਇਸ ਪਵਿੱਤਰ ਸਮਾਗਮ ਵਿੱਚ ਕਾਬੁਲ ਦੀ ਸੰਗਤ ਵੱਲੋਂ ਸ਼ਰਧਾ ਅਤੇ ਸਤਿਕਾਰ ਭਾਵਨਾ ਨਾਲ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ ਬੇਮਿਸਾਲ ਕੁਰਬਾਨੀ ਅਤੇ ਸਰਬੱਤ ਦੇ ਭਲੇ ਦੀ ਪ੍ਰੇਰਣਾ ਨੂੰ ਯਾਦ ਕੀਤਾ ਗਿਆ। ਗੁਰਬਾਣੀ ਕੀਰਤਨ, ਅਰਦਾਸ ਅਤੇ ਧਾਰਮਿਕ ਬੋਧ ਸਮੇਂ ਗੁਰਮਤਿ ਦੇ ਸੁਨੇਹੇ ਨਾਲ ਹਜ਼ਾਰਾਂ ਸ਼ਰਧਾਲੂਆਂ ਨੇ ਹਾਜ਼ਰੀ ਭਰੀ ਅਤੇ ਆਤਮਕ ਸ਼ਾਂਤੀ ਦਾ ਅਨੁਭਵ ਕੀਤਾ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਇਹ ਸਮਾਗਮ ਸਿਰਫ਼ ਧਾਰਮਿਕ ਭਾਵਨਾ ਦਾ ਪ੍ਰਗਟਾਵਾ ਨਹੀਂ, ਸਗੋਂ ਸਿੱਖ ਪੰਥ ਦੀ ਵਿਸ਼ਵਵਿਆਪੀ ਏਕਤਾ ਅਤੇ ਗੁਰੂ ਘਰ ਪ੍ਰਤੀ ਅਟੱਲ ਸ਼ਰਧਾ ਦਾ ਜੀਵੰਤ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਦੀ ਸਿੱਖ ਸੰਗਤ ਨੇ ਹਮੇਸ਼ਾਂ ਮੁਸ਼ਕਲ ਹਾਲਾਤਾਂ ਵਿੱਚ ਵੀ ਆਪਣੀ ਪਹਿਚਾਣ ਅਤੇ ਗੁਰਮਤਿ ਨਾਲ ਨਿਸ਼ਠਾ ਬਰਕਰਾਰ ਰੱਖੀ ਹੈ, ਜੋ ਸਾਰਿਆਂ ਲਈ ਪ੍ਰੇਰਣਾ ਦਾ ਸਰੋਤ ਹੈ।

ਕਾਲਕਾ ਨੇ ਅੱਗੇ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ ਸ਼ਹੀਦੀ ਸਾਨੂੰ ਧਰਮ, ਸੱਚਾਈ ਅਤੇ ਆਜ਼ਾਦੀ ਦੀ ਰੱਖਿਆ ਲਈ ਅਡੋਲ ਰਹਿਣ ਦੀ ਸਿੱਖਿਆ ਦਿੰਦੀ ਹੈਵੱ।ਲੋਂ

ਇਸ ਸ਼ਹੀਦੀ ਸ਼ਤਾਬਦੀ ਨੂੰ ਯਾਦ ਰੱਖਦਿਆਂ ਵਿਸ਼ਾਲ ਪੱਧਰ 'ਤੇ ਧਾਰਮਿਕ, ਸਮਾਜਿਕ ਅਤੇ ਸਿੱਖਿਆਕਾਰੀ ਸਮਾਗਮਾਂ ਦਾ ਆਯੋਜਨ ਜਾਰੀ ਹੈ।

ਸਮਾਗਮ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ, ਧਾਰਮਿਕ ਆਗੂਆਂ ਅਤੇ ਵਿਦਵਾਨ ਗੁਰਸਿਖਾਂ ਨੇ ਵੀ ਗੁਰੂ ਸਾਹਿਬ ਦੇ ਉਪਦੇਸ਼ਾਂ ਅਤੇ ਬਲੀਦਾਨ ਦੀ ਵਿਸ਼ਵਿਕ ਮਹੱਤਤਾ ਉੱਤੇ ਪ੍ਰਕਾਸ਼ ਪਾਇਆ।

# ਹੈਪੀ ਖੁਸ਼ ਹੋ ਗਿਆ ਦਾ ਗ੍ਰੈਂਡ ਪ੍ਰੀਮੀਅਰ ਸਿਨੇਪੋਲਿਸ, ਗ੍ਰੀਨ ਸਿਟੀ, ਬਠਿੰਡਾ ਵਿਖੇ ਹੋਇਆ



**ਬਠਿੰਡਾ,11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਹੁਤ ਉਡੀਕੀ ਜਾ ਰਹੀ ਪੰਜਾਬੀ ਕਾਮੇਡੀ ਐਂਟਰਟੇਨਰ ਹੈਪੀ ਖੁਸ਼ ਹੋ ਗਿਆ ਦਾ ਗ੍ਰੈਂਡ ਪ੍ਰੀਮੀਅਰ ਦਰਸ਼ਕਾਂ ਦੇ ਭਾਰੀ ਹੁੰਗਾਰੇ ਦੇ ਵਿਚਕਾਰ ਸਿਨੇਪੋਲਿਸ, ਗ੍ਰੀਨ ਸਿਟੀ, ਬਠਿੰਡਾ ਵਿਖੇ ਹੋਇਆ।

ਇਸ ਪ੍ਰੋਗਰਾਮ ਵਿੱਚ ਲੇਖਕ ਅਤੇ ਅਦਾਕਾਰ ਨਰੇਸ਼ ਕਥੂਰੀਆ, ਅਦਾਕਾਰ ਦੀਦਾਰ ਗਿੱਲ, ਨਿਰਦੇਸ਼ਕ ਸ਼ਿਤਿਜ ਚੌਧਰੀ, ਅਤੇ ਨਿਰਮਾਤਾ ਮੁਨੀਸ਼ ਸਾਹਨੀ ਅਤੇ ਸੰਨੀ ਰਾਜ ਸ਼ਾਮਲ ਹੋਏ, ਜਿਨ੍ਹਾਂ ਨੇ ਪ੍ਰੀਮੀਅਰ ਵਿੱਚ ਸ਼ਿਰਕਤ ਕੀਤੀ ਅਤੇ ਪ੍ਰਸ਼ੰਸਕਾਂ ਅਤੇ ਮੀਡੀਆ ਨਾਲ ਗੱਲਬਾਤ ਕੀਤੀ। ਸ਼ਾਮ ਨੂੰ ਇੱਕ ਇਲੈਕਟ੍ਰੀਕਲ ਮਾਹੌਲ ਦੇਖਣ ਨੂੰ ਮਿਲਿਆ ਕਿਉਂਕਿ ਆਉਣ ਵਾਲੀ ਰਿਲੀਜ਼ ਦਾ ਜਸ਼ਨ ਮਨਾਉਣ ਲਈ ਪ੍ਰਸ਼ੰਸਕ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਸਨ।

ਇਸ ਮੌਕੇ ਸੰਗੀਤਕ ਜਾਦੂ ਜੋੜਦੇ ਹੋਏ, ਪ੍ਰਸਿੱਧ ਗਾਇਕ ਅਸ਼ੋਕ ਮਸਤੀ ਅਤੇ ਦੀਪਕ ਢਿੱਲੋਂ ਨੇ ਵੀ ਪ੍ਰੀਮੀਅਰ ਅਤੇ ਪ੍ਰਮੋਸ਼ਨਲ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ, ਜਿਸ ਨਾਲ ਜਸ਼ਨ ਹੋਰ ਵੀ ਯਾਦਗਾਰ ਬਣ ਗਿਆ।

ਹੈਪੀ ਖੁਸ਼ ਹੋ ਗਿਆ ਹਾਸੇ, ਭਾਵਨਾਵਾਂ ਅਤੇ ਆਕਰਸ਼ਕ ਸੰਗੀਤ ਨਾਲ ਭਰਿਆ ਇੱਕ ਪੂਰਾ ਪਰਿਵਾਰਕ ਮਨੋਰੰਜਨ ਹੋਣ ਦਾ ਵਾਅਦਾ ਕਰਦਾ ਹੈ। ਇਹ ਫਿਲਮ ਸਿਨੇਮਾਘਰਾਂ ਵਿੱਚ ਰਿਲੀਜ਼ ਹੋਣ ਲਈ ਪੂਰੀ ਤਰ੍ਹਾਂ ਤਿਆਰ ਹੈ। ਦਰਸ਼ਕ ਇਸ ਹਫਤੇ ਦੇ ਅੰਤ ਵਿੱਚ ਵੱਡੇ ਪਰਦੇ 'ਤੇ ਆਉਣ ਦੇ ਨਾਲ-ਨਾਲ ਮੌਜ-ਮਸਤੀ ਅਤੇ ਖੁਸ਼ੀ ਦੇ ਇੱਕ ਰੋਲਰਕੋਸਟਰ ਦੀ ਉਡੀਕ ਕਰ ਸਕਦੇ ਹਨ ! ਇਸ ਮੌਕੇ ਤੇ ਗ੍ਰੀਨ ਸਿਟੀ ਗਰੁੱਪ ਦੇ ਐਮ.ਡੀ ਡੀ.ਪੀ ਗੋਇਲ, ਵਿਨੋਦ ਸਿੰਗਲਾ, ਪਰਵੀਨ ਗੋਇਲ ਕਾਟਾ, ਨਰੇਸ਼ ਗੋਇਲ ਨੀਤੂ, ਪੰਕਜ ਗੋਇਲ ਡਿੰਪੀ ਰਾਕੇਸ਼ ਗੋਇਲ ਰਾਮਪੁਰਾ, ਡਾ: ਰਾਕੇਸ਼ ਗੋਇਲ, ਗੁਰਦਾਸ ਰਾਏ ਗੋਇਲ ਦੀਪਾਂਸ਼ੂ ਗੋਇਲ, ਪ੍ਰੇਮ ਗੋਇਲ, ਹਨੀ ਗ੍ਰੀਨ ਸਿਟੀ, ਮਨੋਜ ਮਿੱਤਲ, ਨਮਨ ਗੋਇਲ, ਉਰਮਿਲਾ ਗੋਇਲ, ਅਬਸੇਮੁਸ਼ ਗੋਇਲ, ਏ. ਸਿੰਗਲਾ, ਸੰਜੇ ਜੀ ਰਾਮਾ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਤੇ.ਗ ਬਹਾਦੁਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਵਿੱਤਰ ਯਾਤਰਾ

**ਨਵੀਂ ਦਿੱਲੀ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਜਾਣਕਾਰੀ ਦਿੱਤੀ ਕਿ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਅਤੇ ਉਹਨਾਂ ਦੇ ਨਾਲ ਸ਼ਹੀਦ ਹੋਏ 3 ਅਨਿਨ ਸ਼ਹੀਦਾਂ— ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਰਮ ਰੱਖਿਅਕ ਯਾਤਰਾ ਦਾ ਸ਼ੁਭ ਆਰੰਭ 13 ਨਵੰਬਰ 2025 (ਵੀਰਵਾਰ) ਸਵੇਰੇ 9 ਵਜੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਗੁਰਦੁਆਰਾ ਗੁਰੂ ਕੇ ਮਹਿਲ ਤੋਂ ਕੀਤਾ ਜਾਵੇਗਾ।

ਸਰਦਾਰ ਕਾਲਕਾ ਨੇ ਦੱਸਿਆ ਕਿ ਇਹ ਪਵਿੱਤਰ ਯਾਤਰਾ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੇ ਇਲਾਹੀ ਉਪਦੇਸ਼ਾਂ — ਧਰਮ ਦੀ ਰੱਖਿਆ, ਮਨੁੱਖਤਾ ਦੇ ਹੱਕਾਂ ਦੀ ਸੁਰੱਖਿਆ ਅਤੇ ਸੱਚ ਦੀ ਅਡੋਲ ਰਾਹ 'ਤੇ ਚਲਣ — ਦੇ ਸੁਨੇਹੇ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਸਮਰਪਿਤ ਹੈ।

ਉਨ੍ਹਾਂ ਦੱਸਿਆ ਕਿ ਇਹ ਯਾਤਰਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਕਿਲਾ ਆਨੰਦਗੜ੍ਹ ਸਾਹਿਬ, ਪੰਜ ਪਿਆਰਾ ਪਾਰਕ, ਕੀਰਤਪੁਰ ਸਾਹਿਬ, ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ, ਭਰਤਗੜ੍ਹ, ਘਨੌਲੀ, ਮਲਕਪੁਰ, ਗੁਰਦੁਆਰਾ ਭੱਠਾ ਸਾਹਿਬ, ਰੋਪੜ, ਸੋਲਖੀਆਂ ਟੋਲ ਪਲਾਜ਼ਾ, ਕੁਰਾਲੀ, ਪਟਿਆਲਾ, ਖਰੜ, ਸੱਤੇਵਾਲ, ਲਾਂਡਰਾਂ, ਬਨੂੰੜ, ਅਤੇ ਸ਼ੰਭੂ ਬਾਰਡਰ ਰਾਹੀਂ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਵਿਖੇ ਪਹੁੰਚੇਗੀ, ਜਿੱਥੇ ਸੰਗਤਾਂ ਰਾਤਰੀ ਅਰਾਮ ਕਰਨਗੀਆਂ।

ਸਰਦਾਰ ਕਾਲਕਾ ਨੇ ਦੱਸਿਆ ਕਿ ਅਗਲੇ ਦਿਨ 14 ਨਵੰਬਰ 2025 (ਸ਼ੁਕਰਵਾਰ) ਸਵੇਰੇ 9 ਵਜੇ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਤੋਂ ਚਲ ਕੇ ਇਹ ਧਰਮ ਰੱਖਿਅਕ ਯਾਤਰਾ ਅੰਬਾਲਾ ਕੈਂਟ, ਸ਼ਾਹਬਾਦ, ਪਿੱਪਲੀ, ਕੁਰੂਕਸ਼ੇਤਰ, ਤਰਾਵੜੀ, ਕਰਨਾਲ, ਘਰੌਂਡਾ, ਪਾਣੀਪਤ ਟੋਲ, ਸਮਾਲਖਾ, ਸੋਨੀਪਤ, ਕੁੰਡਲੀ, ਸਿੰਘੂ ਬਾਰਡਰ, ਬਾਈਪਾਸ, ਲਿਬਾਸਪੁਰ ਅਤੇ ਗੁਰਦੁਆਰਾ ਮਜਨੂੰ ਕਾ ਟਿਲਾ ਸਾਹਿਬ ਤੋਂ ਹੁੰਦੀ ਹੋਈ ਗੁਰਦੁਆਰਾ ਸੀਸ ਗੰਜ ਸਾਹਿਬ, ਚਾਂਦਨੀ ਚੌਂਕ, ਦਿੱਲੀ ਵਿਖੇ ਪਹੁੰਚੇਗੀ।

ਉਨ੍ਹਾਂ ਕਿਹਾ ਕਿ ਇਹ ਪਵਿੱਤਰ ਯਾਤਰਾ ਸਿਰਫ਼ ਇਤਿਹਾਸਕ ਯਾਦਗਾਰੀ ਨਹੀਂ, ਸਗੋਂ ਸਿੱਖ ਪੰਥ ਦੀ ਸ਼ਾਨ, ਸ਼ਹੀਦੀ ਰੂਹਾਨੀਅਤ ਅਤੇ ਗੁਰੂਘਰ ਨਾਲ ਸੰਬੰਧ ਦੀ ਅਡੋਲ ਪ੍ਰਗਟਾਵਾ ਹੈ।

ਇਸ ਯਾਤਰਾ ਦਾ ਹਰ ਪੜਾਅ ਗੁਰਬਾਣੀ ਦੀ ਧੁਨ, ਸ਼ਬਦ ਕੀਰਤਨ ਅਤੇ ਗੁਰੂ ਮਹਾਰਾਜ ਦੀ ਕਿਰਪਾ ਨਾਲ ਰੂਹਾਨੀ ਜੋਸ਼ ਨਾਲ ਭਰਪੂਰ ਹੋਵੇਗਾ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਪਰਿਵਾਰ ਸਮੇਤ ਇਸ ਧਰਮ ਰੱਖਿਅਕ ਯਾਤਰਾ ਵਿੱਚ ਸ਼ਮੂਲੀਅਤ ਕਰਕੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰਨ।

# ਬੱਸ ਅੱਡੇ ਦੇ ਵੱਖ-ਵੱਖ ਹਿੱਸਿਆਂ ਨੂੰ ਠੇਕੇ 'ਤੇ ਦੇਣ ਦੇ ਮਾਮਲੇ 'ਤੇ ਪੰਜਾਬ ਸਰਕਾਰ ਦਾ ਵੱਡਾ ਬਿਆਨ

**ਕੌਮੀ ਪਤ੍ਰਿਕਾ**

ਚੰਡੀਗੜ੍ਹ 11 ਨਵੰਬਰ। ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਲੁਧਿਆਣਾ ਬੱਸ ਅੱਡੇ ਦੇ ਵੱਖ-ਵੱਖ ਹਿੱਸਿਆਂ ਨੂੰ ਠੇਕੇ 'ਤੇ ਦੇਣ ਸਬੰਧੀ ਪੱਖਪਾਤ ਜਾਂ ਬੇਨਿਯਮੀਆਂ ਦੇ ਦਾਅਵਿਆਂ ਅਤੇ ਖਬਰਾਂ ਨੂੰ ਨਿਰਾਧਾਰ ਦੱਸਦਿਆਂ ਕਿਹਾ ਕਿ ਲੁਧਿਆਣਾ ਬੱਸ ਅੱਡਾ 10 ਦਸੰਬਰ, 2021 ਤੋਂ ਪਹਿਲਾਂ ਓਵਰਆਲ ਠੇਕੇ 'ਤੇ ਸੀ, ਜਦਕਿ ਹੁਣ ਅੱਡੇ ਵੱਖ-ਵੱਖ ਹਿੱਸਿਆਂ ਨੂੰ ਠੇਕੇ 'ਤੇ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਨੀਤੀ ਪਿਛਲੀਆਂ ਸਰਕਾਰਾਂ ਦੇ ਸਮੇਂ ਤੋਂ ਹੀ ਅਪਣਾਈ ਜਾ ਰਹੀ ਹੈ ਅਤੇ ਇਸੇ ਤਰਜ਼ 'ਤੇ ਪੰਜਾਬ ਦੇ ਹੋਰ ਬੱਸ ਅੱਡੇ ਵੀ ਠੇਕੇ 'ਤੇ ਦਿੱਤੇ ਜਾਂਦੇ ਰਹੇ ਹਨ। ਟਰਾਂਸਪੋਰਟ ਮੰਤਰੀ ਨੇ ਸਪੱਸ਼ਟ ਕਰਦਿਆਂ ਅਤੇ ਤੱਥਾਂ ਰਹਿਤ ਤੇ ਗੁੰਮਰਾਹਕੁੰਨ ਪ੍ਰਚਾਰ ਤੋਂ ਗੁਰੇਜ਼ ਕਰਨ ਦੀ ਅਪੀਲ ਕਰਦਿਆਂ ਦੱਸਿਆ ਕਿ ਬੱਸ ਸਟੈਂਡ ਲੁਧਿਆਣਾ ਦੀ ਕੰਸਟਰੱਕਸ਼ਨ ਦਾ ਕੰਮ ਵੈਲਸੰਪਨ ਕੰਪਨੀ ਵੱਲੋਂ ਸਾਲ 2006 ਵਿਚ ਬੀ.ਓ.ਟੀ. (ਬੈਲਟ ਓਪਰੇਟ ਐਂਡ ਟਰਾਂਸਫਰ) ਤੇ ਕੀਤਾ ਗਿਆ ਸੀ। ਇਸ ਕੰਪਨੀ ਵੱਲੋਂ ਸਾਲ 2016 ਤੱਕ ਬੱਸ ਸਟੈਂਡ ਨੂੰ ਬੀ.ਓ.ਟੀ. ਬੇਸਿਜ 'ਤੇ ਚਲਾਇਆ ਗਿਆ। ਇਸ ਤੋਂ ਬਾਅਦ ਬੱਸ ਸਟੈਂਡ ਲੁਧਿਆਣਾ ਸਾਲ 2018 ਵਿਚ ਮੁੜ ਮੈਸ.ਐਲ.ਆਰ.ਵਾਈ ਕੰਪਨੀ ਨੂੰ ਐਮ.ਓ.ਟੀ. (ਮੈਨਟੀਨੈਂਸ ਓਪਰੇਟ ਐਂਡ ਟਰਾਂਸਫਰ) ਦੇ ਅਧਾਰ 'ਤੇ ਠੇਕੇ 'ਤੇ ਦੇ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਸਾਲ 2020 ਵਿਚ ਕਰੋਨਾ ਮਹਾਮਾਰੀ ਆਉਣ ਕਾਰਨ ਮੈਸ.ਐਲ.ਆਰ.ਵਾਈ ਕੰਪਨੀ ਵੱਲੋਂ ਬਣਦੀ ਕਨਸ਼ੈਸ਼ਨ ਫੀਸ ਵਿਭਾਗ ਪਾਸ ਜਮ?ਹਾਂ ਨਹੀ ਕਰਵਾਈ ਗਈ, ਜਿਸ ਕਾਰਨ ਇਸ ਕੰਪਨੀ ਦਾ ਐਗਰੀਮੈਂਟ ਵਿਭਾਗ ਵੱਲੋਂ ਮੁਅੱਤਲ ਕਰਕੇ 10 ਦਸੰਬਰ,2021 ਤੋਂ ਬੱਸ ਸਟੈਂਡ ਲੁਧਿਆਣਾ ਦਾ ਰੱਖ-ਰਖਾਅ ਪਨਬੱਸ ਵੱਲੋਂ ਆਪਣੇ ਪੱਧਰ 'ਤੇ ਕੀਤਾ ਜਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਇਸ ਬੱਸ ਅੱਡੇ ਦੀ ਫੀਸ ਦੀ ਕੁਲੈਕਸ਼ਨ ਵੀ ਵਿਭਾਗ ਵੱਲੋਂ ਆਪਣੇ ਪੱਧਰ 'ਤੇ ਕੀਤੀ ਜਾਂਦੀ ਹੈ। ਇਹ ਅੱਡਾ ਫੀਸ ਕੁਲੈਕਟ ਕਰਨ ਲਈ ਬੱਸ ਸਟੈਂਡ ਦੇ ਵੱਖ-ਵੱਖ ਪੁਆਇੰਟਾਂ 'ਤੇ ਡਿਪੂ ਵੱਲੋਂ 15 ਕਰਮਚਾਰੀਆਂ (ਕੰਡਕਟਰ-ਸਬ ਇੰਸਪੈਕਟਰ) ਨੂੰ ਤੈਨਾਤ ਕੀਤਾ ਗਿਆ ਸੀ। ਇਨ੍ਹਾਂ ਕਰਮਚਾਰੀਆਂ ਵਲੋ ਰੋਜ਼ਾਨਾ ਅੱਡਾ ਫੀਸ ਕੁਲੈਕਟ ਕੀਤੀ ਜਾਂਦੀ ਸੀ ਅਤੇ ਇਨ੍ਹਾਂ ਕਰਮਚਾਰੀਆਂ ਦੀ ਤਨਖਾਹ ਅਤੇ ਸਟੇਸ਼ਨਰੀ ਆਦਿ ਦਾ ਖਰਚਾ ਵੀ ਵਿਭਾਗ ਵੱਲੋਂ ਹੀ ਕੀਤਾ ਜਾਂਦਾ ਸੀ। ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਇਸ ਅੱਡਾ ਫੀਸ ਨੂੰ ਠੇਕੇ 'ਤੇ ਦੇਣ ਲਈ ਮੁੱਖ ਦਫਤਰ ਦੇ ਹੁਕਮਾਂ ਅਨੁਸਾਰ ਡਿਪੂ ਵੱਲੋਂ 8 ਵਾਰ ਆਨਲਾਈਨ ਈ -ਆਕਸ਼ਨ ਕਰਵਾਈ ਗਈ। ਇਸੇ ਤਹਿਤ 1 ਅਗਸਤ, 2025 ਨੂੰ ਈ -ਆਕਸ਼ਨ ਕੀਤੀ ਗਈ। ਇਸ ਆਨਲਾਈਨ ਈ-ਆਕਸ਼ਨ ਵਿਚ ਕੁੱਲ 4 ਬੋਲੀਕਾਰ ਸ਼ਾਮਲ ਹੋਏ ਅਤੇ ਇਨ੍ਹਾਂ 4 ਬੋਲੀਕਾਰਾਂ ਵਿਚੋਂ ਅਰਜਨ ਯਾਦਵ ਐਂਡ ਕੰਪਨੀ ਵੱਲੋਂ ਉਚ ਕੀਮਤ 4401000 ਪਲੱਸ ਜੀ.ਐਸ.ਟੀ. 51,93,180/- ਦੀ ਬੋਲੀ ਲਗਾਈ ਗਈ। ਅਰਜੁਨ ਯਾਦਵ ਐਂਡ ਕੰਪਨੀ ਵੱਲੋਂ ਰਕਮ 100298340/- (ਇਕ ਕਰੋੜ ਦੋ ਲੱਖ ਅਠਾਨਵੇ ਹਜ਼ਾਰ ਤਿੰਨ ਸੋ ਚਾਲੀ ਰੁਪਏ) ਦੋ ਕਿਸ਼ਤਾਂ ਐਡਵਾਂਸ



ਡਿਪੂ ਦੇ ਖਾਤੇ ਵਿਚ ਜਮ?ਹਾਂ ਕਰਵਾ ਦਿੱਤੀਆਂ ਗਈਆਂ ਹਨ। ਅੱਡਾ ਫੀਸ ਦਾ ਕੰਟਰੈਕਟ ਇਸ ਕੰਪਨੀ ਨਾਲ 6 ਮਹੀਨੇ ਦੇ ਸਮੇਂ ਜਾਂ ਓਵਰਆਲ ਬੱਸ ਸਟੈਂਡ ਠੇਕੇ 'ਤੇ ਚੜਨ ਤੋਂ ਪਹਿਲਾਂ ਤੱਕ ਦੇ ਸਮੇਂ ਲਈ ਕੀਤਾ ਗਿਆ ਹੈ। ਐਡਵਾਂਸ ਈ -ਆਕਸ਼ਨ ਦੀ ਇਹ ਸਾਰੀ ਪ੍ਰਕਿਰਿਆ ਸਰਕਾਰੀ ਹਦਾਇਤਾਂ ਅਨੁਸਾਰ ਐਮ.ਐਸ.ਟੀ.ਸੀ. ਕੰਪਨੀ ਵੱਲੋਂ ਕੀਤੀ ਗਈ ਹੈ। ਅੱਡਾ ਫੀਸ ਕੁਲੈਕਸ਼ਨ ਦਾ ਕੰਮ ਠੇਕੇ 'ਤੇ ਦੇਣ ਤੋਂ ਬਾਅਦ ਡਿਪੂ ਦੇ ਜੋ ਕੰਡਕਟਰ ਅਤੇ ਸਬ ਇੰਸਪੈਕਟਰ ਸਟਾਫ ਨੂੰ ਅੱਡਾ ਫੀਸ 'ਤੇ ਲਗਾਇਆ ਗਿਆ ਸੀ, ਉਨ੍ਹਾਂ ਕਰਮਚਾਰੀਆਂ ਨੂੰ ਮੁੜ ਆਪਣੀ ਬਣਦੀ ਡਿਊਟੀ 'ਤੇ ਲਗਾ ਦਿੱਤਾ ਗਿਆ ਹੈ। ਲਾਲਜੀਤ ਸਿੰਘ ਭੁੱਲਰ ਨੇ ਅੱਗੇ ਦੱਸਿਆ ਕਿ ਕੁਸ਼ਲਤਾ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਟਰਾਂਸਪੋਰਟ ਵਿਭਾਗ ਨੇ ਠੇਕੇ ਦੇ ਆਧਾਰ 'ਤੇ ਅੱਡਾ ਦੇਣ ਲਈ ਸੱਤ ਵਾਰ ਈ-ਨਿਲਾਮੀਆਂ ਕੀਤੀਆਂ ਅਤੇ 1 ਅਗਸਤ, 2025 ਨੂੰ ਹੋਈ ਸਭ ਤੋਂ ਤਾਜ਼ਾ ਅੱਠਵੀਂ ਨਿਲਾਮੀ ਵਿਚ ਅਰਜਨ ਯਾਦਵ ਐਂਡ ਕੰਪਨੀ (#156, ਨਿਊ ਗਰੇਨ ਮਾਰਕੀਟ, ਸਾਲਿਮ ਟੱਬਰੀ, ਲੁਧਿਆਣਾ-141008, ਪੰਜਾਬ) ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਵਜੋਂ ਉਭਰੀ। ਇਸ ਤਰ੍ਹਾਂ ਇਕ ਪਾਰਦਰਸ਼ੀ ਅਤੇ ਨਿਰਧਾਰਤ ਪ੍ਰਕਿਰਿਆ ਤੋਂ ਬਾਅਦ, ਸਫਲ ਬੋਲੀਕਾਰ ਨੇ ਬਣਦੀ ਰਾਸ਼ੀ ਜਮ?ਹਾਂ ਕਰਵਾਈ ਹੈ। ਉਨ੍ਹਾਂ ਦੱਸਿਆ ਕਿ ਸਮਝੌਤੇ ਅਨੁਸਾਰ ਠੇਕੇਦਾਰ ਨੇ 1 ਨਵੰਬਰ, 2025 ਤੋਂ ਬੱਸ ਸਟੈਂਡ ਫੀਸ ਇਕੱਠੀ ਕਰਨ ਦਾ ਕੰਮ ਆਪਣੇ ਹੱਥ ਵਿੱਚ ਲੈ ਲਿਆ ਹੈ। ਭੁੱਲਰ ਨੇ ਭਰੋਸਾ ਦਿਵਾਉਂਦਿਆਂ ਕਿਹਾ ਕਿ ਹਰ ਕਦਮ ਬਹੁਤ ਪਾਰਦਰਸ਼ਤਾ ਨਾਲ ਅਤੇ ਨਿਯਮਾਂ ਚੁੱਕਿਆ ਗਿਆ ਹੈ।

## ਪਾਕਿਸਤਾਨ ਨੇ ਡਰੋਨ ਰਾਹੀਂ ਪੰਜਾਬ ਭੇਜੀ 2.8 ਕਿੱਲੋ 'ਆਈਸ', ਅੰਮ੍ਰਿਤਸਰ ਪੁਲਸ ਨੇ ਨਾਕਾਮ ਕੀਤੀ ਸਾਜ਼ਿਸ਼

ਅੰਮ੍ਰਿਤਸਰ 11 ਨਵੰਬਰ। ਅੰਮ੍ਰਿਤਸਰ ਪੁਲਸ ਨੇ ਨਸ਼ਾ ਤਸਕਰੀ ਵਿਰੁੱਧ ਵੱਡੀ ਕਾਮਯਾਬੀ ਹਾਸਲ ਕਰਦਿਆਂ ਪਾਕਿਸਤਾਨ ਤੋਂ ਡਰੋਨ ਰਾਹੀਂ ਭੇਜੀ ਗਈ ਆਈਸ ਡਰੱਗ ਸਮੇਤ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਗੁਰਸੇਵਕ ਅਤੇ ਬਲਜੀਤ ਨਾਂ ਦੇ ਦੋਨਾਂ ਨਸ਼ਾ ਤਸਕਰਾਂ ਕੋਲੋਂ 2 ਕਿੱਲੋ 815 ਗ੍ਰਾਮ ਆਈਸ ਡਰੱਗ ਬਰਾਮਦ ਕੀਤੀ ਹੈ। ਇਹ ਮਾਮਲਾ ਖੇਤਰ ਵਿਚ




ਡਰੋਨ ਰਾਹੀਂ ਹੋ ਰਹੀ ਨਸ਼ੀਲੀ ਵਸਤੂਆਂ ਦੀ ਸਪਲਾਈ ਦੇ ਗੰਭੀਰ ਜਾਲ ਨੂੰ ਬੇਨਕਾਬ ਕਰਦਾ ਹੈ। ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਅੰਮ੍ਰਿਤਸਰ ਪੁਲਸ ਵੱਲੋਂ ਨਸ਼ਾ ਤਸਕਰੀ 'ਤੇ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ। ਇਸ ਕਾਰਵਾਈ ਦੌਰਾਨ ਪੁਲਸ ਨੇ ਤਕਨੀਕੀ ਜਾਣਕਾਰੀ ਅਤੇ ਖ਼ੁਫੀਆ ਇਨਪੁੱਟ ਦੇ ਆਧਾਰ 'ਤੇ ਦੋ ਨੌਜਵਾਨਾਂ ਨੂੰ ਕਾਬੂ ਕੀਤਾ। ਪੁਲਸ ਅਧਿਕਾਰੀ ਨੇ ਦੱਸਿਆ ਕਿ ਦੋਨਾਂ ਕੋਲੋਂ ਪੁੱਛਗਿੱਛ ਜਾਰੀ ਹੈ ਅਤੇ ਇਸ ਗਿਰੋਹ ਦੇ ਹੋਰ ਮੈਂਬਰਾਂ ਬਾਰੇ ਵੀ ਮਹੱਤਵਪੂਰਨ ਖੁਲਾਸੇ ਹੋਣ ਦੀ ਸੰਭਾਵਨਾ ਹੈ। ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਪਾਕਿਸਤਾਨ ਤੋਂ ਡਰੋਨ ਰਾਹੀਂ ਆ ਰਹੀ ਆਈਸ ਡਰੱਗ ਦੀ ਇਹ ਖੇਪ ਕਿੱਥੇ ਪਹੁੰਚਾਉਣੀ ਸੀ ਅਤੇ ਇਸ ਦੇ ਪਿੱਛੇ ਕੌਣ-ਕੌਣ ਸ਼ਾਮਲ ਹੈ, ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਅੰਮ੍ਰਿਤਸਰ ਪੁਲਸ ਨਸ਼ਾ ਮਾਫੀਆ ਵਿਰੁੱਧ ਸਖ਼ਤ ਰੁਖ ਅਖਤਿਆਰ ਕਰ ਚੁੱਕੀ ਹੈ ਅਤੇ ਇਸ ਤਰ੍ਹਾਂ ਦੇ ਤਸਕਰਾਂ ਨੂੰ ਕਿਸੇ ਵੀ ਹਾਲਤ 'ਚ ਬਖ਼ਸ਼ਿਆ ਨਹੀਂ ਜਾਵੇਗਾ।

# ਰਿਲਾਇੰਸ ਇੰਡਸਟਰੀਜ਼ ਨੇ ਰੂਸੀ ਕੱਚੇ ਤੇਲ ਦੀ ਦਰਾਮਦ ਘਟਾਈ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 11 ਨਵੰਬਰ। ਰਿਲਾਇੰਸ ਇੰਡਸਟਰੀਜ਼ ਰੂਸੀ ਕੱਚੇ ਤੇਲ ਦੀ ਸਭ ਤੋਂ ਵੱਡੀ ਖਰੀਦਦਾਰ ਹੈ। ਕੰਪਨੀ ਆਪਣੀ ਰੂਸੀ ਤੇਲ 'ਤੇ ਨਿਰਭਰਤਾ ਨੂੰ ਘਟਾ ਰਹੀ ਹੈ। ਕੰਪਨੀ ਨੇ ਅਕਤੂਬਰ ਵਿੱਚ ਖਰੀਦ ਨੂੰ ਲਗਭਗ ਇੱਕ ਚੌਥਾਈ ਤੱਕ ਘਟਾ ਦਿੱਤਾ ਅਤੇ ਇਹ ਪੱਛਮੀ ਪਾਬੰਦੀਆਂ ਦੀ ਪਾਲਣਾ ਕਾਰਨ ਹੈ, ਤਾਂ ਜੋ ਅਮਰੀਕੀ ਅਤੇ ਯੂਰਪੀ ਬਾਜ਼ਾਰਾਂ ਤੱਕ ਆਪਣੀ ਪਹੁੰਚ ਬਰਕਰਾਰ ਰੱਖ ਸਕੇ। ਸ਼ਿਪਿੰਗ ਡੇਟਾ ਅਤੇ ਜਾਣਕਾਰ ਲੋਕਾਂ ਅਨੁਸਾਰ, ਅਕਤੂਬਰ ਵਿੱਚ ਰਿਲਾਇੰਸ ਦੀ ਰੂਸੀ ਕੱਚੇ ਤੇਲ ਦੀ ਦਰਾਮਦ ਘਟ ਕੇ 534,000 ਬੈਰਲ ਪ੍ਰਤੀ ਦਿਨ ਰਹਿ ਗਈ। ਗਲੋਬਲ ਰੀਅਲ-ਟਾਈਮ ਡੇਟਾ ਅਤੇ ਵਿਸ਼ਲੇਸ਼ਣ ਪ੍ਰਦਾਤਾ Kpler ਦੇ ਅੰਕੜਿਆਂ ਮੁਤਾਬਕ, ਇਹ ਦਰਾਮਦ ਸਤੰਬਰ ਦੇ ਮੁਕਾਬਲੇ 24% ਘੱਟ ਹੈ ਅਤੇ ਅਪ੍ਰੈਲ-ਸਤੰਬਰ ਦੀ ਔਸਤ ਨਾਲੋਂ 23% ਘੱਟ ਹੈ। ਇਸ ਕਟੌਤੀ ਦੇ ਨਤੀਜੇ ਵਜੋਂ, ਰਿਲਾਇੰਸ ਦੀ ਕੱਚੇ ਤੇਲ ਦੀ ਸਲੇਟ ਵਿੱਚ ਰੂਸ ਦਾ ਹਿੱਸਾ, ਜੋ ਸਤੰਬਰ ਵਿੱਚ 56% ਸੀ, ਉਹ ਅਕਤੂਬਰ ਵਿੱਚ ਘਟ ਕੇ 43% ਰਹਿ ਗਿਆ। ਰਿਲਾਇੰਸ ਵੱਲੋਂ ਖਰੀਦ ਵਿੱਚ ਕਟੌਤੀ ਮੁੱਖ ਤੌਰ 'ਤੇ ਡੋਨਾਲਡ ਟਰੰਪ ਦੇ ਦਬਾਅ ਕਾਰਨ ਹੋਈ, ਕਿਉਂਕਿ ਕੰਪਨੀ ਦਾ ਅਮਰੀਕਾ ਵਿੱਚ ਵੱਡਾ ਕਾਰੋਬਾਰ ਹੈ। ਇਸ ਤੋਂ ਇਲਾਵਾ, ਯੂਰਪੀ




ਯੂਨੀਅਨ (5") ਦੀਆਂ ਪਾਬੰਦੀਆਂ ਵੀ ਜਲਦੀ ਹੀ ਲਾਗੂ ਹੋਣ ਵਾਲੀਆਂ ਹਨ। ਰਿਲਾਇੰਸ ਹੁਣ ਰੂਸ ਤੋਂ ਦਰਾਮਦ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀ ਤਿਆਰੀ ਕਰ ਰਹੀ ਹੈ। ਨਵੀਨਤਮ ਅਮਰੀਕੀ ਪਾਬੰਦੀਆਂ ਦੇ ਪ੍ਰਭਾਵ ਕਾਰਨ, ਜਿਸ ਦੀ ਸਮਾਪਤੀ ਮਿਆਦ 21 ਨਵੰਬਰ ਨੂੰ ਖਤਮ ਹੋ ਰਹੀ ਹੈ, ਆਰ.ਆਈ.ਐਲ. ਰੋਸਨੇਫਟ ਅਤੇ ਲੁਕੋਇਲ ਵਰਗੀਆਂ ਪਾਬੰਦੀਸ਼ੁਦਾ ਰੂਸੀ ਸੰਸਥਾਵਾਂ ਤੋਂ ਜ਼ੀਰੋ ਦਰਾਮਦ ਕਰਨ ਦੀ ਤਿਆਰੀ ਕਰ ਰਹੀ ਹੈ। ਰੂਸੀ ਤੇਲ ਦੀ ਘਟਦੀ ਦਰਾਮਦ ਨੂੰ ਪੂਰਾ ਕਰਨ ਲਈ, ਰਿਲਾਇੰਸ ਨੇ ਮੱਧ ਪੂਰਬ 'ਤੇ ਜ਼ਿਆਦਾ ਨਿਰਭਰਤਾ ਦਿਖਾਈ ਹੈ। ਅਕਤੂਬਰ ਵਿੱਚ, ਸਾਊਦੀ ਅਰਬ ਤੋਂ ਸਪਲਾਈ ਵਿੱਚ ਮਹੀਨਾ-ਦਰ-ਮਹੀਨਾ 87% ਦਾ ਭਾਰੀ ਵਾਧਾ ਹੋਇਆ, ਜਦੋਂ ਕਿ ਇਰਾਕੀ ਸਪਲਾਈ ਵਿੱਚ 31% ਦਾ ਵਾਧਾ ਦਰਜ ਕੀਤਾ ਗਿਆ। ਇਨ੍ਹਾਂ ਦੋਵਾਂ ਦੇਸ਼ਾਂ ਦਾ ਰਿਲਾਇੰਸ ਦੀ ਕੁੱਲ ਸਪਲਾਈ ਵਿੱਚ ਹਿੱਸਾ ਵਧ ਕੇ 40% ਹੋ ਗਿਆ, ਜੋ ਪਹਿਲਾਂ 26% ਸੀ। ਇਸੇ ਤਰ੍ਹਾਂ, ਅਮਰੀਕਾ ਤੋਂ ਦਰਾਮਦ ਵੀ ਲਗਭਗ ਦੁੱਗਣੀ ਹੋ ਗਈ, ਜੋ ਰਿਲਾਇੰਸ ਦੀ ਕੁੱਲ ਕੱਚੇ ਤੇਲ ਦੀ ਖਰੀਦ ਦਾ ਲਗਭਗ 10% ਬਣ ਗਈ। ਜਿੱਥੇ ਰਿਲਾਇੰਸ ਆਪਣੀ ਖਰੀਦ ਘਟਾ ਰਹੀ ਹੈ, ਉੱਥੇ ਰੋਸਨੇਫਟ-ਸਮਰਥਿਤ ਨਯਾਰਾ ਐਨਰਜੀ ਨੇ ਇਸ ਦੇ ਉਲਟ ਆਪਣੀ ਖਰੀਦ ਵਧਾ ਦਿੱਤੀ ਹੈ। ਨਯਾਰਾ ਹੁਣ ਪੂਰੀ ਤਰ੍ਹਾਂ ਰੂਸੀ ਤੇਲ ਦੀ ਮਾਤਰਾ 'ਤੇ ਨਿਰਭਰ ਹੋ ਗਈ ਹੈ।

# ਐਡਵੋਕੇਟ ਧਾਮੀ ਸਿਰ ਸ਼ਾਨਦਾਰ ਕਾਰਗੁਜ਼ਾਰੀ ਸਦਕਾ ਸਜਿਆ ਪੰਜਵੀਂ ਵਾਰ ਸ਼ਰੋਮਣੀ ਕਮੇਟੀ ਪ੍ਰਧਾਨਗੀ ਦਾ ਤਾਜ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 11 ਨਵੰਬਰ। ਪੂਰੀ ਦੁਨੀਆ 'ਚ ਵੱਸਦੇ ਸਿੱਖਾਂ ਦੀ ਆਵਾਜ਼ ਬੁਲੰਦ ਕਰਨ ਵਾਲੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਸ਼ਾਨਦਾਰ ਕਾਰਗੁਜਾਰੀ ਸਦਕਾ ਹੀ ਪੰਜਵੀਂ ਵਾਰ ਉਨ੍ਹਾਂ ਸਿਰ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦਾ ਤਾਜ ਸਜਿਆ। ਐਡਵੋਕੇਟ ਧਾਮੀ ਨੇ ਆਪਣੇ ਪਿਛਲੇ ਕਾਰਜਕਾਲ ਦੌਰਾਨ ਪਵਿੱਤਰ ਧਾਰਮਿਕ ਅਸਥਾਨਾ ਦੀ ਸੁਚੱਜੇ ਢੰਗ ਨਾਲ ਸੇਵਾ ਸੰਭਾਲ, ਸੰਗਤਾਂ ਲਈ ਰਿਹਾਇਸ਼, ਲੰਗਰ ਤੇ ਹੋਰ ਸਹੂਲਤਾਂ ਦੇ ਵੱਡੇ ਪ੍ਰਬੰਧ ਕਰਨ ਸਮੇਤ ਪੰਥਕ ਮਸਲਿਆਂ ਨੂੰ ਹੱਲ ਕਰਵਾਉਣ 'ਚ ਵੱਡਾ ਯੋਗਦਾਨ ਪਾਇਆ ਹੈ। ਪੰਜਾਬ 'ਚ ਆਈ ਕੁਦਰਤੀ ਆਫ਼ਤ ਦੌਰਾਨ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਪ੍ਰਭਾਵਤ ਪਰਿਵਾਰਾਂ ਦੀ ਮੱਦਦ ਵਾਸਤੇ ਲੰਗਰ, ਸ਼ੁੱਕੀ ਰਸਦ, ਪੀਣ ਲਈ ਪਾਣੀ, ਦਵਾਈਆਂ, ਡੀਜਲ ਤੇ ਪਸ਼ੂਆਂ ਲਈ ਚਾਰਾ ਪਹੁੰਚਾਉਣ ਦੀ ਨਿਭਾਈ ਸੇਵਾ ਵੀ ਕਦੇ ਭੁਲਾਈ ਨਹੀ ਜਾ ਸਕਦੀ। ਪ੍ਰਧਾਨ ਧਾਮੀ ਵੱਲੋਂ ਬੰਦੀ ਸਿੰਘਾਂ ਦੇ ਹੱਕ 'ਚ ਆਵਾਜ ਬੁਲੰਦ ਕਰਦਿਆਂ ਉਨਾ ਦੀ ਰਿਹਾਈ



ਲਈ ਸਿਆਸੀ, ਧਾਰਮਿਕ ਤੇ ਕਾਨੂੰਨੀ ਪੱਧਰ 'ਤੇ ਪੂਰੀ ਸੰਜੀਦੀਗੀ ਨਾਲ ਯਤਨ ਕੀਤੇ ਜਾ ਰਹੇ ਹਨ ਜਿੰਨਾ ਨਾਲ ਪੂਰੀ ਕੌਮ ਸੁਹਿਰਦਾ ਨਾਲ ਸਹਿਯੋਗ ਕਰ ਰਹੀ ਹੈ। ਸਿੱਖੀ ਦੇ ਪ੍ਰਚਾਰ ਤੇ ਪਸਾਰ ਦੀ ਮੁਹਿੰਮ ਨੂੰ ਦੁਨੀਆ ਦੇ ਕੋਨੇ-ਕੋਨੇ 'ਚ ਪਹੁੰਚਾਉਣ ਵਾਲੇ ਪ੍ਰਧਾਨ ਧਾਮੀ ਦੇ ਯਤਨਾ ਸਦਕਾ ਹੁਣ ਤੱਕ ਵੱਡੀ ਗਿਣਤੀ 'ਚ ਸਿੱਖ ਪਰਿਵਾਰਾਂ ਦੇ ਬੱਚੇ ਨਸ਼ਿਆ ਤੇ ਪ੍ਰਤਿਤਪੁਣੇ ਦਾ ਤਿਆਗ ਕਰਕੇ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਸਿੱਖੀ ਸਰੂਪ 'ਚ ਸੱਜ ਚੁੱਕੇ ਹਨ। ਨਿਮਰਤਾ, ਇਮਾਨਦਾਰੀ ਤੇ ਸਾਦਗੀ ਦੀ ਮਿਸਾਲ ਵਜੋਂ ਜਾਣੇ ਜਾਂਦੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼?ਰੋਮਣੀ ਕਮੇਟੀ ਨਾਲ ਸਬੰਧਤ ਕੰਮਾ ਦੇ ਮਾਮਲੇ 'ਚ ਕਦੇ ਵਿਰੋਧੀਆਂ ਨੂੰ ਵੀ ਨਜ਼ਰ ਅੰਦਾਜ ਨਹੀ ਕੀਤਾ ਸ਼ਾਇਦ ਇਹੋ ਹੀ ਕਾਰਨ ਹੈ ਕਿ ਉਹ ਜਨਰਲ ਇਜਲਾਸ ਦੌਰਾਨ 136 'ਚੋਂ 117 ਮੈਂਬਰਾ ਦੀ ਵੋਟਾਂ ਹਾਂਸਲ ਕਰਨ 'ਚ ਸਫ਼ਲ ਰਹੇ ਹਨ। ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਰੂਪ 'ਚ ਪੰਜਵੀਂ ਵਾਰ ਇਕ ਜ਼ਿੰਮੇਵਾਰ ਤੇ ਦੂਰ ਅੰਦੇਸ਼ੀ ਸੋਚ ਵਾਲਾ ਪ੍ਰਧਾਨ ਮਿਲਣ ਨਾਲ ਦੇਸ਼ ਵਿਦੇਸ਼ 'ਚ ਵੱਸਦੇ ਸਿੱਖਾਂ ਵਿਚ ਭਾਰੀ ਖ਼ੁਸ਼ੀ ਦਾ ਮਾਹੌਲ ਹੈ।

### 48 ਲੱਖ ਰੁਪਏ ਵਾਪਸ ਨਾ ਕਰਨ 'ਤੇ ਧੋਖਾਧੜੀ ਦਾ ਕੇਸ ਦਰਜ

ਲੁਧਿਆਣਾ 11 ਨਵੰਬਰ। 48 ਲੱਖ ਰੁਪਏ ਵਾਪਸ ਨਾ ਕਰਨ ਦੇ ਦੋਸ਼ ਵਿਚ ਕੋਤਵਾਲੀ ਥਾਣੇ ਦੀ ਪੁਲਸ ਨੇ ਮੁਲਜ਼ਮ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਘਾਹ ਮੰਡੀ ਦੀ ਰਹਿਣ ਵਾਲੀ ਪੀੜਤ ਪਿੰਕੀ ਨੇ ਦੱਸਿਆ ਕਿ ਉਸ ਦੀ ਇਕ ਕੱਪੜੇ ਦੀ ਦੁਕਾਨ ਹੈ। ਦੋਸ਼ੀ ਰਾਜੂ, ਜੋ ਕਿ ਸਲੇਮ ਟਾਬਰੀ ਦਾ ਰਹਿਣ ਵਾਲਾ ਹੈ, ਉਸ ਕੋਲ ਕੰਮ ਕਰਦਾ ਸੀ। ਪੀੜਤਾ ਨੇ ਦੱਸਿਆ ਕਿ ਰਾਜੂ ਉਸ ਦਾ ਵਿਸ਼ਵਾਸ ਜਿੱਤਿਆ ਤੇ ਫ਼?ਰ ਉਸ ਤੋਂ 60 ਲੱਖ ਰੁਪਏ ਉਧਾਰ ਲਏ। ਜਿਸ ਵਿਚੋਂ ਉਸ ਨੇ 12 ਲੱਖ ਰੁਪਏ ਵਾਪਸ ਕਰ ਦਿੱਤੇ। ਪਰ ਰਾਜੂ ਨੇ ਬਾਕੀ 48 ਲੱਖ ਰੁਪਏ ਵਾਪਸ ਨਹੀਂ ਕੀਤੇ। ਪੈਸੇ ਮੰਗਣ 'ਤੇ, ਰਾਜੂ ਟਾਲ-ਮਟੋਲ ਕਰਨ ਲੱਗ ਪਿਆ। ਜਿਸ ਤੋਂ ਬਾਅਦ ਉਸ ਨੇ ਪੁਲਸ ਪ੍ਰਸ਼ਾਸਨ ਨੂੰ ਇਨਸਾਫ਼ ਦੀ ਅਪੀਲ ਕੀਤੀ। ਜਾਂਚ ਅਧਿਕਾਰੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਜਾਂਚ ਤੋਂ ਬਾਅਦ, ਪੀੜਤ ਪਿੰਕੀ ਦੇ ਬਿਆਨ 'ਤੇ ਰਾਜੂ ਵਿਰੁੱਧ ਧੋਖਾਧੜੀ ਦੇ ਦੋਸ਼ ਵਿਚ ਕੇਸ ਦਰਜ ਕੀਤਾ ਗਿਆ ਹੈ।

## ਪਰਾਲੀ ਤੋਂ ਗੈਸ ਬਣਾਉਣ ਵਾਲੀ ਕੰਪਨੀ 'ਚ ਤੀਜੀ ਵਾਰ ਲੱਗੀ ਅੱਗ !

ਸੰਗਰੂਰ 11 ਨਵੰਬਰ। ਲਹਿਰਾਗਾਗਾ 'ਚ ਬਰਵੀਓ ਕੰਪਨੀ ਦੇ ਗੁਦਾਮ 'ਚ ਇਕ ਵਾਰ ਫ਼?ਰ ਅੱਗ ਲੱਗ ਗਈ। ਪਿੰਡ ਭੂਟਾਲ ਕਲਾਂ ਵਿਖੇ ਪਰਾਲੀ ਤੋਂ ਗੈਸ ਬਣਾਉਣ ਵਾਲੀ ਕੰਪਨੀ ਬਰਵੀਓ ਦੇ ਗੁਦਾਮ 'ਚ ਅੱਗ ਲੱਗਣ ਦੀ ਇਹ ਪਿਛਲੇ ਇਕ ਮਹੀਨੇ ਦੇ ਅੰਦਰ ਤੀਜੀ ਘਟਨਾ ਹੈ। ਤਿੰਨੋ ਵਾਰ ਹਜ਼ਾਰਾਂ ਗੱਠਾਂ ਸੜ ਕੇ ਹੋਈਆਂ ਹਨ। ਜਾਣਕਾਰੀ ਮੁਤਾਬਕ 25 ਸਤੰਬਰ ਤੇ 5 ਅਕਤੂਬਰ ਨੂੰ ਖੰਡੇਬਾਦ ਰਾਮਗੜ ਸੰਧੂਆਂ ਰੋਡ 'ਤੇ ਸਥਿਤ ਗੁਦਾਮ ਚ ਅੱਗ ਲੱਗ ਗਈ ਸੀ, ਜਿਸ ਦੌਰਾਨ ਹਜ਼ਾਰਾਂ ਗੱਠਾਂ ਪਰਾਲੀ ਸੜ ਕੇ ਸੁਆਹ ਹੋ ਗਈ ਸੀ। 6 ਨਵੰਬਰ ਨੂੰ ਵੀ ਅੱਗ ਲੱਗਣ ਕਾਰਨ ਹਜ਼ਾਰਾਂ ਗੱਠਾਂ ਸੜ ਕੇ ਸੁਆਹ ਹੋ ਗਈਆਂ। ਦੂਜੇ ਪਾਸੇ ਕਿਸਾਨਾਂ ਵੱਲੋਂ ਕੰਪਨੀ ਦੇ ਗੋਦਾਮ ਨੂੰ ਵਾਰ-ਵਾਰ ਅੱਗ ਲੱਗਣ 'ਤੇ ਸਵਾਲ ਵੀ ਖੜ੍ਹੇ ਕੀਤੇ ਜਾ ਰਹੇ ਹਨ। ਉਹ ਪੁੱਛ ਰਹੇ ਹਨ ਕਿ ਇੱਕੋ ਗੋਦਾਮ ਨੂੰ ਵਾਰ-ਵਾਰ ਅੱਗ ਕਿਵੇਂ ਲੱਗ ਰਹੀ ਹੈ? ਉਹ ਇਹ ਵੀ ਪੁੱਛਦੇ ਹਨ ਕਿ ਹਰ ਵਾਰ ਅੱਗ ਪੁਰਾਣੀਆਂ ਗੱਠਾਂ ਨੂੰ ਹੀ ਕਿਉਂ ਲੱਗਦੀ ਹੈ?

### ਨੌਜਵਾਨ ਦਾ ਡੋਪ ਟੈਸਟ ਪਾਜ਼ੇਟਿਵ ਆਉਣ 'ਤੇ ਮਾਮਲਾ ਦਰਜ

ਜ਼ੀਰਕਪੁਰ 11 ਨਵੰਬਰ। ਜ਼ੀਰਕਪੁਰ ਪੁਲਸ ਨੇ ਗਸ਼ਤ ਦੌਰਾਨ ਇਕ ਨੌਜਵਾਨ ਨੂੰ ਕਾਬੂ ਕੀਤਾ, ਜੋ ਨਸ਼ੇ ਦਾ ਆਦੀ ਦੱਸਿਆ ਜਾ ਰਿਹਾ ਹੈ। ਕਾਬੂ ਕੀਤੇ ਨੌਜਵਾਨ ਦੀ ਪਛਾਣ ਗੁਰਜੰਟ ਸਿੰਘ ਵਾਸੀ ਭਬਾਤ ਜ਼ੀਰਕਪੁਰ ਵਜੋਂ ਹੋਈ ਹੈ। ਪੁਲਸ ਵੱਲੋਂ ਉਸ ਦਾ ਡੋਪ ਟੈਸਟ ਕਰਵਾਇਆ ਗਿਆ, ਜੋ ਪਾਜ਼ੇਟਿਵ ਆਉਣ 'ਤੇ ਉਸ ਦੇ ਖ਼?ਲਾਫ਼ ਐੱਨ. ਡੀ. ਪੀ. ਐੱਸ. ਐਕਟ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਜਾਣਕਾਰੀ ਮੁਤਾਬਕ ਪੁਲਸ ਪਾਰਟੀ ਭਬਾਤ ਸਥਿਤ ਖੇਡ ਸਟੇਡੀਅਮ ਨੇੜੇ ਗਸ਼ਤ ਕਰ ਰਹੀ ਸੀ। ਇਸ ਦੌਰਾਨ ਸੂਚਨਾ ਮਿਲੀ ਕਿ ਗੁਰਜੰਟ ਸਿੰਘ ਨਸ਼ੇ ਦਾ ਆਦੀ ਹੈ ਤੇ ਪਿੰਡ ਦੇ ਸ਼ਮਸ਼ਾਨਘਾਟ ਕੋਲ ਨਸ਼ਾ ਕਰਦਾ ਹੈ। ਸੂਚਨਾ ਦੇ ਆਧਾਰ 'ਤੇ ਪੁਲਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਪਰ ਉਸ ਕੋਲੋਂ ਕੋਈ ਵੀ ਨਸ਼ੀਲਾ ਪਦਾਰਥ ਬਰਾਮਦ ਨਹੀਂ ਹੋਇਆ। ਪੁਲਸ ਵੱਲੋਂ ਉਕਤ ਨੌਜਵਾਨ ਨੂੰ ਡੋਪ ਟੈਸਟ ਲਈ ਸਿਵਲ ਹਸਪਤਾਲ ਫ਼ੇਜ਼-6 ਮੋਹਾਲੀ ਲਿਜਾਇਆ ਗਿਆ, ਜਿੱਥੇ ਉਸ ਦਾ ਡੋਪ ਟੈਸਟ ਪਾਜ਼ੇਟਿਵ ਪਾਏ ਗਏ। ਇਸ ਆਧਾਰ 'ਤੇ ਪੁਲਸ ਵੱਲੋਂ ਉਸ ਦੇ ਖ਼?ਲਾਫ਼ ਐੱਨ.ਡੀ.ਪੀ.ਐੱਸ. ਐਕਟ ਅਧੀਨ ਕਾਰਵਾਈ ਕਰਦਿਆਂ ਮਾਮਲਾ ਦਰਜ ਕੀਤਾ ਗਿਆ ਹੈ।

### ਗੈਂਗਸਟਰ ਜੱਗੂ ਭਗਵਾਨਪੁਰੀਆ ਦੀਆਂ ਵਧੀਆਂ ਮੁਸ਼ਕਿਲਾਂ

ਬਟਾਲਾ 11 ਨਵੰਬਰ। ਗੈਂਗਸਟਰ ਜਗਦੀਪ ਸਿੰਘ ਉਰਫ ਜੱਗੂ ਭਗਵਾਨਪੁਰੀਆ ਨੂੰ ਬਟਾਲਾ ਪੁਲਸ ਵੱਲੋਂ ਪ੍ਰੋਡਕਸ਼ਨ ਵਾਰੰਟ 'ਤੇ ਆਸਾਮ ਤੋਂ ਪੰਜਾਬ ਲਿਆਂਦੇ ਜਾਣ ਤੋਂ ਬਾਅਦ ਅੱਜ ਬਟਾਲਾ ਅਦਾਲਤ ਵਿਚ ਪੇਸ਼ ਕੀਤਾ ਗਿਆ। ਪੁਲਸ ਅਧਿਕਾਰੀ ਐੱਸ.ਪੀ. ਗੁਰਪ੍ਰਤਾਪ ਸਿੰਘ ਸਹੋਤਾ ਨੇ ਦੱਸਿਆ ਕਿ ਜੱਗੂ ਭਗਵਾਨਪੁਰੀਆ ਦਾ ਨਾਮ ਬਟਾਲਾ ਦੇ ਥਾਣਾ ਸਿਟੀ ਖੇਤਰ ਵਿੱਚ ਹੋਈ ਕਰਵਾਚੌਥ ਫਾਇਰਿੰਗ ਵਾਰਦਾਤ ਦੇ ਮਾਮਲੇ ਵਿੱਚ ਦਰਜ ਹੈ। ਇਸ ਘਟਨਾ ਵਿੱਚ ਦੋ ਨੌਜਵਾਨਾਂ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ ਸੀ। ਇਸ ਤੋਂ ਪਹਿਲਾਂ ਵੀ ਬਟਾਲਾ ਪੁਲਿਸ ਨੇ ਉਸ ਨੂੰ ਘੁਮਾਣ ਥਾਣੇ ਵਿੱਚ ਦਰਜ ਇਕ ਹੋਰ ਕੇਸ ਵਿੱਚ ਪੁਲਸ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕੀਤੀ ਸੀ। ਹੁਣ ਇਸ ਨਵੇਂ ਮਾਮਲੇ ਵਿੱਚ ਪੁਲਿਸ ਵੱਲੋਂ ਅਦਾਲਤ ਵਿੱਚ ਰਿਮਾਂਡ ਦੀ ਮੰਗ ਕੀਤੀ ਗਈ, ਜਿਸ 'ਤੇ ਅਦਾਲਤ ਨੇ ਜੱਗੂ ਭਗਵਾਨਪੁਰੀਆ ਦਾ 5 ਦਿਨਾਂ ਦਾ ਪੁਲਿਸ ਰਿਮਾਂਡ ਮੰਜ਼ੂਰ ਕੀਤਾ ਹੈ। ਪੁਲਸ ਦਾ ਕਹਿਣਾ ਹੈ ਕਿ ਫਾਇਰਿੰਗ ਮਾਮਲੇ ਦੇ ਪਿੱਛੇ ਦੇ ਕਾਰਣਾਂ ਅਤੇ ਹੋਰ ਸਾਥੀਆਂ ਦੀ ਭੂਮਿਕਾ ਦੀ ਜਾਂਚ ਲਈ ਜੱਗੂ ਤੋਂ ਵਿਸਥਾਰ ਨਾਲ ਪੁੱਛਗਿੱਛ ਕੀਤੀ ਜਾਵੇਗੀ।

# ਭਾਰਤ-ਪਾਕਿਸਤਾਨ ਸਰਹੱਦ ਨੇੜਿਓਂ ਪਾਕਿਸਤਾਨ ਤੋਂ ਆਈ ਹਥਿਆਰਾਂ ਦੀ ਖੇਪ ਬਰਾਮਦ

**ਕੌਮੀ ਪਤ੍ਰਿਕਾ**

ਚੰਡੀਗੜ੍ਹ/ਅੰਮ੍ਰਿਤਸਰ, 11 ਨਵੰਬਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੇ ਚਲਦਿਆਂ ਵੱਡੀ ਸਫਲਤਾ ਤਹਿਤ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਪਾਕਿਸਤਾਨ ਤੋਂ ਚੱਲ ਰਹੇ ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਭਾਰਤ-ਪਾਕਿਸਤਾਨ ਸਰਹੱਦ ਨੇੜੇ ਰਾਵੀ ਦਰਿਆ ਨੇੜਲੇ ਪਿੰਡ ਘੋਨੇਵਾਲ ਤੋਂ ਆਧੁਨਿਕ ਹਥਿਆਰਾਂ ਅਤੇ ਭਾਰੀ ਮਾਤਰਾ ਵਿੱਚ ਗੋਲੀ ਸਿੱਕਾ ਬਰਾਮਦ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਮੰਗਲਵਾਰ ਨੂੰ ਦਿੱਤੀ। ਬਰਾਮਦ ਕੀਤੇ ਗਏ ਹਥਿਆਰਾਂ ਅਤੇ ਗੋਲੀ ਸਿੱਕੇ ਵਿੱਚ 2 ਏਕੇ-ਸੀਰੀਜ਼ ਅਸਾਲਟ ਰਾਈਫਲਾਂ ਦੇ ਸਮੇਤ 8 ਮੈਗਜ਼ੀਨ, ਇੱਕ .30 ਬੋਰ ਪਿਸਤੌਲ ਸਮੇਤ ਦੋ ਮੈਗਜ਼ੀਨ ਅਤੇ .30 ਬੋਰ ਦੇ 50 ਜਿੰਦਾ ਕਾਰਤੂਸ ਅਤੇ 7.62 ਐਮਐਮ ਦੇ 245 ਜਿੰਦਾ ਕਾਰਤੂਸ ਸ਼ਾਮਲ ਹਨ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਸਰਹੱਦੀ ਖੇਤਰਾਂ ਵਿੱਚ ਪਾਕਿ-ਸਮਰਥਿਤ ਅੱਤਵਾਦੀਆਂ ਅਤੇ ਗਿਰੋਹਾਂ ਦੀਆਂ ਆਪਸੀ ਦੁਸ਼ਮਣੀਆਂ ਦੀਆਂ ਵਧ ਰਹੀਆਂ ਗਤੀਵਿਧੀਆਂ ਬਾਰੇ ਹਾਲ ਹੀ ਵਿੱਚ ਪ੍ਰਾਪਤ ਜਾਣਕਾਰੀ ਦੇ ਮੱਦੇਨਜ਼ਰ, ਪੰਜਾਬ ਪੁਲਿਸ ਵੱਲੋਂ ਕੀਤੀ ਗਈ ਇਸ ਫੌਰੀ ਅਤੇ ਮੁਸਤੈਦ ਕਾਰਵਾਈ ਸਦਕਾ ਵੱਡੀ ਵਾਰਦਾਤ ਹੋਣ ਤੋਂ ਟਲ ਗਈ ਹੈ । ਅਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ



ਕਰਦੇ ਹੋਏ, ਡੀ.ਆਈ.ਜੀ. ਬਾਰਡਰ ਰੇਂਜ ਸੰਦੀਪ ਗੋਇਲ ਨੇ ਕਿਹਾ ਕਿ ਸਰਹੱਦ ਪਾਰੋਂ ਆਧੁਨਿਕ ਹਥਿਆਰਾਂ ਦੀ ਖੇਪ ਦੀ ਆਮਦ ਬਾਰੇ ਪੁਖ਼ਤਾ ਇਤਲਾਹ ਤੇ ਕਾਰਵਾਈ ਕਰਦਿਆਂ ਐੱਸ.ਐੱਸ.ਪੀ. ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ ਦੀ ਅਗਵਾਈ ਵਿਚ ਪੁਲਸ ਟੀਮਾਂ ਨੇ ਪਿੰਡ ਘੋਨੇਵਾਲ ਦੇ ਖੇਤਰ ਵਿੱਚ ਤਲਾਸ਼ੀ ਮੁਹਿੰਮ ਵਿੱਢੀ। ਉਨ੍ਹਾਂ ਦੱਸਿਆ ਕਿ ਤਲਾਸ਼ੀ ਦੌਰਾਨ, ਭਾਰਤ-ਪਾਕਿਸਤਾਨ ਸਰਹੱਦ ਦੇ ਨਾਲ ਲੱਗਦੇ ਰਾਵੀ ਦਰਿਆ ਦੇ ਨੇੜਿਓਂ ਆਧੁਨਿਕ ਹਥਿਆਰਾਂ ਅਤੇ ਗੋਲੀ ਸਿੱਕੇ ਵਾਲਾ ਇੱਕ ਬੈਗ ਬਰਾਮਦ ਕੀਤਾ ਗਿਆ। ਐੱਸ.ਐੱਸ.ਪੀ. ਮਨਿੰਦਰ ਸਿੰਘ ਨੇ ਕਿਹਾ ਕਿ ਬਰਾਮਦ ਕੀਤੇ ਗਏ ਹਥਿਆਰਾਂ ਅਤੇ ਗੋਲੀ ਸਿੱਕੇ ਦੇ ਸਰੋਤਾਂ ਅਤੇ ਹਥਿਆਰ ਪਹੰਚਾਏ ਜਾਣ ਵਾਲੇ ਟਿਕਾਣੇ ਦਾ ਪਤਾ ਲਗਾਉਣ ਲਈ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਬਰਾਮਦਗੀਆਂ ਅਤੇ ਗ੍ਰਿਫ਼ਤਾਰੀਆਂ ਹੋਣ ਦੀ ਸੰਭਾਵਨਾ ਹੈ। ਇਸ ਸਬੰਧ ਵਿੱਚ ਐੱਫਆਈਆਰ ਨੰਬਰ 174 ਮਿਤੀ 04/11/2025 ਨੂੰ ਆਰਮਜ਼ ਐਕਟ ਦੀ ਧਾਰਾ 25(8) ਅਤੇ ਬੀਐੱਨਐੱਸ ਦੀ ਧਾਰਾ 113 ਤਹਿਤ ਪੁਲਸ ਸਟੇਸ਼ਨ ਰਾਮਦਾਸ ਵਿਖੇ ਕੇਸ ਦਰਜ ਕੀਤਾ ਗਿਆ ਹੈ।

### ਫਾਜ਼ਿਲਕਾ 'ਚ ਸੜੇ ਹੋਏ ਝੋਨੇ ਦੇ ਖੇਤ ਅੰਦਰੋਂ ਮਿਲਿਆ ਹੈਰੋਇਨ ਦਾ ਪੈਕੇਟ

ਫਾਜ਼ਿਲਕਾ 11 ਨਵੰਬਰ। ਫਾਜ਼ਿਲਕਾ ਦੇ ਭਾਰਤ-ਪਾਕਿਸਤਾਨ ਸਰਹੱਦੀ ਖੇਤਰ 'ਚ ਸੜੇ ਹੋਏ ਝੋਨੇ ਦੇ ਪਰਾਲੀ ਦੇ ਖੇਤ ਵਿੱਚੋਂ ਹੈਰੋਇਨ ਦਾ ਇੱਕ ਪੈਕੇਟ ਮਿਲਿਆ। ਬੀਐੱਸਐੱਫ ਅਤੇ ਪੰਜਾਬ ਪੁਲਸ ਮੌਕੇ 'ਤੇ ਪਹੁੰਚੀ। ਉਨ੍ਹਾਂ ਨੇ ਹੈਰੋਇਨ ਨੂੰ ਜ਼ਬਤ ਕਰ ਲਿਆ ਅਤੇ ਇਲਾਕੇ ਵਿੱਚ ਇੱਕ ਸਾਂਝਾ ਸਰਚ ਆਪ੍ਰੇਸ਼ਨ ਚਲਾਇਆ। ਤਲਾਸ਼ੀ ਦੌਰਾਨ ਹੋਰ ਕੁਝ ਵੀ ਬਰਾਮਦ ਨਹੀਂ ਹੋਇਆ। ਹਾਲਾਂਕਿ, ਪੁਲਸ ਨੇ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਜਲਾਲਾਬਾਦ ਦੇ ਡੀਐੱਸਪੀ ਗੁਰਸੇਵਕ ਸਿੰਘ ਨੇ ਦੱਸਿਆ ਕਿ ਜਲਾਲਾਬਾਦ ਸਦਰ ਪੁਲਸ ਸਟੇਸ਼ਨ ਨੇ ਇਸ ਮਾਮਲੇ ਵਿੱਚ ਕੇਸ ਦਰਜ ਕਰ ਲਿਆ ਹੈ। ਬਰਾਮਦ ਕੀਤੀ ਗਈ ਹੈਰੋਇਨ ਦਾ ਭਾਰ 605 ਗ੍ਰਾਮ ਹੈ। ਹਾਲਾਂਕਿ, ਇਸ ਦੇ ਨਾਲ ਇੱਕ ਟਾਰਚ ਵੀ ਮਿਲੀ ਹੈ। ਇੱਕ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਜਾਂਚ ਚੱਲ ਰਹੀ ਹੈ। ਪੁਲਸ ਨੇ ਆਪਣੇ ਖੁਫੀਆ ਸੂਤਰਾਂ ਨੂੰ ਸਰਗਰਮ ਕਰ ਦਿੱਤਾ ਹੈ। ਜਲਾਲਾਬਾਦ 'ਚ ਭਾਰਤ-ਪਾਕਿਸਤਾਨ ਸਰਹੱਦ 'ਤੇ ਟਾਹਲੀਵਾਲਾ ਬੋਦਲਾ ਪਿੰਡ ਵਿੱਚ ਸੜੇ ਹੋਏ ਝੋਨੇ ਦੇ ਪਰਾਲੀ ਦੇ ਖੇਤ ਵਿੱਚੋਂ ਹੈਰੋਇਨ ਦਾ ਇੱਕ ਪੈਕੇਟ ਮਿਲਿਆ। ਬੀਐੱਸਐੱਫ ਨੇ ਮੌਕੇ 'ਤੇ ਪਹੁੰਚ ਕੇ ਪੁਲਸ ਨੂੰ ਸੂਚਿਤ ਕੀਤਾ। ਬੀਐੱਸਐੱਫ ਨੇ ਪੰਜਾਬ ਪੁਲਸ ਦੇ ਜਵਾਨਾਂ ਨਾਲ ਮਿਲ ਕੇ ਇਲਾਕੇ ਨੂੰ ਸੀਲ ਕਰ ਦਿੱਤਾ ਅਤੇ ਤਲਾਸ਼ੀ ਮੁਹਿੰਮ ਚਲਾਈ।

# ਕਤਲ ਦੇ ਚਾਰ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਤੇ ਜੁਰਮਾਨਾ

**ਕੌਮੀ ਪਤ੍ਰਿਕਾ**

ਲੁਧਿਆਣਾ 11 ਨਵੰਬਰ। ਸਥਾਨਕ ਸਾਰੂ ਮਹਿਤਾ ਕੌਸ਼ਿਕ ਅਦਾਲਤ ਨੇ ਇੱਕ ਵੇਟਰ ਦੇ ਕਤਲ ਮਾਮਲੇ ਵਿੱਚ ਚਾਰ ਲੋਕਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਤਿੰਨ ਦੋਸ਼ੀਆਂ ਨੂੰ 45,000 ਰੁਪਏ ਅਤੇ ਇੱਕ ਨੂੰ 20,000 ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। 6 ਦਸੰਬਰ, 2022 ਨੂੰ, ਪੀਏਯੂ ਪੁਲਸ ਸਟੇਸ਼ਨ ਨੇ ਦੋਸ਼ੀ ਬਲਵਿੰਦਰ ਸਿੰਘ, ਜੋ ਕਿ ਆਜ਼ਮਗੜ੍ਹ, ਉੱਤਰ ਪ੍ਰਦੇਸ਼ ਦਾ ਰਹਿਣ ਵਾਲਾ ਹੈ, ਪਟਨਾ ਦਾ ਰਹਿਣ ਵਾਲਾ ਵਿਕਾਸ ਕੁਮਾਰ ਉਰਫ਼ ਬੋਨਾ, ਮਨਜਿੰਦਰ ਸਿੰਘ ਉਰਫ਼ ਮਨੀ ਸੰਧੂ, ਜੋ ਕਿ ਹੈਬੋਵਾਲ ਖੁਰਦ, ਲੁਧਿਆਣਾ ਦਾ ਰਹਿਣ ਵਾਲਾ ਹੈ ਅਤੇ ਕ੍ਰਿਸ਼ਨ ਕੁਮਾਰ, ਜੋ ਕਿ ਓਂਕਾਰ ਐਨਕਲੇਵ, ਲੁਧਿਆਣਾ ਦਾ ਰਹਿਣ ਵਾਲਾ ਹੈ, ਵਿਰੁੱਧ ਭਾਰਤੀ ਦੰਡ ਸੰਹਿਤਾ ਦੀ ਧਾਰਾ 302 (ਕਤਲ) ਅਤੇ 34 ਤਹਿਤ ਮਾਮਲਾ ਦਰਜ ਕੀਤਾ। ਇਸਤਗਾਸਾ ਪੱਖ ਦੇ ਅਨੁਸਾਰ, ਮ੍ਰਿਤਕ ਵਿੱਕੀ ਦੇ ਭਰਾ, ਸ਼ਿਕਾਇਤਕਰਤਾ ਵਿਜੇ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਨ੍ਹਾਂ ਦੇ ਪਿਤਾ ਰਸੋਈਏ ਵਜੋਂ ਕੰਮ ਕਰਦੇ ਸਨ ਅਤੇ ਉਨ੍ਹਾਂ ਦਾ ਛੋਟਾ ਭਰਾ ਵਿੱਕੀ, ਜੋ ਕਿ ਲਗਭਗ 19 ਸਾਲ ਦਾ ਸੀ, ਠੇਕੇਦਾਰ ਬਲਵਿੰਦਰ ਸਿੰਘ ਅਧੀਨ ਵੇਟਰ ਵਜੋਂ ਕੰਮ ਕਰਦਾ ਸੀ। ਉਸਨੇ ਕਿਹਾ ਕਿ ਵਿੱਕੀ ਦਾ ਬਲਵਿੰਦਰ ਨਾਲ 5,500 ਰੁਪਏ ਦੇ ਬਕਾਏ ਨੂੰ ਲੈ ਕੇ ਝਗੜਾ ਸੀ, ਜਿਸ ਨੂੰ ਠੇਕੇਦਾਰ ਵਾਰ-ਵਾਰ ਬੇਨਤੀ ਕਰਨ ਦੇ ਬਾਵਜੂਦ ਪੂਰਾ ਨਹੀਂ ਕਰ ਰਿਹਾ ਸੀ। 3 ਦਸੰਬਰ ਨੂੰ, ਬਲਵਿੰਦਰ ਸਿੰਘ ਅਤੇ ਉਸਦੇ ਸਾਥੀਆਂ, ਮਨੀ ਸੰਧੂ, ਵਿਕਾਸ ਅਤੇ ਕ੍ਰਿਸ਼ਨਾ ਨੇ ਵਿੱਕੀ ਨੂੰ ਫ਼ੋਨ ਕੀਤਾ ਅਤੇ ਉਸਨੂੰ ਉਸਦੇ ਪੈਸੇ ਲੈਣ ਲਈ ਕਿਹਾ। ਜਦੋਂ ਵਿੱਕੀ ਪਹੁੰਚਿਆ, ਤਾਂ ਉਹਨਾਂ ਦੀ ਉਸ ਨਾਲ ਬਹਿਸ ਹੋ ਗਈ। ਰੌਲਾ ਸੁਣ ਕੇ ਲੋਕ ਮੌਕੇ 'ਤੇ ਇਕੱਠੇ ਹੋ ਗਏ,



ਜਿਸ ਤੋਂ ਬਾਅਦ ਬਲਵਿੰਦਰ ਅਤੇ ਉਸਦੇ ਸਾਥੀ ਚਲੇ ਗਏ। 5 ਦਸੰਬਰ ਨੂੰ, ਉਸਨੇ ਕਿਹਾ ਕਿ ਉਹ ਵਿੱਕੀ ਨਾਲ ਸੈਰ ਕਰਨ ਲਈ ਬਾਹਰ ਸੀ ਜਦੋਂ ਮਨੀ ਸੰਧੂ, ਵਿਕਾਸ ਅਤੇ ਕ੍ਰਿਸ਼ਨਾ ਨੇ ਉਸ 'ਤੇ ਹਮਲਾ ਕਰ ਦਿੱਤਾ। ਵਿਕਾਸ ਅਤੇ ਕ੍ਰਿਸ਼ਨਾ ਨੇ ਵਿੱਕੀ ਨੂੰ ਫੜ ਲਿਆ, ਜਦੋਂ ਕਿ ਮਨੀ ਸੰਧੂ ਨੇ ਉਸਨੂੰ ਚਾਕੂ ਮਾਰ ਦਿੱਤਾ। ਸ਼ਿਕਾਇਤਕਰਤਾ ਨੇ ਕਿਹਾ ਕਿ ਮੁਲਜ਼ਮਾਂ ਨੇ ਉਸਨੂੰ ਉਦੋਂ ਵੀ ਕੁੱਟਿਆ ਜਦੋਂ ਉਹ ਖ਼ੂਨ ਵਹਿ ਰਿਹਾ ਸੀ। ਉਸਨੇ ਕਿਹਾ ਕਿ ਉਸਨੇ ਦਖਲ ਦੇਣ ਦੀ ਕੋਸ਼ਿਸ਼ ਕੀਤੀ, ਪਰ ਮੁਲਜ਼ਮਾਂ ਨੇ ਉਸ 'ਤੇ ਵੀ ਹਮਲਾ ਕਰ ਦਿੱਤਾ। ਬਾਅਦ ਵਿੱਚ, ਜਦੋਂ ਲੋਕ ਇਕੱਠੇ ਹੋਏ, ਮੁਲਜ਼ਮ ਮੌਕੇ ਤੋਂ ਭੱਜ ਗਏ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸਨੇ ਇੱਕ ਗੱਡੀ ਦਾ ਪ੍ਰਬੰਧ ਕੀਤਾ ਅਤੇ ਵਿੱਕੀ ਨੂੰ ਡੀਐੱਮਸੀ ਹਸਪਤਾਲ ਲੈ ਗਿਆ, ਜਿੱਥੇ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਸ ਨੇ ਮੁਲਜ਼ਮਾਂ ਵਿਰੁੱਧ ਮਾਮਲਾ ਦਰਜ ਕੀਤਾ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਜਾਂਚ ਤੋਂ ਬਾਅਦ, ਅਦਾਲਤ 'ਚ ਚਾਰਜਸ਼ੀਟ ਪੇਸ਼ ਕੀਤੀ ਗਈ। ਬਚਾਅ ਪੱਖ ਦੇ ਵਕੀਲਾਂ ਨੇ ਕਿਹਾ ਕਿ ਵਿਜੇ ਸਿੰਘ ਦੇ ਇਸ਼ਾਰੇ 'ਤੇ ਦੋਸ਼ੀਆਂ ਨੂੰ ਝੂਠਾ ਫਸਾਇਆ ਗਿਆ ਸੀ। ਰਿਕਾਰਡ 'ਤੇ ਮੌਜੂਦ ਸਬੂਤਾਂ ਦੀ ਸਮੀਖਿਆ ਕਰਨ ਅਤੇ ਸਰਕਾਰੀ ਵਕੀਲ ਰਮਨਦੀਪ ਕੌਰ ਗਿੱਲ ਦੀਆਂ ਦਲੀਲਾਂ ਸੁਣਨ ਤੋਂ ਬਾਅਦ, ਅਦਾਲਤ ਨੇ ਪਾਇਆ ਕਿ ਇਸਤਗਾਸਾ ਪੱਖ ਦਾ ਗਵਾਹ ਵਿਜੇ ਸਿੰਘ ਘਟਨਾ ਸਥਾਨ 'ਤੇ ਮੌਜੂਦ ਹੋਣਾ ਸਭ ਤੋਂ ਕੁਦਰਤੀ ਗਵਾਹ ਸੀ ਕਿਉਂਕਿ ਉਹ ਆਪਣੇ ਭਰਾ ਵਿੱਕੀ ਨਾਲ ਸੈਰ ਲਈ ਘਰੋਂ ਬਾਹਰ ਆਇਆ ਸੀ।

### ਜੇਲ੍ਹ ਦੀ ਸੁਰੱਖਿਆ ਨੂੰ ਲੱਗੀ ਸੰਨ੍ਹ ! 6 ਕੈਦੀਆਂ ਤੋਂ ਮਿਲੇ 5 ਮੋਬਾਈਲ ਫ਼ੋਨ

ਲੁਧਿਆਣਾ 11 ਨਵੰਬਰ। ਕੇਂਦਰੀ ਜੇਲ੍ਹ ਆਪਣੀ ਢਿੱਲੀ ਸੁਰੱਖਿਆ ਪ੍ਰਣਾਲੀ ਕਾਰਨ ਲਗਾਤਾਰ ਸੁਰਖੀਆਂ ਵਿਚ ਰਹਿੰਦੀ ਹੈ ਅਤੇ ਤਲਾਸ਼ੀ ਦੌਰਾਨ ਮੋਬਾਈਲ ਫੋਨ ਅਤੇ ਹੋਰ ਪਾਬੰਦੀਸ਼ੁਦਾ ਚੀਜ਼ਾਂ ਬਰਾਮਦ ਹੋਣ ਦੀਆਂ ਘਟਨਾਵਾਂ ਲਗਾਤਾਰ ਵੱਧ ਰਹੀਆਂ ਹਨ। ਇਸੇ ਲੜੀ ਤਹਿਤ ਇਕ ਵਾਰ ਫ਼?ਰ ਚੈਕਿੰਗ ਦੌਰਾਨ 6 ਹਵਾਲਾਤੀਆਂ ਤੋਂ 5 ਮੋਬਾਈਲ ਫੋਨ ਬਰਾਮਦ ਕੀਤੇ ਗਏ। ਪੁਲਸ ਨੇ ਸਹਾਇਕ ਸੁਪਰਡੈਂਟ ਸੁਰਜੀਤ ਸਿੰਘ ਦੀ ਸ਼ਿਕਾਇਤ 'ਤੇ ਮੁਲਜ਼ਮਾਂ ਵਿਰੁੱਧ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਜਾਂਚ ਅਧਿਕਾਰੀ ਦਿਨੇਸ਼ ਕੁਮਾਰ ਨੇ ਦੱਸਿਆ ਕਿ ਉਪਰੋਕਤ ਮਾਮਲੇ ਵਿਚ ਨਾਮਜ਼ਦ ਹਵਾਲਾ ਸੰਚਾਲਕਾਂ ਦੀ ਪਛਾਣ ਪ੍ਰਣਵ ਸ਼ਰਮਾ, ਅਜੈ ਕੁਮਾਰ, ਸਲੀਮ ਮੁਹੰਮਦ, ਸਾਸਾ ਸ਼ੁਭਮ, ਚਰਨਜੀਤ ਸਿੰਘ, ਗਗਨਦੀਪ ਸਿੰਘ ਵਜੋਂ ਹੋਈ ਹੈ।